# ਆਜ਼ਾਦੀ ਲਈ ਜੂਝੇ ਮਰਜੀਵੜੇ

# ਨਾਮਧਾਰੀ



ਗੁਰਨਾਮ ਸਿੰਘ 'ਬਿਜਲੀ'

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਆਜ਼ਾਦੀ ਲਈ ਜੂਝੇ ਮਰਜੀਵੜੇ

# ਨਾਮਧਾਰੀ


**ਗੁਰਨਾਮ ਸਿੰਘ 'ਬਿਜਲੀ'**

ਪ੍ਰਧਾਨ

ਸ਼ਬਦ ਸੰਚਾਰ ਸਾਹਿਤਕ ਸੁਸਾਇਟੀ (ਰਜਿ.)

ਮੋਰਿੰਡਾ (ਪੰਜਾਬ)



GOSIYAN

ਗੁਸਈਆਂ ਪਬਲੀਕੇਸ਼ਨ

ਪਟਿਆਲਾ (ਪੰਜਾਬ)





Sri Satguru Jagjit Singh Ji eLibrary NamdhariElibrary@gmail.com

©
ਸਭ ਹੱਕ ਲੇਖਕ ਦੇ ਰਾਖਵੇਂ ਹਨ

ਆਜ਼ਾਦੀ ਲਈ ਜੂਝੇ ਮਰਜੀਵੜੇ
# ਨਾਮਧਾਰੀ

*by*

**Gurnam Singh Bijli'**
PRESIDENT
SHABD SANCHAR SAHITIK SOCIETY
MORINDA (PUNJAB)

**#753, Ward No. 15, Morinda**
**Mobile: 94638-23495**

Nov. 2022
Price: ₹ 150/-

Title designed by
GURINDER SINGH KALSI

Layout Designing
RAHUL COMPUTERS
Sheranwala Gate, Patiala. Ph.: 94649-69740

Published By
GOSYIAN PUBLICATION
6-B, Preet Nagar, Patiala. Ph.: 98767-98233

Produced and Bound in India
All Rights Reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above mentioned publisher of this book.



Sri Satguru Jagjit Singh Ji eLibrary NamdhariElibrary@gmail.com

# ਤਤਕਰਾ


1. ਘਾਲ ਕਮਾਈ 5
2. ਸਤਿਗੁਰੂ ਰਾਮ ਸਿੰਘ ਦੀ ਸ਼ਖਸ਼ੀਅਤ 7
3. ਨਾਮਧਾਰੀ ਸੰਗਰਾਮ ਦੀ ਗਾਥਾ 9
4. ਦੋ ਸ਼ਬਦ 11
5. ਨਾਮਧਾਰੀ ਲਹਿਰ ਦਾ ਮੁੱਢ ਕਿਵੇਂ ਬੱਝਾ 14
6. ਸਤਿਗੁਰੂ ਰਾਮ ਸਿੰਘ ਜੀ 16
7. ਅੰਗਰੇਜ਼ੀ ਸਰਕਾਰ ਦੀਆਂ ਚਾਲਾਂ ਅਤੇ ਪੰਜਾਬ 21
8. ਸ਼ਕਤੀ ਦਾ ਵਾਧਾ 25
9. ਮਲੇਰ਼ਕੋਟਲੇ ਦਾ ਸ਼ਹੀਦੀ ਸਾਕਾ 28
10. ਨਾਮਧਾਰੀ ਸਿੰਘਾਂ ਦਾ ਤੋਪਾਂ ਨਾਲ ਉਡਾਏ ਜਾਣਾ 33
11. ਸਾਕਾ ਮਲੇਰਕੋਟਲੇ ਦਾ ਚਸ਼ਮਦੀਦ ਗਵਾਹ 38
12. ਸਤਿਗੁਰੂ ਹਰੀ ਸਿੰਘ ਜੀ 43
13. ਸਤਿਗੁਰ ਪ੍ਰਤਾਪ ਸਿੰਘ ਜੀ 47
14. ਸ਼ੁੱਧ ਪਾਠ 51
15. ਸਤਿਗੁਰੂ ਜਗਜੀਤ ਸਿੰਘ ਜੀ 52
16. ਕੂਕਿਆਂ (ਨਾਮਧਾਰੀਆਂ) ਦਾ ਦੇਸ਼ ਦੀ ਆਜ਼ਾਦੀ ਵਿੱਚ ਯੋਗਦਾਨ 64




Sri Satguru Jagjit Singh Ji eLibrary NamdhariElibrary@gmail.com

17. ਪੰਜਾਬ ਵਿੱਚ ਮਹਾਨ ਇਨਕਲਾਬ ਦੀ ਪਹਿਲੀ ਜਥੇਬੰਦੀ ਕੂਕਾ ਲਹਿਰ 68
18. ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ 70
19. ਸਲਾਮ ਹੈ ਉਨ ਸ਼ਹੀਦੋਂ ਕੋ 72
20. ਇਸਤਰੀਆਂ ਦਾ ਮੁਕਤੀਦਾਤਾ 74
21. ਚਰਿੱਤਰ ਸ਼ਕਤੀ ਜਗਾਉਣਾ 77
22. ਸਤਿਗੁਰੂ ਰਾਮ ਸਿੰਘ ਦਾ ਦੂਤ ਦਰਬਾਰ ਵਿੱਚ 80
23. ਮਰਜੀਵਾੜਾ 89
24. ਪਾਠਸ਼ਾਲਾ ਤੋਂ ਕਲਤਗਾਹ ਤੱਕ 90
25. ਸਤਿਗੁਰੂ ਰਾਮ ਸਿੰਘ ਜੀ ਅਤੇ ਨੇਪਾਲ ਸਰਕਾਰ 96
26. ਪੰਡਤ ਜਵਾਹਰ ਲਾਲ ਨਹਿਰੂ ਜੀ 98



Sri Satguru Jagjit Singh Ji eLibrary NamdhariElibrary@gmail.com

# ਘਾਲ ਕਮਾਈ

ਇਸ ਪੁਸਤਕ ਵਿੱਚ ਵਿਦਵਾਨ ਲਿਖਾਰੀ ਗੁਰਨਾਮ ਸਿੰਘ ਬਿਜਲੀ ਨੇ ਭਾਰਤ ਦੀ ਅਜ਼ਾਦੀ ਅਤੇ ਸਮਾਜ ਸੁਧਾਰ ਲਈ ਚੱਲੀ ਇਸ ਮਹਾਨ ਲਹਿਰ ਨਾਲ ਸੰਬੰਧਿਤ ਸਮੱਗਰੀ ਦਾ ਸੰਗ੍ਰਹਿ ਕੀਤਾ ਹੈ। ਸਤਿਗੁਰੂ ਰਾਮ ਸਿੰਘ ਜੀ ਤੋਂ ਬਾਅਦ ਦੇ ਗੱਦੀਨਸ਼ੀਨ ਮਹਾਂਪੁਰਸ਼ਾਂ ਦੇ ਸ਼ੁਭ ਕਾਰਜਾਂ ਦਾ ਬ੍ਰਿਤਾਂਤ ਸਿਰਜਿਆ ਗਿਆ ਹੈ। ਲੇਖਕ ਨੇ ਖੋਜੀ ਵਿਦਵਾਨਾਂ ਦੀਆਂ ਲਿਖਤਾਂ ਨੂੰ ਸੂਝ-ਬੂਝ ਨਾਲ ਵਰਤਿਆ ਹੈ।

ਮਲੇਰਕੋਟਲੇ ਦੇ ਦਿਲ ਕੰਬਾਊ ਸਾਕੇ ਵਿੱਚ ਤੋਪਾਂ ਅੱਗੇ ਤੂੰਬਾ-ਤੂੰਬਾ ਹੋ ਕੇ ਹਵਾ ਵਿੱਚ ਉੱਡ ਜਾਣ ਵਾਲੇ ਸੂਰਮਿਆਂ ਦੀ ਗਾਥਾ ਦਾ ਬ੍ਰਿਤਾਂਤ ਨੂੰ ਕੰਡੇ ਖੜ੍ਹੇ ਕਰ ਦੇਣ ਵਾਲਾ ਹੈ। ਬਹਾਦਰ ਬੱਚੇ ਬਿਸ਼ਨ ਸਿੰਘ ਵਲੋਂ ਜ਼ਾਲਮ ਅੰਗਰੇਜ਼ ਡੀ.ਸੀ. ਕਾਵਨ ਦੀ ਦਲੇਰੀ ਨਾਲ ਦਾੜ੍ਹੀ ਫੜਨ ਅਤੇ ਪੁਲਿਸ ਵਲੋਂ ਉਸਦੇ ਟੁਕੜੇ-ਟੁਕੜੇ ਕਰਨ ਦੀ ਗਾਥਾ ਦਾ ਕਹਾਣੀ ਰੂਪ ਪੜ੍ਹ ਕੇ ਅੱਥਰੂ ਨਿਕਲ ਆਉਂਦੇ ਹਨ। ਮਧਰੇ ਕੱਦ ਦੇ ਕੂਕੇ ਵਰਿਆਮ ਸਿੰਘ ਵਲੋਂ ਮਿੱਟੀ ਦੀ ਢੇਰੀ ਬਣਾ ਕੇ ਤੋਪ ਦੇ ਬਰਾਬਰ ਸੀਨਾ ਤਾਣ ਕੇ ਇਸ ਉੱਤੇ ਖੜ੍ਹਨ ਅਤੇ ਟੁਕੜੇ-ਟੁਕੜੇ ਹੋ ਜਾਣ ਦਾ ਬਿੰਬ ਖ਼ੂਨ ਵਿੱਚ ਉਬਾਲੇ ਲਿਆ ਦਿੰਦਾ ਹੈ।

ਪੁਸਤਕ ਵਿੱਚ ਭੈਣੀ ਸਾਹਿਬ ਦਾ ਇਤਿਹਾਸ, ਸਤਿਗੁਰੂ ਹਰੀ ਸਿੰਘ ਜੀ, ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਕੀਤੇ ਮਹਾਨ ਕਾਰਜਾਂ ਦੇ ਵੇਰਵੇ ਦਰਜ ਹਨ।

ਪੰਜਾਬੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਨਾਮਧਾਰੀਆਂ ਵਲੋਂ ਕੀਤੇ ਉਪਰਾਲਿਆਂ ਦਾ ਪੁਸਤਕ ਵਿੱਚ ਉਚੇਚੇ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ।

ਨਾਮਧਾਰੀਆਂ ਵਲੋਂ ਵਿੱਦਿਆ ਦੇ ਖੇਤਰ ਵਿੱਚ ਕੀਤੇ ਜਾ ਰਹੇ ਸ਼ਾਨਦਾਰ ਉਪਰਾਲਿਆਂ, ਭਵਨ ਨਿਰਮਾਣ ਕਲਾ, ਹਾਕੀ ਦੀਆਂ ਜ਼ਬਰਦਸਤ ਟੀਮਾਂ ਤਿਆਰ ਕਰਕੇ ਓਲੰਪਿਕ ਪੱਧਰ ਦੇ ਖਿਡਾਰੀ ਪੈਦਾ ਕਰਨ, ਉੱਨਤ ਖੇਤੀ ਅਤੇ ਬਾਗ਼ਬਾਨੀ ਵਿੱਚ ਵਰਤੀਆਂ ਜਾ ਰਹੀਆਂ ਆਧੁਨਿਕ ਤਕਨੀਕਾਂ ਦੇ ਵੇਰਵੇ ਹੈਰਾਨੀਜਨਕ ਹਨ। ਨਾਮਧਾਰੀਆਂ ਦੇ ਫਾਰਮਾਂ ਵਿੱਚੋਂ ਉੱਨਤ ਕਿਸਮ ਦੇ ਫ਼ਲ ਵਿਦੇਸ਼ਾਂ ਨੂੰ ਭੇਜੇ ਜਾਂਦੇ ਹਨ। ਖੇਤੀ ਅਤੇ ਫ਼ਲਾਂ ਲਈ ਕੇਵਲ ਦੇਸੀ ਖਾਦਾਂ ਤੇ 'ਨਿੰਮ' ਦੀ ਸਪਰੇਅ ਕੀਤੀ ਜਾਂਦੀ ਹੈ। ਨਾਮਧਾਰੀਆਂ ਨੇ ਰੇਤਲੇ ਇਲਾਕੇ ਵਿੱਚ ਵੀ ਅੰਗੂਰ, ਕਿੰਨੂ, ਸੰਤਰੇ, ਮਾਲਟੇ, ਅਨੇਕ ਬੇਰਾਂ ਦੀਆਂ ਕਿਸਮਾਂ ਤੇ ਵੰਨ-ਸੁਵੰਨੇ ਫ਼ੁੱਲਾਂ ਨਾਲ ਖ਼ੂਬਸੂਰਤ ਬਗ਼ੀਚੇ ਸਿਰਜ ਦਿੱਤੇ ਹਨ।



Sri Satguru Jagjit Singh Ji eLibrary NamdhariElibrary@gmail.com

ਭੈਣੀ ਸਾਹਿਬ ਦੇ "ਸੀਡਜ਼ ਪ੍ਰਾਈਵੇਟ ਫਾਰਮ" ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸਿੱਧ ਹੈ। ਇਹ ਆਮਦਨ ਦਾ ਵੱਡਾ ਵਸੀਲਾ ਵੀ ਹੈ। ਲੁਧਿਆਣੇ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ ਵਿੱਚ ਆਧੁਨਿਕ ਤਕਨੀਕਾਂ ਅਤੇ ਮਾਹਰ ਡਾਕਟਰ ਉਪਲੱਬਧ ਹਨ।

ਅੰਗਰੇਜ਼ ਖ਼ਿਲਾਫ਼ ਅੰਦੋਲਨ ਵਿੱਚ ਨਾਮਧਾਰੀਆਂ ਨੇ ਅੰਗਰੇਜ਼ੀ ਦਾ ਮੁਕੰਮਲ ਬਾਈਕਾਟ ਕੀਤਾ ਸੀ। ਹੁਣ ਨਾਮਧਾਰੀਆਂ ਵਲੋਂ ਸੰਸਾਰ ਦੀ ਲਿੰਕ ਭਾਸ਼ਾ ਹੋਣ ਕਾਰਨ ਅੰਗਰੇਜ਼ੀ ਤੋਂ ਲਾਭ ਉਠਾਉਣ ਦੀ ਤਰਕਸੰਗਤ ਵਿਆਖਿਆ ਲੇਖਕ ਨੇ ਕੀਤੀ ਹੈ। ਗੁਰਬਚਨ ਸਿੰਘ ਕੂਕੇ ਵਲੋਂ ਅੰਗਰੇਜ਼ ਹਕੂਮਤ ਖ਼ਿਲਾਫ਼ ਰੂਸ ਤੋਂ ਮਦਦ ਲੈਣ ਲਈ ਰੂਸ ਦੀ ਯਾਤਰਾ ਕਰਨ ਦੇ ਵੇਰਵੇ ਦਿਲਚਸਪੀ ਭਰੇ ਅਤੇ ਉਸਦੇ ਸਿਰੜ ਦੀ ਕਹਾਣੀ ਬਿਆਨ ਕਰ ਰਹੇ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਬਹੁਤ ਵੱਡੇ ਸੰਗੀਤਕਾਰ ਵੀ ਸਨ। ਸੰਗੀਤ ਨੂੰ ਭਗਤੀ ਨਾਲ ਇਕਸੁਰ ਕਰਨ, ਭਾਰਤ ਦੇ ਵੱਡੇ ਸੰਗੀਤ ਅਚਾਰੀਆਂ ਦੇ ਨਾਮਧਾਰੀਆਂ ਵਲੋਂ ਮਾਣ-ਸਨਮਾਨ ਕਰਨ ਦੇ ਵੇਰਵੇ ਦਿੱਤੇ ਗਏ ਹਨ। ਸੰਗੀਤ ਨਾਮਧਾਰੀਆਂ ਦੀ ਰੂਹ ਨਾਲ ਅਭੇਦ ਹੈ।

ਪੰਡਿਤ ਜਵਾਹਰ ਲਾਲ ਨਹਿਰੂ, ਖੁਸ਼ਵੰਤ ਸਿੰਘ, ਹਰਿਕ੍ਰਿਸ਼ਨ ਸਿੰਘ ਸੁਰਜੀਤ, ਸੁਭਾਸ਼ ਚੰਦਰ ਬੋਸ ਵਰਗੀਆਂ ਪ੍ਰਸਿੱਧ ਹਸਤੀਆਂ ਦੇ ਕੂਕਾ ਅੰਦੋਲਨ ਬਾਰੇ ਕਥਨਾਂ ਨੂੰ ਦਰਜ ਕਰਕੇ ਇਸ ਲਹਿਰ ਦੀ ਮਹਾਨਤਾ ਦਾ ਬਿੰਬ ਸਿਰਜਿਆ ਗਿਆ ਹੈ।

ਇਸ ਪੁਸਤਕ ਵਿੱਚ ਨਾਮਧਾਰੀਆਂ ਦੇ ਸਿਧਾਂਤ, ਇਤਿਹਾਸ ਅਤੇ ਜੀਵਨ ਦੇ ਖੇਤਰ ਵਿੱਚ ਮਾਰੀਆਂ ਮੱਲਾਂ ਦਾ ਖ਼ੂਬਸੂਰਤ ਵਰਨਣ ਇਸ ਕੌਮ ਦੀ ਮਾਣਮੱਤੀ ਕਹਾਣੀ ਕਹਿ ਰਿਹਾ ਹੈ। ਕਈ ਥਾਂ ਦੂਹਰਾ ਹੈ ਇਸ ਦੇ ਬਾਵਜੂਦ ਖੋਜੀ ਵਿਦਵਾਨਾਂ ਦੁਆਰਾ ਲਿਖੀ ਜਾਣਕਾਰੀ ਨੂੰ ਪ੍ਰਬੁੱਧ ਵਿਦਵਾਨ ਗੁਰਨਾਮ ਸਿੰਘ 'ਬਿਜਲੀ' ਜੀ ਨੇ ਲਗਨ ਤੇ ਕਰੜੀ ਘਾਲਣਾ ਨਾਲ ਸੰਗ੍ਰਿਹਤ ਕਰਕੇ ਪੁਸਤਕ ਰੂਪ ਵਿੱਚ ਪੇਸ਼ ਕੀਤਾ ਹੈ। ਭਾਸ਼ਾ ਦੇ ਕਈ ਥਾਂ ਸੁੰਦਰ ਨਮੂਨੇ ਸੋਨੇ 'ਤੇ ਸੁਹਾਗੇ ਦਾ ਕਾਰਜ ਕਰ ਰਹੇ ਹਨ। ਨਾਮਧਾਰੀ ਕੌਮ ਨੂੰ ਸਮਝਣ ਅਤੇ ਉਹਨਾਂ ਦੀਆਂ ਵਿਭਿੰਨ ਖੇਤਰਾਂ ਵਿੱਚ ਸ਼ਲਾਘਾਯੋਗ ਪ੍ਰਾਪਤੀਆਂ ਨਾਲ ਭਰਪੂਰ ਇਹ ਪੁਸਤਕ ਮੁੱਲਵਾਨ, ਪੜ੍ਹਨਯੋਗ ਅਤੇ ਕਈ ਨਵੇਂ ਤੱਥਾਂ ਨੂੰ ਪੇਸ਼ ਕਰਨ ਵਾਲੀ ਗੌਰਵਸ਼ਾਲੀ, ਸਵਾਗਤਯੋਗ ਕ੍ਰਿਤ ਹੈ।

ਇਸ ਸ਼ੁਭ ਕਾਰਜ ਲਈ ਲੇਖਕ ਗੁਰਨਾਮ ਸਿੰਘ 'ਬਿਜਲੀ' ਵਧਾਈ ਅਤੇ ਸ਼ਲਾਘਾ ਦੇ ਪੂਰਨ ਹੱਕਦਾਰ ਹਨ।

**ਡਾ. ਰਾਜਿੰਦਰ ਸਿੰਘ ਕੁਰਾਲੀ**
**7009356607**


Sri Satguru Jagjit Singh Ji eLibrary NamdhariElibrary@gmail.com

# ਸਤਿਗੁਰੂ ਰਾਮ ਸਿੰਘ ਦੀ ਸ਼ਖਸ਼ੀਅਤ

ਸਤਿਗੁਰੂ ਰਾਮ ਸਿੰਘ ਜੀ ਅੰਦਰ ਸੁਤੰਤਰਤਾ ਦੀ ਲਾਟ ਦੀ ਪ੍ਰਚੰਡਤਾ ਸੀ। ਖ਼ਾਲਸੇ ਦੇ ਬੋਲਬਾਲੇ ਦਾ ਸੁਪਨਾ ਸੀ। ਧਰਮ ਦੇ ਅਰਥਾਂ ਦੀ ਵਿਆਪਕਤਾ ਸੀ। ਸਿਮਰਨ ਦੀ ਅਪਾਰ ਬਰਕਤ ਅਤੇ ਗੁਰਬਾਣੀ ਦੇ ਚਾਨਣ ਦੀ ਅਗਵਾਈ ਸੀ। ਸਮਾਜ ਵਿੱਚੋਂ ਭੈ ਅਤੇ ਕੁਰੀਤੀਆਂ ਖ਼ਤਮ ਕਰਨ ਦੀ ਚੁਣੌਤੀ ਸੀ। ਅੰਗਰੇਜ਼ੀ ਸਾਮਰਾਜ ਦੇ ਸ਼ੋਸ਼ਣ ਨੂੰ ਠੱਲ ਪਾਉਣ ਦਾ ਜਜ਼ਬਾ ਸੀ। ਸ਼ਰਧਾ ਨੂੰ ਸੁਧਾਰ ਵੱਲ ਤੋਰਨ ਦੀ ਪ੍ਰਵਿਬੱਧਤਾ ਸੀ। ਜ਼ਿੰਦਗੀ ਵਿੱਚ ਠਾਠ-ਬਾਠ ਦੀ ਥਾਂ ਸਾਦਗੀ ਤੇ ਨਿਰਮਲਤਾ ਦਾ ਸੁਨੇਹਾ ਸੀ। ਨਾਰੀ ਨੂੰ ਅਬਲਾ ਦੀ ਥਾਂ ਸਿਰ ਚੁੱਕ ਕੇ ਤੁਰਨ ਅਤੇ ਸਿੱਖਿਅਤ ਹੋਣ ਦੀ ਪ੍ਰੇਰਨਾ ਸੀ।

ਸਤਿਗੁਰੂ ਰਾਮ ਸਿੰਘ ਜੀ ਦਾ ਜੀਵਨ ਹਨ੍ਹੇਰਿਆਂ ਖ਼ਿਲਾਫ਼ ਸੰਗਰਾਮ ਸੀ। ਅੰਦੋਲਨ ਚਲਾਉਣ ਦੀ ਅਲੋਕਾਰੀ ਸੀ। ਇਸੇ ਕਾਰਨ ਅੰਗਰੇਜ਼ਾਂ ਜਿਹੀ ਤੇਜ਼-ਤਰਾਰ ਸ਼ਕਤੀ ਨੂੰ ਵੀ ਕੂਕਾ ਅੰਦੋਲਨ ਨੇ ਵਕਤ ਪਾ ਦਿੱਤਾ। ਅੰਗਰੇਜ਼ੀ ਸਾਮਰਾਜ ਦਾ ਸਿੰਘਾਸਨ ਹਿੱਲ ਗਿਆ। "ਰਾਜ ਮੁੱਕ ਜੂ ਫਿਰੰਗੀਆ ਤੇਰਾ, ਕੂਕੇ ਤੈਥੋਂ ਨਹੀਂ ਮੁੱਕਣੈ" ਦੇ ਵਿਸ਼ਵਾਸ਼ ਨਾਲ ਅਜ਼ਾਦੀ ਦੇ ਪਰਵਾਨੇ ਨਾਮਧਾਰੀ ਸਿੰਘ ਉਹਨਾਂ ਨੂੰ ਖ਼ਤਰਨਾਕ ਦਿਖਾਈ ਦੇਣ ਲੱਗੇ।

ਸਿੱਖ ਕੋਲ ਤੇਗ ਦੀ ਚਮਕ, ਚਿੰਤਨ ਦੇ ਚਿਰਾਗ, ਗੁਰੂ ਦੀ ਸਿੱਖਿਆ ਦੇ "ਮਤਿ ਵਿਚਿ ਰਤਨ ਜਵਾਹਰ ਮਾਣਿਕ", ਸੇਵਾ ਦੀ ਭਾਵਨਾ, ਚਰਿੱਤਰ ਦੀ ਪਾਵਨਤਾ ਅਤੇ ਜ਼ੁਲਮ ਲਈ ਵੰਗਾਰ ਹੈ। ਮਾਨਵਤਾ ਨਾਲ ਧੱਕੇ ਨੂੰ ਉਹ ਕਿਸੇ ਕੀਮਤ 'ਤੇ ਬਰਦਾਸ਼ਤ ਕਰਨ ਲਈ ਤਿਆਰ ਨਹੀਂ। ਭੇਦ-ਭਾਵ ਤੇ ਬੇਈਮਾਨੀ ਤੋਂ ਉਹ ਕੋਹਾਂ ਦੂਰ ਰਹਿੰਦਾ ਹੈ। ਉਸ ਅੰਦਰ ਇਕੱਲਿਆਂ ਹੀ ਸੱਚ ਲਈ ਵਾਹਿਗੁਰੂ ਦੀ ਓਟ ਲੈ ਕੇ ਸਵਾ ਲੱਖ ਨਾਲ ਜੂਝਣ ਦਾ ਚਾਅ ਹੈ। ਮੌਤ ਦੇ ਡਰ ਦੀ ਥਾਂ ਸ਼ਹੀਦੀ ਦਾ ਗੌਰਵ ਹੈ। ਨਾਰੀ ਦੇ ਸਤਿਕਾਰ ਦੀ ਤਹਿਜ਼ੀਬ ਅਤੇ ਗ਼ਰੀਬਾਂ ਦੇ ਹੰਝੂ ਪੂੰਝਣ ਦੀ ਸੰਵੇਦਨਾ ਉਸ ਦੀ ਵਿਸ਼ੇਸ਼ਤਾ ਹੈ।

ਨਾਮਧਾਰੀਆਂ ਦੇ ਜ਼ਬਰਦਸਤ ਵਿਰੋਧ ਤੋਂ ਅੰਗਰੇਜ਼ਾਂ ਨੂੰ ਸਾਫ਼ ਦਿੱਸਣ ਲੱਗਾ ਕਿ ਨਾਮਧਾਰੀ ਕਿਸੇ ਕੀਮਤ 'ਤੇ ਵੀ ਅੰਗਰੇਜ਼ਾਂ ਦੇ ਵਫ਼ਾਦਾਰ ਨਹੀਂ ਬਣਨਗੇ। ਉਹ ਆਜ਼ਾਦੀ ਨੂੰ ਪਿਆਰ ਕਰਨ ਵਾਲੇ ਮਰਜੀਵੜੇ ਹਨ।



Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਜੀ ਵਲੋਂ ਚਲਾਈ ਸਮਾਜ ਸੁਧਾਰ ਦੀ ਲਹਿਰ ਅਤੇ ਅਜ਼ਾਦੀ ਲਈ ਚਲਾਏ ਨਾਮਿਲਵਰਤਣ ਅੰਦੋਲਨ ਨੇ ਅੰਗਰੇਜ਼ਾਂ ਨੂੰ ਹਿਲਾ ਕੇ ਰੱਖ ਦਿੱਤਾ। ਕੂਕੇ ਦੂਜੇ ਦੇਸ਼ਾਂ ਅਤੇ ਸੈਨਾ ਵਿਚਲੇ ਸਿੱਖਾਂ ਨਾਲ ਸੰਪਰਕ ਕਰਕੇ ਵਿਉਂਤਾਂ ਘੜ ਰਹੇ ਸਨ। ਅੰਗਰੇਜ਼ਾਂ ਨੇ ਇਸ ਜ਼ਬਰਦਸਤ ਲਹਿਰ ਨੂੰ ਕੁਚਲਣ ਲਈ ਸ਼ਾਤਰ ਚਾਲ ਚੱਲੀ ਜੋ ਇਸ ਪੁਸਤਕ ਵਿੱਚ ਵਿਸਥਾਰ ਨਾਲ ਦਰਜ ਹੈ।

**ਡਾ. ਰਾਜਿੰਦਰ ਸਿੰਘ ਕੁਰਾਲੀ**
**7009356607**



Sri Satguru Jagjit Singh Ji eLibrary NamdhariElibrary@gmail.com

## ਨਾਮਧਾਰੀ ਸੰਗਰਾਮ ਦੀ ਗਾਥਾ

ਸਤਿਗੁਰੂ ਰਾਮ ਸਿੰਘ ਜੀ ਭਾਰਤ ਹੀ ਨਹੀਂ, ਵਿਦੇਸ਼ਾਂ ਵਿੱਚ ਵੀ ਸਤਿਕਾਰਤ, ਸਨਮਾਨਿਤ ਤੇ ਪੂਜਨੀਕ ਸ਼ਖਸੀਅਤ ਦੇ ਰੂਪ ਵਿੱਚ ਜਾਣੇ ਜਾਂਦੇ ਹਨ। ਜਵਾਨੀ ਵਿੱਚ ਹੀ 'ਸਤਿਗੁਰ' ਮਹਾਰਾਜਾ ਰਣਜੀਤ ਸਿੰਘ ਦੇ ਸਪੁੱਤਰ ਕੰਵਰ ਨੌਨਿਹਾਲ ਦੀ ਅਗਵਾਈ ਵਾਲੇ ਤੋਪਖ਼ਾਨੇ ਵਾਲੀ ਪਲਟਨ ਨੂੰ ਤਿਆਗ ਕੇ ਬਾਬਾ ਬਾਲਕ ਸਿੰਘ ਤੋਂ ਸਿੱਖਿਆ-ਦੀਖਿਆ ਲੈ ਕੇ ਭੈਣੀ ਸਾਹਿਬ ਆ ਗਏ। ਇੱਥੇ ਹੀ ਉਹਨਾਂ ਨੇ 1857 ਦੀ ਵਿਸਾਖੀ ਨੂੰ ਖੰਡੇ-ਬਾਟੇ ਦਾ ਅੰਮ੍ਰਿਤ ਛਕਾ ਕੇ ਅਜਿਹੇ ਸੱਚੇ-ਸੁੱਚੇ ਅਤੇ ਪਵਿੱਤਰ ਜੀਵਨ ਦੇ ਧਾਰਨੀਆਂ ਦੀ ਜਮਾਤ ਤਿਆਰ ਕੀਤੀ ਜੋ ਸੰਸਾਰ ਭਰ ਵਿੱਚ 'ਨਾਮਧਾਰੀ' ਦੇ ਨਾਂ ਨਾਲ ਜਾਣੀ ਤੇ ਦੁੱਧ ਚਿੱਟੇ ਵਸਤਰਾਂ ਵਿੱਚ ਪਛਾਣੀ ਜਾਂਦੀ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਨਾਮ ਕਰਨ ਵਾਲੀ ਜਮਾਤ ਨੂੰ ਅਜਿਹੇ ਸਖ਼ਤ ਨਿਯਮਾਂ ਵਿੱਚ ਬੰਨ੍ਹਿਆ ਤੇ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਅੰਗਰੇਜ਼ਾਂ ਵਿਰੁੱਧ ਨੀਤੀ ਤਹਿਤ ਅੰਦੋਲਨ ਚਲਾਇਆ। ਇਸ ਕਾਰਜ ਦੀ ਪੂਰਤੀ ਹਿੱਤ ਅੰਗਰੇਜ਼ਾਂ ਵਿਰੁੱਧ 'ਨਾ-ਮਿਲਵਰਤਣ' ਅੰਦੋਲਨ ਨੂੰ ਵੱਡੇ ਹਥਿਆਰ ਦੇ ਰੂਪ ਵਿੱਚ ਵਰਤਣ ਵਾਲੇ ਪ੍ਰਥਮ ਭਾਰਤੀ ਸੁਤੰਤਰਤਾ ਸੰਗਰਾਮੀ ਸਤਿਗੁਰੂ ਰਾਮ ਸਿੰਘ ਜੀ ਹਨ। ਉਹਨਾਂ ਨੇ ਖਾਣ-ਪੀਣ, ਪਹਿਨਣ, ਯਾਤਾਯਾਤ (ਰੇਲ), ਚਿੱਠੀ-ਪੱਤਰ (ਡਾਕ-ਤਾਰ) ਅਤੇ ਲੜਾਈ-ਝਗੜਿਆਂ ਦੇ ਨਿਪਟਾਰੇ (ਅਦਾਲਤਾਂ) ਨੂੰ ਆਪਣੀ ਸੰਪਰਦਾਇ ਦੇ ਨਿਯਮਾਂ ਤਹਿਤ ਆਪ ਚਲਾਈਆਂ। ਅੰਗਰੇਜ਼ਾਂ ਵੱਲੋਂ ਪ੍ਰਦਾਨ ਹਰ ਸੁੱਖ-ਸਹੂਲਤ ਦਾ ਮੁਕੰਮਲ ਬਾਈਕਾਟ ਕੀਤਾ। ਇਸ ਸੰਦਰਭ ਵਿੱਚ ਪੰਡਿਤ ਜਵਾਹਰ ਲਾਲ ਨਹਿਰੂ ਜੀ ਸਤਿਗੁਰੂ ਰਾਮ ਸਿੰਘ ਜੀ ਨੂੰ ਵਿਸ਼ੇਸ਼ ਮਾਣ-ਸਤਿਕਾਰ ਦਿੰਦਿਆਂ ਲਿਖਦੇ ਹਨ ਕਿ "ਸਤਿਗੁਰੂ ਰਾਮ ਸਿੰਘ ਜੀ ਨੇ ਨਾ-ਮਿਲਵਰਤਣ ਲਹਿਰ ਅਤੇ ਦੇਸ਼ ਲਈ ਕੁਰਬਾਨੀ ਦੀ ਲਹਿਰ ਚਲਾ ਕੇ ਦੇਸ਼-ਭਗਤਾਂ ਨੂੰ ਜੋ ਰਾਹ ਦਿਖਲਾਇਆ ਹੈ ਜੇ ਸਾਰਾ ਦੇਸ਼ ਉਸ ਲਹਿਰ ਨੂੰ ਸਹੀ ਅਰਥਾਂ ਵਿੱਚ ਸਮਝ ਲਵੇ ਤਾਂ ਥੋੜ੍ਹੇ ਦਿਨਾਂ ਵਿੱਚ ਹੀ ਭਾਰਤ ਆਪਣੀ ਗਿਣਤੀ ਆਜ਼ਾਦ ਦੇਸ਼ਾਂ ਵਿੱਚ ਕਰਾ ਸਕਦਾ ਹੈ। ਨੇਤਾ ਜੀ ਸੁਭਾਸ਼ ਚੰਦਰ ਬੋਸ ਦਾ ਵੀ ਕਹਿਣਾ ਸੀ ਕਿ, "ਸਾਰਾ ਦੇਸ਼ ਸਤਿਗੁਰੂ ਰਾਮ ਸਿੰਘ ਦੇ ਝੁਲਾਏ ਆਜ਼ਾਦੀ ਦੇ ਝੰਡੇ ਹੇਠ ਨਾਮਧਾਰੀਆਂ ਨੇ ਜੋ ਕੁਰਬਾਨੀਆਂ ਕੀਤੀਆਂ ਹਨ ਦੇਸ਼ ਨੂੰ ਉਹਨਾਂ 'ਤੇ ਮਾਣ ਰਹੇਗਾ। ਪੌਣੀ ਸਦੀ ਤੋਂ ਸ਼ਾਂਤਮਈ ਅਸਰਦਾਰ ਅੰਦੋਲਨ ਦਾ ਅਨੁਭਵ ਰੱਖਣ ਵਾਲੇ ਨਾਮਧਾਰੀ ਸਿੱਖਾਂ ਤੋਂ ਇਹ ਆਸ ਹੋਵੇਗੀ ਹੀ ਕਿ ਉਹ ਆਜ਼ਾਦੀ ਦਾ ਝੰਡਾ ਉਠਾ ਕੇ



Sri Satguru Jagjit Singh Ji eLibrary NamdhariElibrary@gmail.com

ਸਾਰੇ ਦੇਸ਼ ਦੇ ਅੱਗੇ ਚੱਲਦੇ ਦਿਸਣ ਤੇ ਦੂਸਰੇ ਦੇਸ਼-ਵਾਸੀਆਂ ਨੂੰ ਵੀ ਕੁਰਬਾਨੀ ਲਈ ਉਤਸ਼ਾਹਿਤ ਕਰਨ।"

ਪੰਜਾਬੀ ਦੇ ਪ੍ਰਸਿੱਧ ਲੇਖਕ ਗੁਰਨਾਮ ਸਿੰਘ ਬਿਜਲੀ ਨੇ ਮਾਨਵੀ ਜੀਵਨ ਪ੍ਰਤੀ ਸੱਚੇ-ਸੁੱਚੇ ਅਨੁਸ਼ਾਸ਼ਨੀ ਸਿਰਲੱਥ ਯੋਧਿਆਂ ਦੀਆਂ ਕੁਰਬਾਨੀਆਂ ਦੀ ਗਾਥਾ ਨੂੰ ਪਾਠਕਾਂ ਦੇ ਸਨਮੁੱਖ ਪੁਸਤਕ ਰੂਪ ਵਿੱਚ ਪੇਸ਼ ਕੀਤਾ ਹੈ। ਲੇਖਕ ਨੇ ਇਹ ਕਾਰਜ ਇਕ ਖੋਜ-ਕਾਰਜ ਦੀ ਤਰ੍ਹਾਂ ਸੰਪੰਨ ਕੀਤਾ ਹੈ। ਉਹ ਲੰਮੇ ਸਮੇਂ ਤੋਂ ਇਸ ਪੁਸਤਕ ਲਈ ਸਮੱਗਰੀ ਇਕੱਠੀ ਕਰ ਰਿਹਾ ਸੀ ਜਿਸ ਨੂੰ ਉਸ ਨੇ ਸਲੀਕੇ ਨਾਲ ਤਰਤੀਬ ਦੇ ਕੇ ਪੁਸਤਕ ਤਿਆਰ ਕੀਤੀ ਹੈ। ਇਸ ਖੋਜ ਭਰਪੂਰ ਸਮੱਗਰੀ ਨਾਲ ਪੁਸਤਕ ਦੀ ਆਭਾ ਹੋਰ ਵੀ ਵੱਧ ਗਈ ਹੈ। ਪਾਠਕ ਨਾਮਧਾਰੀਆਂ ਦੀਆਂ ਦੇਸ਼ ਪ੍ਰਤੀ ਕੀਤੀਆਂ ਕੁਰਬਾਨੀਆਂ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦਾ, ਕਿਉਂਕਿ ਜਿੱਥੇ ਨਾਮਧਾਰੀਆਂ ਦੀਆਂ ਕੁਰਬਾਨੀਆਂ ਸੁਆਰਥ ਰਹਿਤ ਸਨ ਉੱਥੇ ਨਿਰਭੈ ਵੀ ਸਨ। ਉਹ ਤੋਪਾਂ ਮੂਹਰੇ ਹੱਸਦੇ-ਹੱਸਦੇ ਕੁਰਬਾਨ ਹੋਏ। ਇੱਥੋਂ ਤੱਕ ਵੀ ਉਹਨਾਂ ਦਾ ਨਾਂ ਸਿਰਲੱਥ ਯੋਧਿਆਂ ਵਿੱਚ ਇਕ ਨਬਾਲ਼ਗ ਬਿਸ਼ਨ ਸਿੰਘ ਨੇ ਤਾਂ ਜ਼ਿਲ੍ਹਾ ਲੁਧਿਆਣਾ ਦੇ ਡਿਪਟੀ ਕਮਿਸ਼ਨਰ 'ਕਾਵਨ' ਦੀ ਇਸ ਗੱਲ ਤੇ ਦਾੜ੍ਹੀ ਜਾ ਫੜੀ ਕਿ ਉਹ ਉਸ ਨੂੰ ਕਹਿ ਰਿਹਾ ਸੀ ਕਿ, "ਉਹ ਤੋਪਾਂ ਅੱਗੇ ਉਡਾਏ ਜਾ ਰਹੇ ਨਾਮਧਾਰੀਆਂ ਦਾ ਸਾਥੀ ਹੋਣ ਤੋਂ ਮੁਕਰ ਜਾਵੇ ਤਾਂ ਉਸਦੀ ਸਜ਼ਾ ਮੁਆਫ਼ ਕੀਤੀ ਜਾਵੇਗੀ। ਨਾਮਧਾਰੀ ਬਾਲਕ ਬਿਸ਼ਨ ਸਿੰਘ ਨੇ ਕੁਰਬਾਨੀ ਦੇ ਕੇ ਇਤਿਹਾਸ ਰੱਚ ਦਿੱਤਾ।

ਅਜਿਹੇ ਨਿਰਭੈ ਸਿਰਲੱਥ ਸੂਰਮਿਆਂ ਅਤੇ ਉਹਨਾਂ ਨੂੰ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਹਿੱਤ ਆਹੁਤੀਆਂ ਪਾਉਣ ਲਈ ਜ਼ਜ਼ਬਾ ਭਰਨ ਵਾਲੀ ਮਹਾਨ ਪਵਿੱਤਰ ਸ਼ਖਸੀਅਤ ਸਤਿਗੁਰੂ ਰਾਮ ਸਿੰਘ ਜੀ ਨੂੰ ਮੈਂ ਨਮਨ ਕਰਦਾ ਹਾਂ। ਇਸ ਪਵਿੱਤਰ ਕਾਰਜ ਪ੍ਰਤੀ ਪੁਸਤਕ ਦੀ ਰਚਨਾ ਕਰਨ ਵਾਲੇ ਲੇਖਕ ਗੁਰਨਾਮ ਸਿੰਘ ਬਿਜਲੀ ਦੀ ਘਾਲਣਾ ਨੂੰ ਜੀ ਆਇਆ ਆਖਦਾ ਹਾਂ।

**ਡਾ. ਹਰਨੇਕ ਸਿੰਘ ਕਲੇਰ**
ਸਹਾਇਕ ਪ੍ਰੋਫ਼ੈਸਰ ਪੋਸਟ ਗਰੈਜੂਏਟ ਪੰਜਾਬੀ
ਵਿਭਾਗ, ਮਾਲਵਾ ਕਾਲਜ, ਬੌਂਦਲੀ
(ਲੁਧਿਆਣਾ)



Sri Satguru Jagjit Singh Ji eLibrary NamdhariElibrary@gmail.com

# ਦੋ ਸ਼ਬਦ

ਅੱਜ (ਜੂਨ 2004) ਤੋਂ ਕੋਈ ਚਾਰ ਕੁ ਸਾਲ ਪਹਿਲਾਂ ਇਕ ਅਜੀਬ ਜਿਹੀ ਘਟਨਾ ਵਾਪਰੀ। ਜਦੋਂ ਸਵੇਰੇ ਇਕ ਵਿਅਕਤੀ ਪਤਲਾ ਜਿਹਾ, ਲੰਬੇ ਕੱਦ ਵਾਲਾ ਮੇਰੇ ਪਾਸ ਆ ਪਹੁੰਚਿਆ। ਮੈਂ ਉਸ ਨੂੰ ਬਿਠਾ ਕੇ ਚਾਹ ਪਾਣੀ ਦੇਣ ਤੋਂ ਬਾਅਦ ਪੁੱਛਿਆ, "ਦੱਸੋ ਭਾਈ ਕੀ ਹੁਕਮ ਹੈ ਅਤੇ ਤੁਸੀਂ ਕਿਵੇਂ ਆਏ ਹੋ" ਉਸ ਵਿਅਕਤੀ ਨੇ ਦੱਸਿਆ ਕਿ ਮੇਰਾ ਨਾਮ ਲਾਲ ਸਿੰਘ ਹੈ ਅਤੇ ਮੇਰਾ ਪਿੰਡ ਲੱਲ ਕਲਾਂ ਹੈ – ਮੈਂ ਨੀਲੋਂ ਪੁਲ 'ਤੇ ਬਣੀ ਹੋਈ ਕਲੋਨੀ ਵਿੱਚ ਰਹਿੰਦਾ ਹਾਂ। ਮੈਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਨਾਲ ਤੁਹਾਨੂੰ ਲੱਭਦਾ-ਲੱਭਦਾ ਤੁਹਾਡੇ ਪਾਸ ਆਇਆ ਹਾਂ। ਉਹਨਾਂ ਦਾ ਹੁਕਮ ਹੈ ਕਿ ਮੈਂ ਕਿਵੇਂ ਨਾ ਕਿਵੇਂ ਸ੍ਰ. ਲਾਲ ਸਿੰਘ 'ਬਿਜਲੀ' ਦੇ ਪਰਿਵਾਰ ਵਿੱਚੋਂ ਕਿਸੇ ਵੀ ਵਿਅਕਤੀ ਨੂੰ ਲੱਭ ਕੇ ਉਹਨਾਂ ਕੋਲ ਲੈ ਕੇ ਆਵਾਂ। ਮੈਂ ਬਹੁਤ ਹੀ ਹੈਰਾਨੀ ਵਿੱਚ ਉਸ ਵਿਅਕਤੀ ਤੋਂ ਪੁੱਛਿਆ, "ਭਾਈ ਸਤਿਗੁਰਾਂ ਨੂੰ ਮੇਰੇ ਨਾਲ ਕੀ ਕੰਮ ਹੈ" ਮੈਂ ਤਾਂ ਕਦੇ "ਭੈਣੀ ਸਾਹਿਬ" ਗਿਆ ਨਹੀਂ, ਉਹਨਾਂ ਨੂੰ ਮੇਰੀ ਕੀ ਜ਼ਰੂਰਤ ਪੈ ਗਈ। ਤਾਂ ਉਸ ਵਿਅਕਤੀ ਨੇ ਆਖਿਆ ਕਿ ਕੁਝ ਦਿਨ ਪਹਿਲਾਂ ਸਤਿਗੁਰੂ ਜਗਜੀਤ ਸਿੰਘ ਜੀ ਪਿੰਡ "ਬਿਜਲੀਪੁਰ" ਇਕ ਸਕੂਲ ਦੇ ਕਿਸੇ ਸਮਾਗਮ ਵਿੱਚ "ਬਿਜਲੀਪੁਰ" ਦੀ ਧਰਤੀ ਨੂੰ ਭਾਗ ਲਾਉਣ ਆਏ ਸਨ। ਉਹਨਾਂ ਉੱਥੇ ਪੁੱਛਿਆ, "ਭਾਈ ਇੱਥੋਂ ਦੇ ਤਾਂ ਇਕ "ਬਿਜਲੀ-ਬਿਜਲੀ" ਹੁੰਦੇ ਸੀ। ਉਹ ਕਿੱਥੇ ਹਨੈ" ਤਾਂ ਪਿੰਡ ਦੇ ਕੁਝ ਬੰਦਿਆਂ ਨੇ ਕਿਹਾ ਕਿ ਉਹ ਤਾਂ ਇਕ ਐਕਸੀਡੈਂਟ ਵਿੱਚ ਰੱਬ ਨੂੰ ਪਿਆਰੇ ਹੋ ਗਏ ਸਨ। ਫਿਰ ਸਤਿਗੁਰੂ ਜਗਜੀਤ ਸਿੰਘ ਜੀ ਨੇ 'ਬਿਜਲੀ' ਸਾਹਿਬ ਦੇ ਪਰਿਵਾਰ ਬਾਰੇ ਪੁੱਛਿਆ ਅਤੇ ਉਸ ਪਰਿਵਾਰ ਵਿੱਚੋਂ ਕਿਸੇ ਵੀ ਪਰਿਵਾਰਿਕ ਮੈਂਬਰ ਨੂੰ ਲੱਭਣ ਦੀ ਜ਼ਿੰਮੇਵਾਰੀ ਮੈਨੂੰ ਸੌਂਪ ਦਿੱਤੀ ਤੇ ਹੁਕਮ ਕੀਤਾ ਕਿ ਜਲਦੀ ਹੀ ਮੈਨੂੰ ਇਸ ਦੀ ਰਿਪੋਰਟ ਦੇਣੀ ਹੈ।

ਮੈਂ ਤੁਹਾਡੇ ਨਜ਼ਦੀਕੀਆਂ ਤੋਂ ਪੁੱਛ-ਪੁੱਛਾ ਕੇ ਲੱਭਦਾ-ਲਭਾਉਂਦਾ ਤੁਹਾਡੇ ਪਾਸ ਆਇਆ ਹਾਂ। ਤੁਸੀਂ ਮੇਰੇ ਨਾਲ ਭੈਣੀ ਸਾਹਿਬ ਚੱਲੋ। ਸੱਚ ਪੁੱਛੋਂ ਤਾਂ ਮੈਂ ਉਸ ਵਕਤ ਖੁਸ਼ੀ ਵਿੱਚ ਗੱਦ-ਗੱਦ ਹੋ ਗਿਆ ਕਿ ਮਹਾਂਪੁਰਸ਼ਾਂ ਨੇ ਯਾਦ ਕੀਤਾ ਹੈ। ਪਤਾ ਨਹੀਂ ਕੀ ਜ਼ਿੰਮੇਵਾਰੀ ਸੌਂਪਣਗੇ। ਮੈਂ ਉਸ ਦੀ ਜ਼ਿੰਮੇਵਾਰੀ ਨੂੰ ਪੂਰੀ ਤਰ੍ਹਾਂ ਨਿਭਾ ਸਕਾਂਗਾ। ਖੈਰ ਭੰਨਤਾਂ-ਘੜਤਾਂ ਦਿਲ ਵਿੱਚ ਲੈ ਕੇ ਮੈਂ ਉਸ ਪਿਆਰੇ ਵਿਅਕਤੀ ਨਾਲ ਚੱਲ ਪਿਆ, ਜੋ ਸਤਿਗੁਰਾਂ ਨੇ ਮੇਰੇ ਨਾਲ ਮਿਲਣ ਲਈ ਭੇਜਿਆ ਸੀ।



Sri Satguru Jagjit Singh Ji eLibrary NamdhariElibrary@gmail.com

ਭੈਣੀ ਸਾਹਿਬ ਪਹੁੰਚ ਕੇ ਦੇਖਿਆ ਸਤਿਗੁਰੂ ਜੀ ਦੀਵਾਨ ਵਿੱਚ ਬੈਠੇ ਉਪਦੇਸ਼ ਦੇ ਰਹੇ ਸਨ। ਸੰਗਤਾਂ ਸ਼ਾਂਤ ਚਿੱਤ ਮਗਨ ਹੋ ਕੇ ਸੁਣ ਰਹੀਆਂ ਸਨ। ਅਸੀਂ ਵੀ ਨਤਮਸਤਿਕ ਹੋ ਕੇ ਸੰਗਤਾਂ ਵਿੱਚ ਬੈਠ ਗਏ। ਜਦੋਂ ਦੀਵਾਨ ਦੀ ਸਮਾਪਤੀ ਹੋਈ ਤਾਂ ਅਸੀਂ ਸਤਿਗੁਰੂ ਜਗਜੀਤ ਸਿੰਘ ਜੀ ਪਾਸ ਗਏ ਅਤੇ ਨਮਸਕਾਰ ਕੀਤੀ। ਉਸ ਵਿਅਕਤੀ (ਲਾਲ ਸਿੰਘ ਲੱਲ ਕਲਾਂ) ਨੇ ਮੇਰੇ ਵੱਲ ਇਸ਼ਾਰਾ ਕਰਕੇ ਆਖਿਆ, "ਜੀ ਇਹ ਲਾਲ ਸਿੰਘ 'ਬਿਜਲੀ' ਦਾ ਸਪੁੱਤਰ ਹੈ" ਤਾਂ ਸਤਿਗੁਰੂ ਜੀ ਨੇ ਮੈਨੂੰ ਘੁੱਟ ਕੇ ਆਪਣੇ ਨਾਲ ਲਾ ਲਿਆ ਤੇ ਪਿਆਰ ਕੀਤਾ। ਉਸ ਵਕਤ ਮੇਰੀ ਜੋ ਦਸ਼ਾ ਸੀ ਮੈਂ ਬਿਆਨ ਨਹੀਂ ਕਰ ਸਕਦਾ। ਖੁਸ਼ੀ ਵਿੱਚ ਮੇਰੀਆਂ ਅੱਖਾਂ ਉੱਛਲ ਪਈਆਂ। ਮੈਂ ਆਪਣੇ ਆਪ ਨੂੰ ਸੰਭਾਲ ਕੇ ਸਤਿਗੁਰਾਂ ਤੋਂ ਪੁੱਛਿਆ, "ਦੱਸੋ ਜੀ, ਕੀ ਹੁਕਮ ਹੈ" ਸਤਿਗੁਰਾਂ ਕਿਹਾ, "ਭਾਈ ਤੇਰੇ ਪਿਤਾ ਜੀ ਦੀ ਮੈਨੂੰ ਯਾਦ ਆ ਗਈ ਸੀ। ਉਹ ਬਹੁਤ ਹੀ ਸ਼ਰਧਾਲੂ ਤੇ ਨੇਕ-ਨੀਅਤ ਇਨਸਾਨ ਸਨ। ਸਾਡਾ ਉਸ ਨਾਲ ਪ੍ਰੇਮ ਸੀ। ਅੱਛਾ, ਇਹ ਦੱਸ ਕਿ ਤੇਰਾ ਨਾਮ ਕੀ ਹੈ ਤੇ ਕੀ ਕੰਮ ਕਰਦਾ ਹੈ ਅਤੇ ਕਿੱਥੇ ਰਹਿੰਦਾ ਹੈ" ਮੈਂ ਇਹਨਾਂ ਸਵਾਲਾਂ ਦਾ ਜਵਾਬ ਦਿੱਤਾ। ਸਤਿਗੁਰਾਂ ਨੇ ਝੱਟ ਆਖ ਦਿੱਤਾ, "ਤਾਂ ਤੂੰ ਲਿਖਾਰੀ ਲਗਦਾ ਹੈ। ਕਦੀ-ਕਦੀ ਪੰਜਾਬੀ ਟ੍ਰਿਬਿਊਨ ਵਿੱਚ ਤੇਰਾ ਨਾਮ ਆਉਂਦਾ ਰਹਿੰਦਾ ਹੈ। "ਮੈਂ ਆਪਣੀ ਤੁੱਛ ਜਿਹੀ ਲਿਖਣ ਪ੍ਰਕਿਰਿਆ ਬਾਰੇ ਦੱਸਿਆ ਤਾਂ ਸਤਿਗੁਰਾਂ ਆਖਿਆ" ਭਾਈ ਭੈਣੀ ਸਾਹਿਬ ਬਾਰੇ ਵੀ ਕੁਝ ਲਿਖ। ਇਹ ਆਖ ਕੇ ਸਤਿਗੁਰਾਂ ਆਖਿਆ, "ਭਾਈ ਛੋਟੇ" 'ਬਿਜਲੀ' ਆਇਆ ਕਰ ਇੱਥੇ। ਜਾਓ ਹੁਣ ਚਾਹ-ਪਾਣੀ ਪੀਓ! ਸਮਾਂ ਮਿਲੇ ਤਾਂ ਜ਼ਰੂਰ ਇੱਥੇ ਆਇਆ ਕਰੋ।

ਇਸ ਘਟਨਾ ਤੋਂ ਮੈਂ ਇੰਨਾ ਪ੍ਰਭਾਵਿਤ ਹੋਇਆ ਕਿ "ਨਾਮਧਾਰੀ ਸੰਪਰਦਾ" ਬਾਰੇ ਲਿਖਣ ਲਈ ਸੋਚਣਾ ਸ਼ੁਰੂ ਕਰ ਦਿੱਤਾ। ਹਾਲਾਂਕਿ ਮੈਂ ਵਾਰਤਕ ਨਹੀਂ ਲਿਖਦਾ। ਮੈਂ ਕਵਿਤਾ, ਗੀਤ ਅਤੇ ਗਜ਼ਲ ਹੀ ਲਿਖਦਾ ਹਾਂ ਪਰ ਮੈਂ ਸਤਿਗੁਰਾਂ ਦੀ ਆਸ਼ੀਰਵਾਦ ਸਦਕਾ, ਉਹਨਾਂ ਦਾ ਹੁਕਮ ਮੰਨ ਕੇ ਭੈਣੀ ਸਾਹਿਬ ਬਾਰੇ ਲਿਖਣ ਦਾ ਮਨ ਬਣਾ ਲਿਆ।

ਸਤਿਗੁਰਾਂ ਜੀ ਪਾਸੋਂ ਵਿਹਲੇ ਹੋ ਕੇ ਮੈਂ 'ਸੁਰਜੀਤ ਖੁਰਸ਼ੀਦ' ਨੂੰ ਮਿਲਿਆ। ਉਹਨਾਂ ਦਿਨਾਂ ਵਿੱਚ ਸੁਰਜੀਤ ਖੁਰਸ਼ੀਦ ਭੈਣੀ ਸਾਹਿਬ ਸਤਿਗੁਰਾਂ ਦੇ ਚਰਨਾਂ ਵਿੱਚ ਹੀ ਰਹਿੰਦੇ ਸੀ। ਸਤਿਗੁਰੂ ਜਗਜੀਤ ਸਿੰਘ ਜੀ ਲੇਖਕਾਂ ਨੂੰ ਬਹੁਤ ਪਿਆਰ ਕਰਦੇ ਸਨ ਅਤੇ ਬਣਦਾ ਸਤਿਕਾਰ ਵੀ ਦਿੰਦੇ ਸਨ। ਨਾਮਧਾਰੀ ਸੰਪਰਦਾ ਬਾਰੇ ਪੁਸਤਕ ਸੰਪੂਰਨ ਕਰਕੇ, "ਦੋ ਸ਼ਬਦ" ਲਿਖਦਿਆਂ ਮੈਨੂੰ ਖੁਸ਼ੀ ਹੋ ਰਹੀ ਹੈ। ਮੈਂ ਸਤਿਗੁਰਾਂ 'ਤੇ ਹੁਕਮ ਦੀ ਪਾਲਣਾ ਕਰਨ ਵਿੱਚ ਸਫ਼ਲ ਹੋਇਆ ਹਾਂ। ਮੈਂ ਪੂਰਨ ਕੋਸ਼ਿਸ਼ ਕੀਤੀ ਹੈ ਕਿ ਪੁਸਤਕ ਵਿੱਚ ਨਾਮਧਾਰੀ ਲਹਿਰ ਹਰ ਪੱਖ ਤੋਂ ਪ੍ਰਕਾਸ਼ਮਾਨ ਹੋ ਸਕੇ।

ਅਖੀਰ ਵਿੱਚ ਮੈਂ ਸਪਸ਼ਟ ਕਰਦਾ ਹਾਂ ਕਿ ਮੈਂ ਕੋਈ ਇਤਿਹਾਸਕਾਰ ਖੋਜੀ ਜਾਂ ਪ੍ਰੌੜ ਚਿੰਤਕ ਲੇਖਕ ਨਹੀਂ ਹਾਂ। ਮੈਂ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਨੂੰ ਪ੍ਰਵਾਨ ਚੜ੍ਹਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਪੁਸਤਕ ਵਿੱਚ ਕੁਝ ਵੀ ਮੇਰਾ ਨਹੀਂ ਹੈ। ਇਸ ਵਿੱਚ ਸਾਰੀ ਸਮੱਗਰੀ ਮੈਂ ਵਿਭਿੰਨ ਇਤਿਹਾਸਾਂ, ਸਾਹਿਤਕ ਕਿਰਤਾਂ, ਅਖ਼ਬਾਰਾਂ, ਨਾਮਧਾਰੀ ਮੈਗਜ਼ੀਨ ਵਿਚੋਂ ਪ੍ਰਾਪਤ ਕਰਕੇ ਸੰਪੂਰਨ ਕਰਨ ਦੀ ਕੋਸ਼ਿਸ਼ ਕੀਤੀ ਹੈ।



Sri Satguru Jagjit Singh Ji eLibrary NamdhariElibrary@gmail.com

ਪਾਰਖੂ ਵਿਦਵਾਨਾਂ ਨੂੰ ਇਸ ਪੁਸਤਕ ਦੀਆਂ ਘਟਨਾਵਾਂ ਦਾ ਦੁਹਰਾਓ ਅਤੇ ਸਮੇਂ, ਸਥਾਨ ਤੇ ਕਾਰਜ ਦੀ ਏਕਤਾ ਦਾ ਅਭਾਵ ਜ਼ਰੂਰ ਰੜਕੇਗਾ। ਮੈਂ ਪੂਰੀ ਸੁਹਿਰਦਤਾ ਅਤੇ ਇਮਾਨਦਾਰੀ ਦੀ ਵਰਤੋਂ ਕੀਤੀ ਹੈ। ਫਿਰ ਵੀ ਜੇ ਮੇਰੇ ਕੋਲੋਂ ਇਤਿਹਾਸਕ ਮਿਤੀਆਂ, ਨਾਵਾਂ ਜਾਂ ਘਟਨਾਵਾਂ ਵਿੱਚ ਕੋਈ ਘਾਟ-ਵਾਧ ਹੋ ਗਈ ਹੋਵੇ ਤਾਂ ਮੈਂ ਇਸ ਅਣਜਾਣੀ ਗਲਤੀ ਲਈ ਨਿਮਰਤਾ ਸਹਿਤ ਖ਼ਿਮਾ ਦਾ ਜਾਚਕ ਹਾਂ ਅਤੇ ਵਿਦਵਾਨ ਲੇਖਕਾਂ ਦਾ ਅਤਿ ਧੰਨਵਾਦੀ ਹਾਂ, ਜਿਹਨਾਂ ਦੀਆਂ ਕਿਰਤਾਂ ਪੜ੍ਹ ਕੇ ਮੈਂ ਸੇਧ ਲਈ ਹੈ। ਮੈਂ ਆਸ ਕਰਦਾ ਹਾਂ ਮੇਰੀ ਇਹ ਨਿਮਾਣੀ ਜਿਹੀ ਕੋਸ਼ਿਸ਼ ਨੂੰ ਪ੍ਰਵਾਨ ਕਰਕੇ ਇਸ 'ਤੇ ਫੁੱਲ ਚੜ੍ਹਾਉਣਗੇ। ਧੰਨਵਾਦ ਸਹਿਤ।

**ਗੁਰਨਾਮ ਸਿੰਘ ਬਿਜਲੀ**



Sri Satguru Jagjit Singh Ji eLibrary NamdhariElibrary@gmail.com

## ਨਾਮਧਾਰੀ ਲਹਿਰ ਦਾ ਮੁੱਢ ਕਿਵੇਂ ਬੱਝਾ

ਪੰਜਾਬ ਦੀ ਮਿੱਟੀ ਸੂਰਬੀਰਾਂ, ਪੀਰਾਂ, ਫ਼ਕੀਰਾਂ, ਗੁਰੂ ਸਾਹਿਬਾਨਾਂ ਅਤੇ ਦੇਸ਼ ਭਗਤਾਂ ਨੂੰ ਜਨਮ ਦੇ ਸਦਕਾ, ਸਿਰਫ਼ ਹਿੰਦੋਸਤਾਨ ਵਿੱਚ ਹੀ ਨਹੀਂ, ਸਗੋਂ ਪੂਰੇ ਵਿਸ਼ਵ ਵਿੱਚ ਵੀ ਪਿਆਰ ਅਤੇ ਸਤਿਕਾਰ ਦੀ ਪਾਤਰ ਬਣੀ ਰਹੀ ਹੈ। ਇਹ ਪਾਤਰਤਾ ਇਸ ਬੁੱਕਲ ਵਿੱਚ ਅਠਖੇਲੀਆਂ ਕਰਨ ਵਾਲੇ ਮਰਦ-ਅਗੰਮੜੇ ਸੰਤਾਂ-ਮਹਾਤਮਾਂ, ਵਰਿਆਮਾਂ ਅਤੇ ਮਹਾਂਬਲੀਆਂ ਨੇ ਆਪਣੀਆਂ ਵੱਡਮੁੱਲੀਆਂ ਕੁਰਬਾਨੀਆਂ ਦੇ ਕੇ ਦਿਵਾਈ ਹੈ। ਇਨ੍ਹਾਂ ਕੁਰਬਾਨੀਆਂ ਦਾ ਆਧਾਰ ਨਿੱਜ ਭਲਾਈ ਨਾਲੋਂ ਸਰਬੱਤ ਦੇ ਭਲੇ ਦੀ ਨਿਰੋਲ ਭਾਵਨਾ ਰਹੀ ਹੈ। ਇਸ ਭਾਵਨਾ ਦਾ ਹੀ ਮਾਲਕ ਸੀ ਨਿਸ਼ਕਾਮ ਸਮਾਜ ਸੇਵਕ 'ਬਾਬਾ ਬਾਲਕ ਸਿੰਘ', ਜਿਹਨਾਂ ਨੇ ਭਾਈ ਰਾਮ ਸਿੰਘ ਨੂੰ ਆਪਣਾ ਉੱਤਰਾਧਿਕਾਰੀ ਬਣਾਇਆ ਸੀ।

ਗੀਤਾ ਦਾ ਵਾਕ ਹੈ, "ਜਦੋਂ ਲੋਕ ਬੇਚੈਨ ਹੋ ਜਾਣ ਤਾਂ ਆਪ ਹੀ ਸੁਰੱਖਿਆ ਦਾ ਕੋਈ ਹੀਲਾ-ਵਸੀਲਾ ਬਣ ਜਾਂਦਾ ਹੈ। ਅਜਿਹੇ ਹਾਲਾਤ ਹੀ ਹੁੰਦੇ ਹਨ ਜੋ ਲਹਿਰਾਂ ਨੂੰ ਜਨਮ ਦਿੰਦੇ ਹਨ" ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਖਾਤਮੇ ਤੋਂ ਬਾਅਦ ਲੋਕਾਂ ਲਈ ਬੇਚੈਨੀ ਦਾ ਸਮਾਂ ਆ ਗਿਆ ਸੀ।

ਡਾਕਟਰ ਕਰਨੈਲ ਸਿੰਘ 'ਸੋਮਲ' ਵਲੋਂ ਲਿਖੀ ਭਾਈ ਦਿੱਤ ਸਿੰਘ ਗਿਆਨੀ ਜੀਵਨ ਰਚਨਾ ਤੇ ਸ਼ਖਸੀਅਤ ਦੇ ਪੰਨਾ ਨੰਬਰ 29 ਉੱਤੇ ਲਿਖਿਆ ਹੈ ਕਿ ਦੇਸ਼ ਵਿੱਚ ਕਈ ਸਮਾਜ ਸੁਧਾਰਕ ਲਹਿਰਾਂ ਚੱਲੀਆਂ। ਬ੍ਰਹਮੋ ਸਮਾਜ ਸੁਧਾਰਕ, ਆਰਿਆ ਸਮਾਜ, ਦੇਵ ਸਮਾਜ, ਜਮਾਤ ਏ ਅਹਿਮਦੀਆ ਅਲੀਗੜ੍ਹ ਅਤੇ ਸਿੰਘ ਸਭਾ ਦੀ ਸਥਾਪਨਾ ਵੀ ਹੋਈ। ਸਿੰਘ ਸਭਾ ਦੀ ਸਥਾਪਨਾ ਸੰਮਤ 1873 ਵਿੱਚ ਅੰਮ੍ਰਿਤਸਰ ਵਿਖੇ ਹੋਈ। ਪਰੰਤੂ ਇਸ ਤੋਂ ਪਹਿਲਾਂ ਨਿਰੰਕਾਰੀ ਅਤੇ ਨਾਮਧਾਰੀ ਲਹਿਰਾਂ ਸੰਮਤ 1860 ਵਿੱਚ ਪੋਠੋਹਾਰ (ਰਾਵਲਪਿੰਡੀ) ਤੋਂ ਚੱਲੀਆਂ। ਇਹਨਾਂ ਲਹਿਰਾਂ ਬਾਰੇ ਵਿਚਾਰ ਇਹ ਸੀ ਕਿ ਇਹ ਨਰਮ ਖਿਆਲੀਏ ਸਹਿਜਧਾਰੀ ਸਿੱਖਾਂ ਦੀਆਂ ਸਨ।

ਨਾਮਧਾਰੀ ਲਹਿਰ ਦੇ ਆਗੂ (ਬਾਨੀ) ਸਤਿਗੁਰੂ ਰਾਮ ਸਿੰਘ ਨੂੰ ਬਾਬਾ 'ਬਾਲਕ ਸਿੰਘ' ਹਜ਼ਰੋਂ ਨੇ ਆਪਣਾ ਉੱਤਰਾਅਧਿਕਾਰੀ ਥਾਪਿਆ ਸੀ। ਸਤਿਗੁਰੂ ਰਾਮ ਸਿੰਘ ਦੀ



Sri Satguru Jagjit Singh Ji eLibrary NamdhariElibrary@gmail.com

ਜਥੇਬੰਦਕ ਪ੍ਰਤਿਭਾ ਦੇ ਸਦਕੇ ਛੇਤੀ ਹੀ ਨਾਮਧਾਰੀ ਸਿੱਖਾਂ ਦੀ ਗਿਣਤੀ ਸਵਾ ਤਿੰਨ ਲੱਖ ਦੇ ਕਰੀਬ ਹੋ ਗਈ ਸੀ।

ਕੂਕਿਆਂ ਜਾਂ ਨਾਮਧਾਰੀਆਂ ਬਾਰੇ ਸਾਰੇ ਹੀ ਜਾਣਦੇ ਹਨ। ਉਹਨਾਂ ਦਾ ਵੱਖਰਾ ਪਹਿਰਾਵਾ ਤੇ ਰਹਿਣ-ਸਹਿਣ ਹੀ ਉਹਨਾਂ ਦੀ ਪਛਾਣ ਹੈ। ਉਹ ਗੋਡਿਆਂ ਤੋਂ ਚਾਰ ਉਂਗਲਾਂ ਉੱਚਾ ਕਲੀਆਂ ਕਲੀਆਂ ਵਾਲਾ ਕੁੜਤਾ, ਰੇਬ-ਪਜ਼ਾਮਾ, ਗੱਲ ਵਿੱਚ ਚਿੱਟੀ ਉੱਨ ਦੀ ਮਾਲਾ, ਹੱਥ ਵਿੱਚ ਗੜਵਾ ਅਤੇ ਇਕ ਟਾਕੂਆ (ਕੁਹਾੜੀ ਵਰਗਾ ਹਥਿਆਰ) ਜ਼ਰੂਰ ਰੱਖਦੇ। ਉਹਨਾਂ ਦੀ ਦਿੱਖ ਤੇ ਪਹਿਰਾਵੇ ਦੀ ਹੋਰ ਸਿੱਖਾਂ ਤੋਂ ਵੱਖਰੀ ਅਤੇ ਨਿਵੇਕਲੀ ਸਥਾਈ ਪਹਿਚਾਣ ਹੈ। ਇਹਨਾਂ ਨਾਮਧਾਰੀ ਸਿੱਖਾਂ ਨੇ ਭਾਰਤ ਦੇ ਸੁਤੰਤਰਤਾ ਸੰਗਰਾਮ ਵਿੱਚ ਮੁੱਢਲਾ ਤੇ ਅਹਿਮ ਰੋਲ ਅਦਾ ਕੀਤਾ ਸੀ। ਜਦੋਂ ਬਾਬਾ ਰਾਮ ਸਿੰਘ ਨੇ ਇਸ ਨਾਮਧਾਰੀ ਲਹਿਰ ਦੀ ਵਾਗਡੋਰ ਸੰਭਾਲੀ ਅਤੇ ਆਪਣੇ ਸੇਵਕਾਂ ਦੀ ਸਥਾਪਨਾ ਕੀਤੀ। ਉਦੋਂ ਪੰਜਾਬ ਦੇ ਇਤਿਹਾਸ ਨੇ ਇਕ ਨਵੀਂ ਕਰਵਟ ਲਈ।

ਨਾਮਧਾਰੀ ਲਹਿਰ 14 ਅਪ੍ਰੈਲ, 1851 ਈਸਵੀ ਵਿੱਚ ਹੋਂਦ ਵਿੱਚ ਆਈ, ਜਿਸਦਾ ਇਤਿਹਾਸਕ ਪਿਛੋਕੜ ਉਸ ਸਮੇਂ ਦਾ ਹੋਇਆ ਖ਼ੂਨ-ਖਰਾਬਾ ਸੀ। ਇਹ ਬੇਵਿਸ਼ਵਾਸੀ ਅਤੇ ਬੇਪ੍ਰਤੀਤੀ ਦਾ ਸਮਾਂ ਸੀ। ਜਦੋਂ ਹਜ਼ਰੋਂ ਦੇ ਇਲਾਕੇ ਵਿੱਚ ਧਾਰਮਿਕ ਅਤੇ ਆਤਮਿਕ ਸ਼ੁੱਧਤਾ ਦੀ ਲਹਿਰ ਦੇ ਪ੍ਰਮੁੱਖ ਬਾਬਾ 'ਬਾਲਕ ਸਿੰਘ' ਅਰੋੜਾ ਨੇ ਬਾਬਾ ਰਾਮ ਸਿੰਘ ਨੂੰ ਥਾਪੜਾ ਦੇ ਕੇ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਭੈਣੀ ਸਾਹਿਬ ਦੇ ਲਾਗੇ ਉਹਨਾਂ ਦੇ ਜੱਦੀ ਪਿੰਡ ਰਾਈਆਂ ਵਿਖੇ ਭੇਜਿਆ ਸੀ। ਸਤਿਗੁਰੂ ਰਾਮ ਸਿੰਘ ਨੇ ਜਿਹੜੇ ਕਾਰਜ ਇੱਥੇ ਆ ਕੇ ਸ਼ੁਰੂ ਕੀਤੇ, ਉਹ ਕਿਸੇ ਪੱਖ ਤੋਂ ਊਣੇ ਜਾਂ ਅਧੂਰੇ ਨਹੀਂ ਸਨ। ਉਹਨਾਂ ਕਾਰਜਾਂ ਦੀ ਮਹੱਤਤਾ ਤੇ ਸਾਰਥਿਕਤਾ ਹਮੇਸ਼ਾ ਲਈ ਕਾਇਮ ਹੈ। ਵਿਸਾਖੀ ਦੇ ਦਿਨ ਨੂੰ ਪਵਿੱਤਰ ਸਮਝ ਕੇ ਪੰਜ ਪਿਆਰਿਆਂ ਦੀ ਤਰ੍ਹਾਂ ਪੰਜ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ "ਸੰਤ ਖਾਲਸਾ" ਦੀ ਸਾਜਨਾ ਕੀਤੀ ਅਤੇ ਆਜ਼ਾਦੀ ਦੇ ਸੰਗਰਾਮ ਦਾ ਚਿੱਟਾ ਝੰਡਾ ਝੁਲਾਇਆ। ਆਪਣੇ ਸਮੁੱਚੇ ਕਾਰਜ ਕਰਮ ਦੀ ਪੂਰਤੀ ਲਈ ਸਹਿਯੋਗੀ "ਸੂਬੇ" ਥਾਪੇ ਗਏ, ਜਿਹੜੇ ਗੁਰੂ ਅਮਰ ਦਾਸ ਦੀਆਂ 22 ਮੰਜੀਆਂ ਦੀ ਤਰ੍ਹਾਂ ਹੀ ਕੰਮ ਕਰਦੇ ਸੀ। ਨਾਮਧਾਰੀ ਲਹਿਰ ਦਾ ਪ੍ਰਚਾਰ ਕਰਨਾ ਅਤੇ ਇਸ ਦੇ ਉਦੇਸ਼ਾਂ ਬਾਰੇ ਸਿੱਖਾਂ ਨੂੰ ਜਾਣਕਾਰੀ ਦੇਣਾ। ਆਪਣੀ ਕਮਾਈ ਦਾ ਦਸਵੰਧ (ਕਮਾਈ ਦਾ ਦਸਵਾਂ ਹਿੱਸਾ) ਕੱਢ ਕੇ ਭੈਣੀ ਸਾਹਿਬ ਭੇਜਣਾ ਤਾਂ ਜੋ ਲਹਿਰ ਦੀ ਕਾਮਯਾਬੀ ਵਿੱਚ ਆਰਥਿਕ ਪੱਖੋਂ ਕੋਈ ਕਮਜ਼ੋਰੀ ਨਾ ਆਵੇ। ਲੰਗਰ ਦੀ ਸੇਵਾ ਵੀ ਠੀਕ ਹਾਲਤ ਵਿੱਚ ਚੱਲਦੀ ਰਹੇ।



Sri Satguru Jagjit Singh Ji eLibrary NamdhariElibrary@gmail.com

## ਸਤਿਗੁਰੂ ਰਾਮ ਸਿੰਘ ਜੀ

ਤੂੰ ਆਇਓਂ ਤੇ ਭੈਣੀ ਦੇ ਭਾਗ ਜਾਗੇ,
ਕਹਿੰਦੇ ਰਾਈਆਂ ਵਿੱਚ ਹੈ ਰਾਮ ਆਇਆ
ਪਿਤਾ ਜੱਸਾ ਸਿੰਘ ਦੇ ਘਰ 'ਚ ਹੋਇਆ ਚਾਨਣ,
ਮਾਤਾ ਸਦਾ ਕੌਰ ਦੀ ਕੁਖੋਂ ਸ਼ਾਮ ਆਇਆ
ਡੰਗਰ ਚਾਰਦਾ, ਚਾਰਦਾ ਹੋਰਿਆ ਭਰਤੀ,
ਪਰੰਤੂ ਉਥੋਂ ਲੈ ਕੇ ਨਾ ਦਾਮ ਆਇਆ
ਇਹ ਨਹੀਂ ਕਿ ਆ ਗਿਆ ਉਹ ਖਾਲੀ,
ਲੈ ਕੇ "ਬਾਲਕ ਸਿੰਘ" ਤੋਂ ਰੱਬ ਦਾ ਨਾਮ ਆਇਆ

**ਸਤਿਗੁਰੂ ਰਾਮ ਸਿੰਘ ਜੀ ਪ੍ਰਕਾਸ਼:** ਸਤਿਲੁਜ ਨਦੀ ਦੀ ਛੱਡੀ ਹੋਈ ਧਰਤੀ ਉੱਤੇ ਵਸੇ ਪਿੰਡ ਰਾਈਆਂ (ਨੇੜੇ ਭੈਣੀ ਸਾਹਿਬ) ਜ਼ਿਲ੍ਹਾ ਲੁਧਿਆਣਾ ਵਿਖੇ ਇਕ ਗ਼ਰੀਬ ਤਰਖਾਣ ਦੇ ਘਰ ਮਾਘ ਸੁਦੀ 5 ਸੰਮਤ 1872 ਬਿਕਰਮੀ 3 ਫਰਵਰੀ 1816 ਈਸਵੀ ਨੂੰ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਜੱਸਾ ਸਿੰਘ ਅਤੇ ਮਾਤਾ ਦਾ ਨਾਮ ਬੀਬੀ ਸਦਾ ਕੌਰ ਸੀ। ਆਪ ਜੀ ਦੇ ਪਿਤਾ ਸ੍ਰ. ਜੱਸਾ ਸਿੰਘ ਪਿੰਡ ਵਿੱਚ ਹੀ ਤਰਖਾਣਾਂ ਦਾ ਕੰਮ (ਸੇਪੀ) ਕਰਿਆ ਕਰਦੇ ਸਨ।



ਅਤੀਤ ਵੱਲ ਜੇ ਮਨੁੱਖੀ ਇਤਿਹਾਸ ਉੱਤੇ ਝਾਤ ਮਾਰੀ ਜਾਵੇ ਤਾਂ ਸਪਸ਼ਟ ਨਜ਼ਰ ਆ ਜਾਂਦਾ ਹੈ ਕਿ ਕਈ ਮਨੁੱਖ ਹਿਤੈਸ਼ੀ ਪੁਰਖ ਨੀਵੇਂ ਵਰਗਾਂ ਵਿੱਚ ਹੀ ਪੈਦਾ ਹੋਏ ਹਨ। ਅਜਿਹੇ ਮਹਾਂ-ਪੁਰਖਾਂ ਵਿੱਚ ਸਤਿਗੁਰੂ ਰਾਮ ਸਿੰਘ ਦੀ ਮਿਸਾਲ ਸਾਡੇ ਸਾਹਮਣੇ ਹੈ। ਬਾਬਾ ਰਾਮ ਸਿੰਘ ਅੰਗਰੇਜ਼ਾਂ ਵਿਰੁੱਧ ਸੰਘਰਸ਼ ਦੇ



Sri Satguru Jagjit Singh Ji eLibrary NamdhariElibrary@gmail.com

ਵਿੱਚ ਇਕ ਅਜਿਹੀ ਸ਼ਖਸੀਅਤ ਹੋਏ ਹਨ, ਜਿਹਨਾਂ ਨੇ ਆਪਣੇ ਸਮਾਜ ਦੇ ਵਾਤਾਵਰਣ ਨੂੰ ਸਵੱਛ ਬਣਾਉਣ ਅਤੇ ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਬਾਹਰ ਕੱਢਣ ਲਈ ਸਿਰਫ਼ ਕ੍ਰਾਂਤੀ ਦਾ ਨਾਅਰਾ ਹੀ ਨਹੀਂ ਦਿੱਤਾ। ਸਗੋਂ ਬੇਅੰਤ ਸਿੱਖਾਂ ਨੂੰ ਕੁਰਬਾਨੀਆਂ ਕਰਨ ਲਈ ਪ੍ਰੇਰਿਆ। ਉਹਨਾਂ ਆਪਣੇ ਪੈਰੋਕਾਰਾਂ ਨੂੰ ਇਸ ਕਦਰ ਤਿਆਰ ਕਰ ਦਿੱਤਾ ਕਿ ਉਹ ਆਪਣੀ ਜ਼ਿੰਦਗੀ ਨੂੰ ਦੇਸ਼ ਦੀ ਅਮਾਨਤ ਸਮਝਣ ਲੱਗ ਪਏ।

ਸਤਿਗੁਰੂ ਰਾਮ ਸਿੰਘ ਵਾਂਗ ਹੀ ਹਜ਼ਰਤ ਈਸਾ ਜੀ ਵੀ ਇਕ ਗ਼ਰੀਬੜੇ, ਅਣਗੋਲੇ ਤਰਖਾਣ ਦੇ ਪਰਿਵਾਰ ਵਿੱਚ ਪੈਦਾ ਹੋਏ ਸਨ। ਸਤਿਗੁਰੂ ਰਾਮ ਸਿੰਘ ਜੀ, ਜਿਸ ਧਰਤੀ ਤੇ ਪੈਦਾ ਹੋਏ, ਉਹ ਸਾਰਾ ਇਲਾਕਾ ਪਛੜਿਆ ਹੋਇਆ ਸੀ। ਇਸ ਮਾਰੂਥਲ, ਅਗਿਆਨਤਾ, ਗ਼ਰੀਬੀ, ਸਾਮਰਾਜ ਦੇ ਚੁੰਗਲ ਵਿੱਚ ਫਸੇ, ਟੋਡੀਆਂ ਸਾਰੇ ਖੇਤਰ ਵਿੱਚ ਸਤਿਗੁਰੂ ਜੀ ਦਾ ਉਦੇ ਇਕ ਕੰਵਲ ਫੁੱਲ ਦੇ ਕੱਲਰ ਵਿੱਚ ਉਪਜਣ ਵਾਂਗ ਹੀ ਹੋਇਆ। ਬਚਪਨ ਵਿੱਚ ਹੀ ਉਹਨਾਂ ਨੂੰ ਮਾਤਾ-ਪਿਤਾ ਨੇ ਸਿੱਖ ਇਤਿਹਾਸ, ਗੁਰਬਾਣੀ ਤੇ ਦੇਸ਼ ਦੇ ਇਤਿਹਾਸ ਦੀ ਭਰਪੂਰ ਵਾਕਫ਼ੀ ਦੇ ਨਾਲ-ਨਾਲ ਗੁਰਮੁਖੀ ਅੱਖਰ ਪੜ੍ਹਨ ਦੀ ਪ੍ਰੇਰਨਾ ਦਿੱਤੀ। ਭਜਨ ਬੰਦਗੀ ਤਾਂ ਉਹ ਮਾਲ-ਡੰਗਰ ਚਾਰਨ ਅਤੇ ਪਿਤਾ ਜੀ ਨਾਲ ਕੰਮ ਵਿੱਚ ਹੱਥ ਵਟਾਉਂਦਿਆਂ ਵੀ ਕਰਿਆ ਕਰਦੇ ਸਨ। ਉਹ ਸ਼ਾਂਤ-ਚਿੱਤ ਰੱਬੀ-ਪ੍ਰੇਮ ਵਿੱਚ ਜੁੜੀ ਹੋਈ ਰੂਹ ਸਨ।

**ਕੁੜਮਾਈ ਅਤੇ ਵਿਆਹ:-** ਉੱਨੀਵੀਂ ਸਦੀ ਦਾ ਸਮਾਜ ਬਹੁਤ ਹੀ ਪਛੜਿਆ ਹੋਇਆ ਸੀ। ਅਗਿਆਨਤਾ ਅਤੇ ਅਨਪੜ੍ਹਤਾ ਦੇ ਕਾਰਨ ਪੰਜਾਬ ਦੀ ਸਮਾਜਿਕ ਜ਼ਿੰਦਗੀ ਵਿੱਚ ਸਮਾਜਿਕ ਚੇਤਨਾ ਦਾ ਅਜੇ ਪਸਾਰ ਨਹੀਂ ਸੀ ਹੋਇਆ। ਬੱਚੇ ਅਜੇ ਸੁਰਤ ਵੀ ਨਹੀਂ ਸੀ ਸੰਭਾਲਦੇ, ਉਹਨਾਂ ਦੇ ਵਿਆਹ ਕਰ ਦਿੱਤੇ ਜਾਂਦੇ ਸਨ। ਇਸ ਤਰ੍ਹਾਂ ਦੇ ਵਿਆਹ ਕਰਨ ਦਾ ਆਮ ਰਿਵਾਜ਼ ਸੀ। ਸਨਾਤਨੀ ਵਿਚਾਰਾਂ ਦੇ ਬ੍ਰਾਹਮਣ ਛੋਟੀ ਉਮਰ ਦੇ ਬੱਚਿਆਂ ਦੇ ਵਿਆਹਾਂ ਨੂੰ ਉਤਸ਼ਾਹਿਤ ਕਰਦੇ ਸਨ। ਸਧਾਰਨ ਜਨਤਾ ਬ੍ਰਾਹਮਣਾਂ ਦੇ ਮਗਰ ਲੱਗੀ ਹੋਈ ਸੀ। ਸਤਿਗੁਰੂ ਅਜੇ ਬਚਪਨ ਦੀਆਂ ਖੇਡਾਂ ਹੀ ਖੇਡਦੇ ਪਏ ਸਨ ਕਿ ਸੱਤ ਸਾਲ ਦੀ ਉਮਰ ਵਿੱਚ ਹੀ ਉਹਨਾਂ ਦੀ ਕੁੜਮਾਈ ਅਤੇ ਵਿਆਹ ਪਿੰਡ ਧਰੌੜ ਦੇ ਸਾਹਿਬ ਸਿੰਘ ਨਾਮ ਦੇ ਵਿਅਕਤੀ ਦੀ ਸਪੁੱਤਰੀ ਬੀਬੀ 'ਜੱਸਾ' ਨਾਲ ਕਰ ਦਿੱਤੀ ਗਈ। ਇਹ ਸ਼ਾਦੀ 1823 ਈਸਵੀ ਵਿੱਚ ਕਰਕੇ ਦੋ ਬਾਲ-ਜਿੰਦੜੀਆਂ ਸਮਾਜਿਕ ਬੰਧਨ ਵਿੱਚ ਜਕੜ ਦਿੱਤੀਆਂ ਗਈਆਂ।

**ਸੰਤ ਸਿਪਾਹੀ:-** ਆਪਣੇ ਪਿਤਾ ਜੀ ਦੇ ਕੰਮਕਾਰ ਵਿੱਚ ਹੱਥ ਵਟਾਉਂਦੇ ਅਤੇ ਨਾਮ ਜਪਦੇ ਸਤਿਗੁਰੂ ਰਾਮ ਸਿੰਘ ਜੀ ਜਵਾਨੀ ਦੀਆਂ ਪੌੜੀਆਂ ਚੜ੍ਹਨ ਲੱਗ ਪਏ। ਨਾਮ ਸਿਮਰਨ ਅਤੇ ਸਾਦਗੀ ਭਰਪੂਰ ਜੀਵਨ ਜੀਉਣ ਕਰਕੇ ਉਹ ਆਤਮਿਕ, ਮਾਨਸਿਕ ਅਤੇ ਸਰੀਰਕ ਪੱਖੋਂ ਤੰਦਰੁਸਤ ਤੇ ਨਰੋਈ ਸ਼ਖਸੀਅਤ ਦੇ ਮਾਲਕ ਬਣ ਗਏ। ਭਰ ਜਵਾਨੀ ਵਿੱਚ ਆਪ ਲੰਬੇ ਸਰੂ ਵਰਗੇ ਕੱਦ, ਮੋਟੇ ਨੂਰ ਵਰਸਾਉਂਦੇ ਨੇਤਰਾਂ ਅਤੇ ਖੰਡੇ ਵਰਗੇ ਤਿੱਖੇ ਨੱਕ ਵਾਲੇ ਦਰਸ਼ਨੀ ਜਵਾਨ ਸਨ।



Sri Satguru Jagjit Singh Ji eLibrary NamdhariElibrary@gmail.com

1837 ਈਸਵੀ 21 ਸਾਲ ਦੀ ਉਮਰ ਵਿੱਚ ਆਪ ਜੀ ਆਪਣੇ ਇਕ ਰਿਸ਼ਤੇਦਾਰ ਭਾਈ ਕਾਬਲ ਸਿੰਘ ਪਾਸ ਲਾਹੌਰ ਆ ਗਏ। ਜਿਸ ਦੀ ਪ੍ਰੇਰਨਾ ਸਦਕਾ ਆਪ ਸਿੱਖ ਫ਼ੌਜ ਵਿੱਚ ਭਰਤੀ ਹੋ ਗਏ। ਇਹ ਫ਼ੌਜ ਮਹਾਰਾਜਾ ਰਣਜੀਤ ਸਿੰਘ ਜੀ ਦੀ ਸੀ। ਫ਼ੌਜ ਵਿੱਚ ਨੌਕਰੀ ਕਰਦੇ ਸਮੇਂ ਵੀ ਭਜਨ ਬੰਦਗੀ ਕਰਦੇ ਰਹਿੰਦੇ ਅਤੇ ਆਪਣੇ ਸੰਗੀ-ਸਾਥੀਆਂ ਨੂੰ ਗੁਰਸਿੱਖੀ ਅਤੇ ਗੁਰਬਾਣੀ ਦਾ ਪ੍ਰਚਾਰ ਕਰਦੇ ਰਹਿੰਦੇ। ਇਸੇ ਕਰਕੇ ਆਪ ਜੀ ਦੀ ਪਲਟਨ ਦਾ ਨਾਮ ਭਾਈ ਰਾਮ ਸਿੰਘ ਪਲਟਨ ਪੈ ਗਿਆ। ਇਕ ਵਾਰ ਆਪ ਆਪਣੀ ਪਲਟਨ ਨਾਲ ਪਿਸ਼ੌਰ ਜਾਂਦੇ ਸਮੇਂ 1841 ਈਸਵੀ ਵਿੱਚ ਹਜ਼ਰੋਂ-ਹਰੀਪੁਰ (ਪਾਕਿਸਤਾਨ) ਵਿੱਚ ਰਹਿੰਦੇ ਪ੍ਰਸਿੱਧ ਭਜਨੀਕ ਮਹਾਂਪੁਰਸ਼ 'ਬਾਬਾ ਬਾਲਕ ਸਿੰਘ' ਦੇ ਸ਼ਰਧਾਲੂ ਬਣ ਗਏ। 'ਬਾਬਾ ਬਾਲਕ ਸਿੰਘ' ਗੁਰਸਿੱਖੀ ਅਸੂਲਾਂ ਵਿੱਚ ਗੜੂੰਦ ਗੁਰਸਿੱਖ ਸਨ। ਫ਼ੌਜ ਦੀ ਨੌਕਰੀ ਸਮੇਂ ਰਾਮ ਸਿੰਘ ਨੂੰ ਕੰਵਰ ਨੌਨਿਹਾਲ ਸਿੰਘ ਦੀ ਅਗਵਾਈ ਵਾਲੀ ਫ਼ੌਜੀ ਤੋਪਖ਼ਾਨੇ ਵਿੱਚ ਨਿਯੁਕਤ ਕੀਤਾ ਗਿਆ। ਫ਼ੌਜਾਂ ਵਿੱਚ ਹੀ ਆਪ ਨੇ ਬਾਬਾ 'ਬਾਲਕ ਸਿੰਘ' ਜੀ ਕੋਲੋਂ ਅਧਿਆਤਮਿਕ ਗਿਆਨ ਪ੍ਰਾਪਤ ਕੀਤਾ। ਜਦੋਂ ਡੋਗਰਿਆਂ ਦੀ ਬੇਵਫ਼ਾਈ ਕਾਰਨ 1845 ਈਸਵੀ ਵਿੱਚ ਸਿੱਖ ਫ਼ੌਜ ਦੀ ਹਾਰ ਹੁੰਦੀ ਸਮਝੀ ਤਾਂ ਬਾਬਾ ਰਾਮ ਸਿੰਘ ਜੀ ਨੇ ਨੌਕਰੀ ਛੱਡ ਦਿੱਤੀ। ਆਪ ਆਪਣੇ ਪਿੰਡ ਰਾਈਆਂ (ਜ਼ਿਲ੍ਹਾ ਲੁਧਿਆਣਾ) ਵਾਪਿਸ ਆ ਗਏ। ਪਿੰਡ ਵਾਪਿਸ ਆ ਕੇ ਉਹ ਆਪਣੇ ਪਿਤਾ ਜੀ ਨਾਲ ਕੰਮ ਕਰਨ ਲੱਗ ਪਏ ਸਨ। ਫਿਰ ਆਪ ਨੇ ਪਿੰਡ ਭੈਣੀ ਸਾਹਿਬ ਵਿੱਚ ਇਕ ਦੁਕਾਨ ਖੋਲ੍ਹ ਲਈ। ਦੁਕਾਨਦਾਰੀ ਦੇ ਨਾਲ-ਨਾਲ ਆਪ ਨੇ ਭਜਨ ਬੰਦਗੀ ਵੀ ਜਾਰੀ ਰੱਖੀ। 1849 ਈਸਵੀ ਵਿੱਚ ਦੇਸ਼ ਪੰਜਾਬ ਦੀ ਵਾਗਡੋਰ ਪੱਕੇ ਤੌਰ 'ਤੇ ਅੰਗਰੇਜ਼ਾਂ ਹੱਥ ਆ ਗਈ। ਆਪ ਨੇ ਦੇਸ਼ ਪੰਜਾਬ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਵਾਉਣ ਦੀ ਠਾਣ ਲਈ। ਇਸ ਸਦਕਾ ਪਿੰਡ ਭੈਣੀ ਰਾਜਸੀ ਸਰਗਰਮੀਆਂ ਦਾ ਕੇਂਦਰ ਬਣ ਗਿਆ। ਦੇਸ਼ ਨੂੰ ਆਜ਼ਾਦ ਕਰਵਾਉਣ ਦਾ ਝੰਡਾ ਚੁੱਕਣ ਕਾਰਨ ਹੀ ਆਪ ਜੀ ਦੀ ਕੀਰਤੀ ਦੂਰ-ਦੂਰ ਤੱਕ ਫੈਲ ਗਈ। ਪਿੰਡਾਂ ਵਿੱਚ ਕਿਰਤ ਕਰਨ ਵਾਲੇ ਆਮ ਕਿਸਾਨ ਇਹਨਾਂ ਦੇ ਪੈਰੋਕਾਰ ਬਣਦੇ ਚਲੇ ਗਏ। ਅੱਠ-ਦਸ ਸਾਲਾਂ ਵਿੱਚ ਹੀ ਲੱਖਾਂ ਦੀ ਗਿਣਤੀ ਵਿੱਚ ਲੋਕ ਆਪ ਜੀ ਦੇ ਝੰਡੇ ਹੇਠ ਇਕੱਠੇ ਹੋ ਗਏ।

ਦੇਸ਼ ਅਤੇ ਸਮਾਜ ਦੀ ਨਿੱਘਰਦੀ ਹਾਲਤ ਨੂੰ ਉੱਚਾ ਚੁੱਕਣ ਲਈ ਸਤਿਗੁਰੂ ਰਾਮ ਸਿੰਘ ਜੀ ਨੇ ਸੰਨ 1857 ਈਸਵੀ ਨੂੰ ਵਿਸਾਖੀ ਵਾਲੇ ਦਿਨ ਪਿੰਡ ਭੈਣੀ ਸਾਹਿਬ ਵਿਖੇ ਇਕ ਦੀਵਾਨ ਸਜਾ ਕੇ "ਸੰਤ ਖਾਲਸਾ" ਦੀ ਸਥਾਪਨਾ ਕਰ ਦਿੱਤੀ। ਇਸ ਦੀਵਾਨ ਵਿੱਚ ਹੁੰਮ-ਹੁੰਮਾ ਕੇ ਆਈਆਂ ਸੰਗਤਾਂ ਸਾਹਮਣੇ ਚਿੱਟਾ ਝੰਡਾ ਝੁਲਾ ਕੇ ਉਹਨਾਂ ਨੂੰ ਇਨਕਲਾਬੀ ਵਿਚਾਰਾਂ ਤੋਂ ਜਾਣੂੰ ਕਰਵਾਇਆ। ਆਪ ਜੀ ਵੱਲੋਂ ਉਸ ਸਮੇਂ ਦੀਵਾਨ ਵਿੱਚ ਪ੍ਰਗਟਾਏ ਵਿਚਾਰ ਸਤਿਯੁੱਗ ਰਸਾਲੇ ਦੇ ਬਸੰਤ ਅੰਕ (ਸੰਮਤ 2025) ਦੇ ਸਫ਼ਾ 103 ਉੱਤੇ ਦਰਜ ਹਨ। ਆਪ ਜੀ ਨੇ ਕੌਮ ਨੂੰ ਵੰਗਾਰਿਆ "ਦੇਸ਼ ਵਾਸੀਓ" ਭਾਰਤੀਆਂ ਨੂੰ ਹੁਣ ਬਲਵਾਨ ਆਤਮਾ ਦੇ ਨਾਲ-ਨਾਲ ਬਲਵਾਨ ਸਰੀਰ ਦੀ ਵੀ ਲੋੜ ਹੈ। ਬਲਵਾਨ



Sri Satguru Jagjit Singh Ji eLibrary NamdhariElibrary@gmail.com

ਸਰੀਰ ਹੀ ਆਪਣੇ ਦੇਸ਼-ਵਾਸੀਆਂ ਦੀ ਰੱਖਿਆ ਕਰ ਸਕਦਾ ਹੈ। ਸਮਾਜ ਵਿੱਚੋਂ ਕੁਰੀਤੀਆਂ ਦੂਰ ਕਰਨੀਆਂ ਤੇ ਭੈੜੀਆਂ ਰਸਮਾਂ ਨੂੰ ਤਿਲਾਂਜਲੀ ਦੇਣੀ ਸਾਡਾ ਸਭ ਦਾ ਧਰਮ ਹੈ। ਅੰਗਰੇਜ਼ਾਂ ਦੀਆਂ ਬਣਾਈਆਂ ਰੇਲ-ਗੱਡੀਆਂ, ਸਕੂਲ ਅਤੇ ਡਾਕਖਾਨੇ ਆਦਿ ਦੀਆਂ ਸਹੂਲਤਾਂ ਉਹਨਾਂ ਨੂੰ ਮੁਬਾਰਕ। ਅਸੀਂ ਅੰਗਰੇਜ਼ਾਂ ਦੇ ਬਰਾਬਰ ਆਪਣੀ ਹਕੂਮਤ ਕਾਇਮ ਕਰਨੀ ਹੈ। ਚਿੱਠੀ-ਪੱਤਰ ਲਈ ਸਾਡਾ ਪ੍ਰਬੰਧ ਜ਼ਰੂਰੀ ਹੈ ਤਾਂ ਜੋ ਸਾਡੀਆਂ ਚਿੱਠੀਆਂ ਅੰਗਰੇਜ਼ ਹਕੂਮਤ ਦੇ ਸੈਂਸਰ ਤੋਂ ਬਚ ਸਕਣ। ਅੰਗਰੇਜ਼ਾਂ ਦੇ ਖੋਲ੍ਹੇ ਸਕੂਲਾਂ ਦੀ ਥਾਂ ਆਪਣੇ ਬੱਚਿਆਂ ਨੂੰ ਧਰਮਸ਼ਾਲਾ, ਮੰਦਿਰ ਤੇ ਮਸਜਿਦਾਂ ਵਿੱਚ ਵਿੱਦਿਆ ਹਾਸਲ ਕਰਵਾਉਣ ਦਾ ਪ੍ਰਬੰਧ ਕਰਨਾ ਹੈ ਤਾਂ ਜੋ ਅਸੀਂ ਅੰਗਰੇਜ਼ ਹਕੂਮਤ ਨੂੰ ਆਪਣੀ ਸ਼ਕਤੀ ਤੋਂ ਜਾਣੂੰ ਕਰਵਾ ਸਕੀਏ।

ਸਤਿਗੁਰੂ ਰਾਮ ਸਿੰਘ ਦੇ ਇਸ ਭਾਸ਼ਣ ਮਗਰੋਂ ਜਦ ਸੰਗਤਾਂ ਘਰਾਂ ਨੂੰ ਪਰਤ ਰਹੀਆਂ ਸਨ ਤਾਂ ਉਹਨਾਂ ਦੇ ਚਿਹਰਿਆਂ 'ਤੇ ਇਕ ਅਨੋਖੀ ਕਿਸਮ ਦਾ ਜਲਾਲ ਸੀ। ਇੰਝ ਜਾਪਦਾ ਸੀ, ਜਿਵੇਂ ਬਹਾਦਰ ਪੰਜਾਬੀ ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਕੱਢ ਕੇ ਪੰਜਾਬ ਦਾ ਖੋਹਿਆ ਹੋਇਆ ਗੌਰਵ ਫਿਰ ਪ੍ਰਾਪਤ ਕਰਨ ਲਈ ਕਾਹਲ਼ੇ ਪੈ ਗਏ ਹਨ। ਸਤਿਗੁਰੂ ਜੀ ਨੇ ਖੰਡੇ-ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਆਪਣੇ ਪੈਰੋਕਾਰਾਂ ਨੂੰ ਸਿੰਘ ਸਜਾਉਣਾ ਸ਼ੁਰੂ ਕਰ ਦਿੱਤਾ। ਅਜਿਹਾ ਕਰਕੇ ਆਪ ਜੀ ਨੇ ਸੁੱਤੀ ਪਈ ਕੌਮ ਦੀ ਅਣਖ ਨੂੰ ਵੰਗਾਰਿਆ।

ਸਤਿਗੁਰੂ ਰਾਮ ਸਿੰਘ ਜੀ ਨੇ ਧਾਰਮਿਕ ਸਥਾਨਾਂ ਦੀ ਸਾਂਭ-ਸੰਭਾਲ ਦੇ ਨਾਲ-ਨਾਲ ਸਮਾਜਿਕ ਬੁਰਾਈਆਂ ਵਿਰੁੱਧ ਆਵਾਜ਼ ਉਠਾਈ। ਸਭ ਤੋਂ ਪਹਿਲਾਂ ਆਪ ਜੀ ਨੇ ਕੁੜੀਆਂ ਨੂੰ ਮਾਰਨਾ, ਕੁੜੀਆਂ ਨੂੰ ਵੇਚਣਾ, ਵੱਟੇ ਦਾ ਵਿਆਹ ਕਰਨਾ ਅਤੇ ਬਾਲ-ਵਿਆਹ ਕਰਨ ਵਿਰੁੱਧ ਆਵਾਜ਼ ਬੁਲੰਦ ਕੀਤੀ। ਆਪਣੇ ਪੈਰੋਕਾਰਾਂ ਨੂੰ ਇਸ ਸਮਾਜਿਕ ਬੁਰਾਈ ਨੂੰ ਮਿਟਾਉਣ ਲਈ ਸਮਾਜ ਵਿੱਚ ਲਹਿਰ ਚਲਾਉਣ ਲਈ ਪ੍ਰੇਰਿਆ। ਆਪ ਨੇ ਅੰਧ-ਵਿਸ਼ਵਾਸ਼ ਵਿੱਚ ਸਮਾਜ ਨੂੰ ਜਾਦੂ-ਟੂਣੇ ਮੜ੍ਹੀਆਂ-ਮਸਾਣਾਂ ਦੀ ਪੂਜਾ ਕਰਨ ਤੋਂ ਨਿਜ਼ਾਤ ਦਿਵਾਈ। ਆਪ ਨੇ ਸਤੀ-ਪ੍ਰਥਾ ਵਿਰੁੱਧ ਆਵਾਜ਼ ਉਠਾ ਕੇ ਵਿਧਵਾ-ਵਿਆਹ ਲਈ ਪ੍ਰਚਾਰ ਕੀਤਾ। ਆਪ ਘੋੜੀਆਂ ਉੱਤੇ ਸਵਾਰ ਜਥਿਆਂ ਸਮੇਤ ਪਿੰਡ-ਪਿੰਡ ਤੇ ਸ਼ਹਿਰ-ਸ਼ਹਿਰ ਗਏ। ਲੋਕਾਂ ਨੂੰ ਆਪਣੇ ਸਰੀਰ ਦੀ ਸੰਭਾਲ ਕਰਕੇ ਮਾਨਸਿਕ ਅਤੇ ਆਤਮਿਕ ਤੌਰ 'ਤੇ ਉੱਚੇ ਹੋ ਕੇ ਦੇਸ਼ ਦੇ ਵਫ਼ਾਦਾਰ ਬਣਨ ਲਈ ਪ੍ਰੇਰਿਆ। ਸਤਿਗੁਰੂ ਰਾਮ ਸਿੰਘ ਜੀ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੱਕ ਦੇ ਇਲਾਕਿਆਂ ਨੂੰ ਤੀਸਰੀ ਪਾਤਸ਼ਾਹੀ ਸ੍ਰੀ ਗੁਰੂ ਅਮਰ ਦਾਸ ਵਾਂਗ 22 ਮੰਜੀਆਂ (ਸੂਬੇ) ਨਿਯੁਕਤ ਕੀਤੇ। ਪੰਜ ਸੂਬੇ ਜਿਵੇਂ ਕਾਬੁਲ ਵਿੱਚ ਭਾਈ ਬਿਸ਼ਨ ਸਿੰਘ, ਕਸ਼ਮੀਰ ਵਿੱਚ ਭਾਈ ਹੇਮਾ ਸਿੰਘ, ਨੇਪਾਲ ਵਿਚ ਭਾਈ ਨਿਹੰਗ ਸਿੰਘ, ਬਨਾਰਸ ਵਿੱਚ ਭਾਈ ਕਾਹਨ ਸਿੰਘ ਤੇ ਗਵਾਲੀਅਰ ਵਿੱਚ ਭਾਈ ਨਰੈਣ ਸਿੰਘ 22 ਹਿੱਸਿਆਂ ਵਿੱਚ ਵੰਡ ਕੇ 22 ਸੂਬੇ ਨਿਯੁਕਤ ਕੀਤੇ। ਇਹਨਾਂ ਸੂਬਿਆਂ ਨੂੰ ਨਾਮਧਾਰੀ ਸੰਪਰਦਾ ਵਲੋਂ ਸਮਾਜ ਸੁਧਾਰ ਲਈ ਬਣਾਏ ਗਏ ਅਸੂਲਾਂ ਦੇ ਪ੍ਰਚਾਰ ਕਰਨ ਦਾ ਕਾਰਜ ਸੌਂਪਿਆ ਗਿਆ। ਸਮਾਜ ਸੁਧਾਰ



Sri Satguru Jagjit Singh Ji eLibrary NamdhariElibrary@gmail.com

ਲਈ ਸਥਾਪਿਤ ਕੀਤੇ ਅਸੂਲਾਂ ਸਦਕਾ ਰਾਜੇ, ਦਰਬਾਰੀ, ਅਮੀਰ-ਗ਼ਰੀਬ ਤੇ ਅਫ਼ਸਰ ਸਭ ਨਾਮਧਾਰੀ ਸੰਪਰਦਾ ਨਾਲ ਜੁੜਨ ਲੱਗੇ। ਆਪ ਜੀ ਨੇ ਸਰਕਾਰੀ ਦਮਨ ਕਾਰਨ ਮੰਦ ਪਈ ਸਿੱਖੀ ਦੀ ਲਹਿਰ ਨੂੰ ਮੁੜ ਸੁਰਜੀਤ ਕਰਨ ਦੇ ਇਰਾਦੇ ਨਾਲ ਸਿੱਖੀ ਪ੍ਰਚਾਰ ਆਰੰਭ ਕਰ ਦਿੱਤਾ। ਇਸ ਬਾਰੇ ਸਰਦਾਰ ਕਪੂਰ ਸਿੰਘ ਆਈ.ਸੀ.ਐਸ. ਆਪਣੀ ਪੁਸਤਕ 'ਸਪਤ ਸ੍ਰਿੰਗ' ਵਿੱਚ ਲਿਖਦੇ ਹਨ "ਸੱਚੀ ਗੱਲ ਤਾਂ ਇਹ ਹੈ ਕਿ ਭਾਰਤ ਵਰਸ਼ ਵਿੱਚ ਸ਼੍ਰੀ ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਕੋਈ ਵੀ ਇਤਿਹਾਸਕ ਵਿਅਕਤੀ ਅਜਿਹਾ ਨਹੀਂ ਹੋਇਆ, ਜਿਸ ਦੇ ਜੀਵਨ ਮਨੋਰਥ ਦਾ ਨਿਸ਼ਾਨਾ ਐਨਾ ਅਮੀਰ ਤੇ ਉੱਚਾ ਰੱਖਿਆ ਹੋਵੇ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਮਗਰੋਂ ਇਸ ਕਿਸਮ ਦੀ ਦਲੇਰੀ ਵਾਲਾ ਪੁਰਸ਼ ਭਾਰਤ ਵਿੱਚ 'ਬਾਬਾ ਰਾਮ ਸਿੰਘ' ਹੀ ਹੋਇਆ ਹੈ।"

ਉਸ ਸਮੇਂ ਕੁਝ ਸਾਲਾਂ ਵਿੱਚ ਹੀ ਸਤਿਗੁਰੂ ਰਾਮ ਸਿੰਘ ਜੀ ਨੇ ਸੱਤ ਲੱਖ ਸਿੱਖ ਆਪਣੇ ਆਰੰਭੇ ਕਾਰਜ ਦੀ ਪੂਰਤੀ ਲਈ ਇਕ ਝੰਡੇ ਹੇਠ ਇਕੱਠੇ ਕਰ ਲਏ ਸਨ। ਜਿਹੜੇ ਆਪ ਜੀ ਦੇ ਹੁਕਮਾਂ ਦੀ ਪੂਰਤੀ ਲਈ ਆਪਾ ਵਾਰਨ ਨੂੰ ਤਿਆਰ-ਬਰ-ਤਿਆਰ ਸਨ। ਫਿਰ ਸਤਿਗੁਰੂ ਰਾਮ ਸਿੰਘ ਜੀ ਨੇ ਭਾਰਤ ਨੂੰ ਅੰਗਰੇਜ਼ ਸਰਕਾਰ ਤੋਂ ਆਜ਼ਾਦ ਕਰਵਾਉਣ ਬਾਰੇ ਆਪਣੀ ਦੂਰਦਰਸ਼ੀ ਸੋਚ ਸੀ ਕਿ ਬਰਤਾਨਵੀ ਸਰਕਾਰ ਨਾਲ ਹਥਿਆਰਾਂ ਨਾਲ ਆਢਾ ਲਾਉਣਾ ਕਠਿਨ ਕੰਮ ਹੈ। ਇਸ ਲਈ ਉਹਨਾਂ ਨੂੰ ਅੰਗਰੇਜ਼ਾਂ ਨਾਲ ਨਾ-ਮਿਲਵਰਤਣ (ਬਾਈਕਾਟ) ਲਹਿਰ ਦਾ ਮਜ਼ਬੂਤ ਅਤੇ ਸਫ਼ਲ ਹਥਿਆਰ ਵਰਤਿਆ। ਉਹਨਾਂ ਨੇ ਦੇਸ਼ ਦੇ ਕੋਨੇ-ਕੋਨੇ ਵਿੱਚ ਆਵਾਜ਼ ਪਹੁੰਚਾ ਦਿੱਤੀ ਕਿ ਭਾਰਤ ਵਾਸੀਓ! ਅੰਗਰੇਜ਼ਾਂ ਦੀ ਸਥਾਪਿਤ ਵਿਵਸਥਾ ਡਾਕ-ਤਾਰ, ਰੇਲ ਨਿਆਂ-ਪ੍ਰਬੰਧ ਤੇ ਬਸਤਰ ਸਭਨਾਂ ਦਾ ਬਾਈਕਾਟ ਕਰ ਦਿਉ, ਜਿਸ ਸਦਕਾ ਨਾਮਧਾਰੀ ਸਿੱਖਾਂ ਨੇ ਨਾਅਰਾ ਲਾਉਣਾ ਸ਼ੁਰੂ ਕਰ ਦਿੱਤਾ।

"ਇੱਥੋਂ ਚੱਕ ਲੈ ਫ਼ਰੰਗੀਆਂ ਡੇਰਾ,
ਖ਼ਾਲਸੇ ਨੇ ਰਾਜ ਕਰਨਾ।"



Sri Satguru Jagjit Singh Ji eLibrary NamdhariElibrary@gmail.com

# ਅੰਗਰੇਜ਼ੀ ਸਰਕਾਰ ਦੀਆਂ ਚਾਲਾਂ ਅਤੇ ਪੰਜਾਬ

**ਨਾਮਧਾਰੀ ਅੰਦੋਲਨ ਦੇ ਸੰਦਰਭ ਵਿੱਚ:–** ਸੰਨ 1858 ਈ. ਵਿੱਚ 'ਜਾਹਨ ਲਾਰੈਂਸ' ਨੇ ਕਿਹਾ ਕਿ "ਅਸੀਂ (ਅੰਗਰੇਜ਼) ਭਾਰਤੀ ਲੋਕਾਂ ਵਲੋਂ ਚੁਣੇ ਜਾਣ ਕਰਕੇ ਜਾਂ ਉਹਨਾਂ ਵਲੋਂ ਨਾਮਜ਼ਦ ਹੋ ਕੇ ਭਾਰਤ ਵਿੱਚ ਨਹੀਂ ਆਏ – ਸਗੋਂ ਅਸੀਂ ਆਪਣੀ ਇਖ਼ਲਾਕੀ ਉੱਚਤਾ, ਹਾਲਾਤ ਦੀ ਜ਼ਰੂਰਤ ਅਤੇ ਪ੍ਰਿਤਪਾਲਕ ਦੀ ਕਿਰਪਾ ਦ੍ਰਿਸ਼ਟੀ ਨਾਲ ਤਾਕਤ ਵਿੱਚ ਆਏ ਹਾਂ। ਆਪਣੇ ਵਲੋਂ ਲੋਕਾਂ ਦੀ ਭਲਾਈ ਲਈ ਅਸੀਂ ਯਤਨ ਕਰਦੇ ਹਾਂ, ਪਰੰਤੂ ਉਹਨਾਂ ਦੀ ਇੱਛਾ ਮੁਤਾਬਿਕ ਕੰਮ ਕਰਨ ਦੀ ਬੰਦਿਸ਼ ਸਾਡੇ ਉੱਪਰ ਲਾਗੂ ਨਹੀਂ ਹੋ ਸਕਦੀ। ਸਗੋਂ ਅਸੀਂ ਆਪਣੀ ਜ਼ਮੀਰ ਦੀ ਆਵਾਜ਼ ਮੁਤਾਬਿਕ ਰਾਜ ਕਰਨ ਦੇ ਵਚਨਬੱਧ ਹਾਂ।" ਅੰਗਰੇਜ਼ਾਂ ਨੇ ਲੋਕਾਂ ਦੀ ਜ਼ਮੀਰ ਨੂੰ ਕੁਚਲਣ ਲਈ ਪ੍ਰਿਤਪਾਲਕ ਦੀ ਕਿਰਪਾ ਦ੍ਰਿਸ਼ਟੀ ਦਾ ਨਾਮ ਦੇ ਕੇ ਅੱਤ ਦਰਜੇ ਦਾ ਖੁੱਲਮ-ਖੁੱਲਾ ਤਸ਼ਦਦ ਹਰ ਪ੍ਰਕਾਰ ਦਾ



ਭ੍ਰਿਸ਼ਟਾਚਾਰ ਵਰਤ ਕੇ ਭਾਰਤ ਨੂੰ ਗ਼ੁਲਾਮ ਰੱਖਣ ਦਾ ਕੋਝਾ ਯਤਨ ਕੀਤਾ। ਇਸ ਗ਼ੁਲਾਮੀ ਦੇ ਜ਼ੁਲਮ ਦਾ ਇਲਜ਼ਾਮ ਆਪਣੇ ਸਿਰ ਨਾ ਲੈ ਕੇ ਅੰਗਰੇਜ਼ਾਂ ਵੱਲੋਂ ਨੈਤਿਕ ਉੱਚਤਾ ਅਤੇ ਪ੍ਰਿਤਪਾਲਕ ਦੀ ਕਿਰਪਾ ਦ੍ਰਿਸ਼ਟੀ ਰਹਿਮਤ ਦਾ ਨਾਮ ਦਿੱਤਾ ਗਿਆ ਸੀ। ਇਸ ਇਖ਼ਲਾਕੀ ਵਡੱਪਣ ਦਾ ਭਾਂਡਾ ਸ੍ਰੀ 'ਸਤਿਗੁਰੂ ਰਾਮ ਸਿੰਘ' ਜੀ ਨੇ ਅਤੇ ਉਹਨਾਂ ਦੇ ਪੈਰੋਕਾਰਾਂ ਨੇ 12 ਅਪ੍ਰੈਲ 1857 ਈ. ਨੂੰ ਚਿੱਟੇ ਝੰਡੇ ਹੇਠ ਇਕੱਠੇ ਹੋ ਕੇ ਚੌਰਾਹੇ ਵਿੱਚ ਭੰਨ ਦਿੱਤਾ ਸੀ।



Sri Satguru Jagjit Singh Ji eLibrary NamdhariElibrary@gmail.com

ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ,
ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।

ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਸਿੱਖ ਕੌਮ ਦਾ ਕਿਰਦਾਰ ਬਹੁਤ ਹੀ ਗਿਰ ਚੁੱਕਾ ਸੀ ਅਤੇ ਈਸਾਈ ਮੱਤ ਦਾ ਪ੍ਰਚਾਰ ਬਹੁਤ ਜ਼ੋਰ-ਸ਼ੋਰ ਨਾਲ ਹੋ ਰਿਹਾ ਸੀ। ਕੌਮ ਵਿੱਚ ਆਈ ਸਦਾਚਾਰਕ ਗਿਰਾਵਟ ਨੂੰ ਦੂਰ ਕਰਨ ਲਈ ਅਨੁਸ਼ਾਸਨ ਅਤੇ ਧਾਰਮਿਕ ਅਸੂਲਾਂ ਦੀ ਪ੍ਰਪੱਕਤਾ ਬਹੁਤ ਜ਼ਰੂਰੀ ਸੀ। ਸਦਾਚਾਰਕ ਉੱਚਤਾ ਸਤਿਗੁਰਾਂ ਦਾ ਮੁੱਢਲਾ ਅਸੂਲ ਸੀ ਜਿਸ 'ਤੇ ਪਹਿਰਾ ਦੇਣ ਲਈ ਨਾਮਧਾਰੀ ਗੁਰੂ ਅਤੇ ਸਿੱਖਾਂ ਦਾ ਸ਼ਾਂਤਮਈ ਅੰਦੋਲਨ ਕਿਸੇ ਜਾਤੀ ਮੁਫ਼ਾਦ ਕਰਕੇ ਨਹੀਂ ਸੀ "ਨਾਮਧਾਰੀਆਂ ਦੀ ਚੜ੍ਹਤ ਵਖੇ ਕੇ 4 ਨਵੰਬਰ 1871 ਨੂੰ ਅੰਬਾਲੇ ਦੇ ਡਿਪਟੀ ਕਮਿਸ਼ਨਰ ਨੇ ਅੰਗਰੇਜ਼ੀ ਸਰਕਾਰ ਨੂੰ ਸੂਚਿਤ ਕੀਤਾ 'ਰਾਮ ਸਿੰਘ' ਧਾਰਮਿਕ ਵਿਅਕਤੀ ਨਹੀਂ; ਸਗੋਂ ਰਾਜਸੀ ਆਗੂ ਹੈ, ਮੇਰੀ ਰਾਇ ਹੈ ਉਸ ਨੂੰ ਤਾਉਮਰ ਕਾਲੇ ਪਾਣੀ ਭੇਜ ਦਿੱਤਾ ਜਾਵੇ" ਜਿਸ ਸਦਕਾ ਰੰਗੂਨ (ਬਰਮਾ) ਵਿਖੇ 'ਸਤਿਗੁਰੂ ਰਾਮ ਸਿੰਘ' ਜੀ ਨੂੰ ਉਸ ਮਕਾਨ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ ਜਿੱਥੇ ਸੰਨ 1857 ਈ. ਦੇ ਗਦਰ ਮਗਰੋਂ ਆਖਰੀ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ ਨੂੰ ਕੈਦ ਰੱਖਿਆ ਗਿਆ ਸੀ। ਇੱਧਰ ਨਾਮਧਾਰੀਆਂ ਨੂੰ ਸਤਿਗੁਰੂ ਜੀ ਬਾਰੇ ਇਹ ਵੀ ਪਤਾ ਨਹੀਂ ਸੀ ਕਿ ਉਹ ਦੇਸ਼ ਵਿੱਚ ਹਨ ਜਾਂ ਦੇਸ਼ੋਂ ਬਾਹਰ* ਪਰ ਹੌਲੀ-ਹੌਲੀ ਉਹਨਾਂ ਨੂੰ ਸਤਿਗੁਰਾਂ ਜੀ ਦੇ ਰੰਗੂਨ ਵਾਸ ਦਾ ਪਤਾ ਲੱਗ ਗਿਆ। ਅੰਗਰੇਜ਼ੀ ਹਕੂਮਤ ਦੀ ਸਖ਼ਤ ਨਿਗਰਾਨੀ ਦੇ ਬਾਵਜੂਦ ਕੁਝ ਨਾਮਧਾਰੀ ਸੈਂਕੜੇ ਮੁਸ਼ਕਲਾਂ ਝਾਗ ਕੇ ਬਰਮਾ ਜਾ ਪਹੁੰਚੇ। ਇਸ ਤਰ੍ਹਾਂ ਖ਼ੁਫ਼ੀਆ ਤੌਰ 'ਤੇ 'ਸਤਿਗੁਰੂ ਰਾਮ ਸਿੰਘ' ਜੀ ਦਾ ਪੰਜਾਬ ਦੇ ਨਾਮਧਾਰੀਆਂ ਤੋਂ ਦੇਸ਼ ਭਗਤਾਂ ਨਾਲ ਸੰਪਰਕ ਕਾਇਮ ਹੋ ਗਿਆ। ਸਰਕਾਰ ਨੇ ਸਤਿਗੁਰੂ ਜੀ ਨੂੰ 18 ਸਤੰਬਰ 1880 ਈਸਵੀ ਨੂੰ ਮਰਗੋਈ (ਬਰਮਾ) ਵਿੱਚ ਤਬਦੀਲ ਕਰ ਦਿੱਤਾ, ਫਿਰ ਵੀ ਰੂਸ ਤੇ ਨੇਪਾਲ ਆਦਿ ਮੁਲਕਾਂ ਨਾਲ ਨਾਮਧਾਰੀ ਨੇਤਾਵਾਂ ਦੀ ਗੱਲਬਾਤ ਦੀ ਖ਼ਬਰ ਆਪ ਨੂੰ ਬਕਾਇਦਾ ਪਹੁੰਚਦੀ ਰਹੀ।

ਅੰਗਰੇਜ਼ਾਂ ਨੇ ਦੇਖਿਆ ਕਿ ਜਦੋਂ ਮਰਗੋਈ ਤੋਂ ਵੀ ਸਤਿਗੁਰੂ ਰਾਮ ਸਿੰਘ ਜੀ ਨੇ ਬਰਮਾ ਦੇ ਰਾਜਾ "ਖਿਬੂ" ਨਾਲ ਵੀ ਸੰਪਰਕ ਬਣਾ ਰੱਖਿਆ ਹੈ, ਉਹ ਤਦੋਂ ਵੱਡੇ ਖ਼ਤਰੇ ਦੀ ਹੱਦ ਤੱਕ ਪਹੁੰਚ ਗਿਆ ਤਾਂ ਇਕ ਪਾਸੇ ਤਾਂ ਉਹਨਾਂ ਨੇ 29 ਨਵੰਬਰ ਸੰਨ 1885 ਈ. ਨੂੰ ਰਾਤੋ-ਰਾਤ ਰਾਜਾ "ਖਿਬੂ" ਨੂੰ ਗੱਦੀ ਤੋਂ ਲਾਹ ਦਿੱਤਾ ਅਤੇ ਉਸ ਨੂੰ ਮਦਰਾਸ ਭੇਜ ਦਿੱਤਾ ਅਤੇ ਦੂਸਰੇ ਪਾਸੇ 'ਸਤਿਗੁਰੂ ਰਾਮ ਸਿੰਘ' ਜੀ (ਜੋ ਇਹ ਸਾਰੇ ਭੇਦ ਜਾਣਦੇ ਸਨ) ਨੂੰ ਗੁਪਤ ਰੂਪ ਵਿੱਚ ਕਿਸੇ ਹੋਰ ਦੁਰੇਡੀ ਥਾਂ ਬਦਲ ਕੇ ਉਹਨਾਂ ਦੇ ਗੁਜ਼ਰ ਜਾਣ ਦੀ ਖ਼ਬਰ ਦੇ ਦਿੱਤੀ।

17 ਜਨਵਰੀ ਸੰਨ 1872 ਈ. ਨੂੰ ਅੰਗਰੇਜ਼ ਡਿਪਟੀ ਕਮਿਸ਼ਨਰ 'ਐਲ ਕਾਵਨ' ਨੇ ਅਦਾਲਤੀ ਅਧਿਕਾਰਾਂ ਦੀ ਉਲੰਘਣਾ ਕਰਦਿਆਂ ਇਹਨਾਂ ਨਾਮਧਾਰੀ ਸਿੱਖਾਂ ਨੂੰ (ਜਿਹਨਾਂ ਦੀ ਗਿਣਤੀ 66 ਦੱਸੀ ਜਾਂਦੀ ਹੈ) ਫੜ ਲਿਆ, ਜਿਨ੍ਹਾਂ ਵਿੱਚੋਂ 50 ਨਾਮਧਾਰੀਆਂ ਨੂੰ ਬਿਨਾਂ ਮੁਕੱਦਮਾ ਚਲਾਏ ਮਲੇਰਕੋਟਲਾ ਦੇ ਰੱਕੜ ਵਿੱਚ 7 ਤੋਪਾਂ ਬੀੜ ਕੇ 49 ਨਾਮਧਾਰੀ ਸਿੰਘਾਂ ਨੂੰ ਤੋਪਾਂ ਨਾਲ ਉਡਾ ਦਿੱਤਾ। ਇਸ ਖ਼ੂਨੀ ਦ੍ਰਿਸ਼ ਮੌਕੇ ਇਕ 12


Sri Satguru Jagjit Singh Ji eLibrary NamdhariElibrary@gmail.com

ਸਾਲਾ ਬੱਚੇ ਬਿਸ਼ਨ ਸਿੰਘ ਨੂੰ ਵੇਖ ਕੇ ਡੀ.ਸੀ. ਕਾਵਨ ਦੀ ਮੇਮ ਦਾ ਮਨ ਡੋਲ ਗਿਆ। ਸਿੱਟੇ ਵਜੋਂ ਐਲ. ਕਾਵਨ ਨੇ ਬੱਚੇ ਨੂੰ ਬਾਗ਼ੀਆਂ ਦਾ ਸਾਥ ਛੱਡ ਦੇਣ ਲਈ ਕਿਹਾ ਤਾਂ ਉਸ ਬਹਾਦਰ ਬੱਚੇ ਨੇ ਕਾਵਨ ਦੀ ਦਾੜ੍ਹੀ ਨੂੰ ਜਾ ਫੜਿਆ। ਇਹ ਦਾੜ੍ਹੀ ਉਦੋਂ ਤੱਕ ਨਾ ਛੱਡੀ ਜਦੋਂ ਤੱਕ ਉਸ ਵਿੱਚ ਦਮ ਰਿਹਾ। ਉਸ ਤੋਂ ਅਗਲੇ ਦਿਨ 16 ਹੋਰ ਸਿੰਘਾਂ ਨੂੰ ਵੀ ਤੋਪਾਂ ਨਾਲ ਉਡਾ ਦਿੱਤਾ।

18 ਜਨਵਰੀ 1872 ਈਸਵੀ ਨੂੰ ਅੰਗਰੇਜ਼ ਸਰਕਾਰ ਦੇ ਅਧਿਕਾਰੀ ਨੇ 'ਸਤਿਗੁਰੂ ਰਾਮ ਸਿੰਘ' ਜੀ ਅਤੇ ਉਹਨਾਂ ਦੇ ਸੇਵਕ ਨਾਨੂੰ ਸਿੰਘ ਤਿੰਨ ਹੋਰ ਸੂਬਿਆਂ ਸਮੇਤ ਗੋਰਖਾ ਗਾਰਦ ਅਤੇ ਮਿਸਟਰ ਜੈਕਸਨ ਦੀ ਨਿਗਰਾਨੀ ਹੇਠ ਸਪੈਸ਼ਲ ਟਰੇਨ ਰਾਹੀਂ ਇਲਾਹਾਬਾਦ ਪਹੁੰਚਾ ਦਿੱਤਾ, ਸਾਰੇ ਸੂਬਿਆਂ ਨੂੰ ਥਾਂ ਦੀ ਥਾਂ ਨਜ਼ਰਬੰਦ ਕਰ ਦਿੱਤਾ ਗਿਆ। ਭੈਣੀ ਸਾਹਿਬ ਪੁਲਿਸ ਚੌਂਕੀ ਬਿਠਾ ਦਿੱਤੀ ਗਈ। ਪਿੰਡ-ਪਿੰਡ ਕੂਕਿਆਂ 'ਤੇ ਦੀਵਾਨ ਲਗਾਉਣ ਅਤੇ ਪਾਠ ਕਰਨ ਤੱਕ ਦੀ ਪਾਬੰਦੀ ਲਗਾ ਦਿੱਤੀ ਗਈ। 'ਸਤਿਗੁਰੂ ਰਾਮ ਸਿੰਘ' ਜੀ ਨੂੰ ਜਦੋਂ ਇਲਾਹਾਬਾਦ ਤੋਂ ਰੰਗੂਨ (ਬਰਮਾ) ਲਿਜਾਇਆ ਜਾ ਰਿਹਾ ਸੀ ਤਾਂ ਅੰਗਰੇਜ਼ ਅਫ਼ਸਰ ਨੇ ਪੁੱਛਿਆ ਕਿ 'ਬਾਬਾ ਜੀ, ਹੁਣ ਤੁਹਾਡੇ ਗਦਰ ਦਾ ਕੀ ਹੋਵੇਗੈ' ਤਾਂ ਸਤਿਗੁਰਾਂ ਨੇ ਆਖਿਆ, ''ਬਿੱਲਿਆ ਤੂੰ ਇਕ 'ਰਾਮ ਸਿੰਘ' ਨੂੰ ਤਾਂ ਗ੍ਰਿਫ਼ਤਾਰ ਕਰ ਲਿਆ'', ਮੈਂ ਘਰ-ਘਰ 'ਰਾਮ ਸਿੰਘ' (ਦੇਸ਼ ਭਗਤ) ਪੈਦਾ ਕਰ ਆਇਆ ਹਾਂ ਜੋ ਆਜ਼ਾਦੀ ਪ੍ਰਾਪਤ ਕਰਕੇ ਹੀ ਦਮ ਲੈਣਗੇ।

'ਰਾਮ ਸਿੰਘ' ਜੀ ਨੇ ਆਪਣੇ ਸੇਵਕਾਂ (ਨਾਮਧਾਰੀਆਂ) ਨੂੰ ਆਖਿਆ ਕਿ ''ਫ਼ਸਲ ਬੀਜ ਕੇ ਤੁਸੀਂ ਵੱਢੀ ਹੈ ਤੇ ਬੋਹਲ ਬਣਾ ਕੇ ਕਿਸੇ ਹੋਰ ਨੂੰ ਸੰਭਾਲ ਆਏ ਹੋ। ਜਾਓ, ਜਾ ਕੇ ਆਪਣਾ ਜ਼ੁਰਮ ਕਬੂਲ਼ ਕਰੋ ਅਤੇ ਸ਼ਹੀਦੀਆਂ ਦੇਵੋ।'' ਸਤਿਗੁਰਾਂ ਦੇ ਏਨਾ ਕਹਿਣ ਦੀ ਦੇਰ ਸੀ ਕਿ ਉਹਨਾਂ ਨਾਮਧਾਰੀ ਸਿੰਘਾਂ ਨੇ ਸੱਚ ਤੇ ਪਹਿਰਾ ਦਿੰਦਿਆਂ ਜ਼ੁਰਮ ਕਬੂਲ਼ ਕਰਕੇ ਹੱਸਦਿਆਂ-ਹੱਸਦਿਆਂ ਸ਼ਹੀਦੀਆਂ ਪਾਈਆਂ।

ਇਸ ਤਰ੍ਹਾਂ 5 ਅਗਸਤ 1871 ਈ. ਨੂੰ ਰਾਏਕੋਟ ਵਿਖੇ, 15 ਸਤੰਬਰ ਸੰਨ 1871 ਈ. ਨੂੰ ਅੰਮ੍ਰਿਤਸਰ ਵਿਖੇ, 26 ਨਵੰਬਰ ਸੰਨ 1871 ਈ. ਨੂੰ ਸੈਂਟਰਲ ਜ਼ੇਲ ਅੱਗੇ ਨਾਮਧਾਰੀ ਸਿੱਖਾਂ ਨੂੰ ਬਾਗ਼ੀਆਨਾ ਕਾਰਵਾਈਆਂ ਕਰਨ ਕਰਕੇ, ਫਾਂਸੀ 'ਤੇ ਚੜ੍ਹਾ ਦਿੱਤਾ ਗਿਆ। ਇਹਨਾਂ ਸਿੰਘਾਂ ਨੇ ਚਮੜੇ ਦੀ ਤੰਦੀ ਗੱਲ ਵਿੱਚ ਪਾਉਣ ਤੋਂ ਨਾਂਹ ਕਰਕੇ ਬਾਹਰ ਖੁੱਲ੍ਹੇਆਮ ਇਸ਼ਨਾਨ ਕਰਕੇ, ਦੀਵਾਨ ਸਜਾ ਕੇ ਆਪਣੀ ਹੱਥੀਂ ਰੇਸ਼ਮੀ ਰੱਸੇ ਆਪਣੇ ਗਲ਼ਾਂ ਵਿਚ ਪਾ ਕੇ ਸ਼ਹੀਦੀਆਂ ਪ੍ਰਾਪਤ ਕੀਤੀ। ਅੰਗਰੇਜ਼ ਹਕੂਮਤ ਨਾਮਧਾਰੀਆਂ ਦੀ ਹੱਕ-ਸੱਚ ਤੇ ਦੇਸ਼ ਦੀ ਆਜ਼ਾਦੀ ਲਈ ਚਲਾਈ ਲਹਿਰ ਤੋਂ ਹੋਰ ਵੀ ਭੈ-ਭੀਤ ਹੋ ਗਈ।

12 ਜਨਵਰੀ ਸੰਨ 1872 ਈ. ਨੂੰ 'ਸਤਿਗੁਰੂ ਰਾਮ ਸਿੰਘ' ਜੀ ਦੇ ਮਹਿਲ ਮਾਤਾ ਜੱਸਾ ਦੇ ਭੋਗ ਸਮੇਂ ਨਾਮਧਾਰੀਆਂ ਅਕਾਲ ਬੁੰਗੇ ਇਕੱਠ ਕਰਕੇ ਅੰਗਰੇਜ਼ ਸਰਕਾਰ ਖਿਲਾਫ਼ ਇਕ ਤਕੜਾ ਵਿਦਰੋਹ ਕਰਨ ਦਾ ਦ੍ਰਿੜ ਨਿਸ਼ਚਾ ਕੀਤਾ। ਇਸ ਸਮੇਂ 'ਸਤਿਗੁਰੂ ਰਾਮ ਸਿੰਘ' ਜੀ ਨੇ ਸ਼ਹੀਦੀ ਜੱਥੇ ਨੂੰ ਵਰਜਿਆ ਕਿ ''ਅਜੇ ਵਕਤ ਨਹੀਂ, ਅਜੇ ਹਥਿਆਰਬੰਦ ਲੜਾਈ ਲਈ ਪਨੀਰੀ ਛੋਟੀ ਹੈ। ਸਮਾਂ ਆਉਣ ਤੇ ਅਸੀਂ



Sri Satguru Jagjit Singh Ji eLibrary NamdhariElibrary@gmail.com

ਕੁਰਬਾਨੀਆਂ ਦੇਵਾਂਗੇ" ਪਰ ਸਿੰਘਾਂ ਨੇ ਆਖਿਆ ਕਿ ਉਹਨਾਂ ਨੂੰ ਗੁਰੂ ਤੇਗ਼ ਬਹਾਦਰ ਜੀ ਨੇ ਦਰਸ਼ਨ ਦੇ ਕੇ ਆਖਿਆ ਹੈ ਕਿ "ਦੇਸ਼ ਦੀ ਆਜ਼ਾਦੀ ਅਤੇ ਗਊ ਗ਼ਰੀਬ ਦੀ ਰੱਖਿਆ ਲਈ ਢੇਰ ਕੁਰਬਾਨੀਆਂ ਦੀ ਲੋੜ ਹੈ" ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਆਖਿਆ ਕਿ "ਗੁਰੂ ਤੇਗ਼ ਬਹਾਦਰ ਜੀ ਦੇ ਹੁਕਮ ਨੂੰ ਤਾਂ ਮੈਂ ਵੀ ਨਹੀਂ ਮੋੜ ਸਕਦਾ।" ਇਸ ਤਰ੍ਹਾਂ ਇਹ 125 ਤੋਂ ਵੱਧ ਸਿੰਘਾਂ ਦੇ ਜੱਥੇ ਨੇ ਬਦਨ ਸਿੰਘ ਤੋਂ ਘੋੜੇ ਅਤੇ ਸ਼ਸ਼ਤਰ ਖੋਹ ਕੇ ਮਲੇਰਕੋਟਲੇ 'ਤੇ ਹਮਲਾ ਕਰ ਦਿੱਤਾ। ਇਸ ਸਮੇਂ ਸਤਿਗੁਰੂ ਜੀ ਨੇ ਇਸ ਨਾਮਧਾਰੀ ਜੱਥੇ ਨੂੰ ਹੁਕਮ ਭੇਜਿਆ ਕਿ ਤੁਸੀਂ ਆਪਣੀ ਕਾਰਵਾਈ ਕਰ ਲਈ ਹੈ ਤੇ ਹੁਣ ਆਪਣਾ ਜ਼ੁਰਮ ਕਬੂਲ ਕਰਕੇ ਸੂਬਾ ਗੁਰਚਰਨ ਸਿੰਘ ਰਾਹੀਂ ਆਜ਼ਾਦੀ ਦੀ ਲੜਾਈ ਵਿੱਚ ਸ਼ਾਮਿਲ ਹੋਣ ਲਈ ਚਰਚਾ ਕੀਤੀ। ਰਿਆਸਤਾਂ ਦੇ ਰਾਜਿਆਂ ਰਾਣੀ ਝਾਂਸੀ, ਨਾਲ ਸਬੰਧ ਸਥਾਪਿਤ ਕਰਨ ਤੋਂ ਇਲਾਵਾ "ਕੂਕਾ ਰਜਮੈਂਟਾਂ" ਵੀ ਖੜ੍ਹੀਆਂ ਕਰ ਲਈਆਂ। ਆਜ਼ਾਦੀ ਦੀ ਲੜਾਈ ਲਈ ਨਾਮਧਾਰੀਆਂ (ਕੂਕਿਆਂ) ਦੀਆਂ ਭਿੰਨ-ਭਿੰਨ ਸਰਗਰਮੀਆਂ ਦੀ ਗੂੰਜ ਨਾਲ ਅੰਗਰੇਜ਼ ਸਰਕਾਰ ਕੰਬ ਉੱਠੀ। ਸਤਿਗੁਰਾਂ ਵੱਲੋਂ ਚਲਾਈ ਧਾਰਮਿਕ ਲਹਿਰ ਦੇ ਰਾਜਨੀਤਕ ਮਨਸੂਬੇ ਜਾਣ ਕੇ ਅੰਗਰੇਜ਼ ਹਕੂਮਤ ਅੰਦਰ ਬਗ਼ਾਵਤ ਦਾ ਡਰ ਪੈਦਾ ਹੋ ਗਿਆ। ਪਰੰਤੂ ਅੰਗਰੇਜ਼ਾਂ ਕੋਲ ਠੋਸ ਸਬੂਤ ਨਹੀਂ ਸੀ ਕਿ ਉਹ ਇਸ ਲਹਿਰ ਵਿਰੁੱਧ ਕੋਈ ਅਦਾਲਤੀ ਕਾਰਵਾਈ ਕਰ ਸਕੇ। ਅੰਗਰੇਜ਼ ਜਾਣਦੇ ਸਨ ਕਿ ਨਾਮਧਾਰੀ ਅਹਿੰਸਾ ਅਤੇ ਸੱਚ ਦੇ ਪੁਜਾਰੀ ਹਨ। ਉਹ ਗਊ ਰੱਖਿਅਕ ਹਨ। ਅੰਗਰੇਜ਼ ਹਕੂਮਤ ਨੇ ਇਸ ਲਹਿਰ ਨੂੰ ਨਵਾਂ ਰੁੱਖ ਦੇਣ ਲਈ ਕੂਟਨੀਤਕ ਚਾਲ ਨਾਲ ਪੰਜਾਬ ਵਿੱਚ ਬੁੱਚੜਖ਼ਾਨੇ ਖੁਲ੍ਹਵਾ ਦਿੱਤੇ। ਇਸ ਕੂਟਨੀਤੀ ਤਹਿਤ ਉਹਨਾਂ ਨੇ ਅੰਮ੍ਰਿਤਸਰ ਵਿੱਚ ਹਰਮੰਦਿਰ ਸਾਹਿਬ ਦੇ ਸਨਮੁੱਖ ਬੁੱਚੜਖ਼ਾਨਾ ਖੁਲ੍ਹਵਾ ਦਿੱਤਾ। ਅੰਗਰੇਜ਼ੀ ਸਰਕਾਰ ਦੀ ਇਸ ਘਿਨਾਉਣੀ ਕਾਰਵਾਈ ਨਾਲ ਨਾਮਧਾਰੀਆਂ ਦੇ ਮਨ ਨੂੰ ਭਾਰੀ ਠੇਸ ਲੱਗੀ।

ਇਕ ਵਾਰ ਨਾਮਧਾਰੀਆਂ ਦਾ ਇੱਕ ਜੱਥਾ ਅੰਮ੍ਰਿਤਸਰ ਵਿਖੇ ਹਰਮੰਦਿਰ ਸਾਹਿਬ ਸਰੋਵਰ ਵਿੱਚ ਇਸ਼ਨਾਨ ਕਰਨ ਗਿਆ। ਉਸ ਜੱਥੇ ਨੇ ਵੇਖਿਆ ਕਿ ਪਰਿਕਰਮਾ ਅਤੇ ਸਰੋਵਰ ਉੱਪਰ ਕਾਵਾਂ ਅਤੇ ਇੱਲਾਂ ਦੀਆਂ ਟੋਲੀਆਂ ਮੰਡਰਾਉਂਦੀਆਂ ਫਿਰਦੀਆਂ ਹਨ। ਉਹਨਾਂ ਨੂੰ ਪਰਿਕਰਮਾ ਵਿੱਚ ਮਾਸ ਦੀਆਂ ਬੋਟੀਆਂ ਵੀ ਨਜ਼ਰੀਂ ਪਈਆਂ ਸਨ, ਜੋ ਹਰਮੰਦਿਰ ਸਾਹਿਬ ਦੀ ਪਵਿੱਤਰਤਾ ਨੂੰ ਭੰਗ ਕਰ ਰਹੀਆਂ ਸਨ। ਇਹ ਦ੍ਰਿਸ਼ ਵੇਖ ਕੇ ਨਾਮਧਾਰੀ ਸਿੱਖਾਂ ਦਾ ਖ਼ੂਨ ਬੁੱਚੜਖ਼ਾਨਿਆਂ ਖਿਲਾਫ਼ ਉਬਾਲੇ ਖਾਣ ਲੱਗਾ। ਉਸ ਸਮੇਂ ਹੀ ਉਹਨਾਂ ਸਿੱਖਾਂ ਨੇ ਬੁੱਚੜਖ਼ਾਨੇ ਉੱਤੇ ਹਮਲਾ ਕਰ ਦਿੱਤਾ ਅਤੇ ਗਊਆਂ ਦੇ ਰੱਸੇ ਵੱਢ ਦਿੱਤੇ ਤੇ ਬੁੱਚੜਾਂ ਨੂੰ ਪਾਰ ਬੁਲਾ ਦਿੱਤਾ। ਨਾਮਧਾਰੀ ਸਿੱਖਾਂ ਦੇ ਇਕ ਜੱਥੇ ਨੇ ਰਾਏਕੋਟ (ਲੁਧਿਆਣਾ) ਵਿਚ ਚੱਲ ਰਹੇ ਬੁੱਚੜਖ਼ਾਨੇ ਵਿਚੋਂ ਗਊਆਂ ਦੀ ਬੰਦ-ਖ਼ਲਾਸੀ ਕਰਵਾਈ ਅਤੇ ਬੁੱਚੜਾਂ ਨੂੰ ਸਜ਼ਾ ਦਿੱਤੀ।

ਅੰਗਰੇਜ਼ ਸਰਕਾਰ ਨੇ ਇਸ ਦੋਸ਼ ਵਿੱਚ ਨਾਮਧਾਰੀ ਸਿੱਖਾਂ ਨੂੰ ਫੜਨ ਦੇ ਹੁਕਮ ਕਰ ਦਿੱਤੇ। ਉਪਰੋਕਤ ਕਾਰਨਾਮੇ ਕਰਨ ਉਪਰੰਤ ਨਾਮਧਾਰੀ ਸਿੱਖ ਜਦੋਂ ਭੈਣੀ ਸਾਹਿਬ ਪਹੁੰਚੇ ਤਾਂ ਨਾਮਧਾਰੀ ਸਿੱਖਾਂ ਨੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ।



Sri Satguru Jagjit Singh Ji eLibrary NamdhariElibrary@gmail.com

## ਸ਼ਕਤੀ ਦਾ ਵਾਧਾ

'ਸਤਿਗੁਰੂ ਰਾਮ ਸਿੰਘ' ਜੀ ਨੇ ਆਜ਼ਾਦੀ ਪ੍ਰਾਪਤੀ ਲਈ ਵਿਦੇਸ਼ਾਂ ਨਾਲ ਵੀ ਸਬੰਧ ਸਥਾਪਤ ਕਰ ਲਏ। ਉਹਨਾਂ ਨੇ ਹੀਰਾ ਸਿੰਘ ਸਢੌਰਾ ਦੀ ਕਮਾਨ ਹੇਠ ਕਸ਼ਮੀਰ ਦੀ ਡੋਗਰਾ ਹਕੂਮਤ ਨੂੰ ਮਸ਼ਵਰਾ ਦਿੱਤਾ ਕਿ ਉਹ ਆਪਣੀ ਰਿਆਸਤ ਵਿੱਚ ਇਕ "ਕੂਕਾ ਰਜਮੈਂਟ" ਖੜ੍ਹੀ ਕਰੇ। ਰਿਆਸਤੀ ਸਰਕਾਰ ਨੇ ਉਹਨਾਂ ਦਾ ਸੁਝਾਅ ਮੰਨ ਲਿਆ ਤੇ ਸੰਨ 1869 ਈ. ਵਿੱਚ "ਕੂਕਾ ਰਜਮੈਂਟ" ਖੜ੍ਹੀ ਕਰ ਦਿੱਤੀ। ਸੰਨ 1870 ਈ. ਵਿਚ ਸਤਿਗੁਰ ਵਲੋਂ ਇਕ ਮਿਸ਼ਨ ਸੂਬਾ ਸਾਹਿਬ ਸਿੰਘ ਤੇ ਸੂਬਾ ਕਰਨ ਸਿੰਘ ਜੀ ਦੀ ਕਮਾਨ ਹੇਠ ਨੇਪਾਲ ਭੇਜਿਆ ਗਿਆ। ਇਸ ਮਿਸ਼ਨ ਦਾ ਮੰਤਵ ਭਾਰਤ ਵਿੱਚ ਜਦੋਂ ਅੰਗਰੇਜ਼ਾਂ ਵਿਰੁੱਧ ਜਹਾਦ ਖੜ੍ਹਾ ਹੋ ਜਾਵੇ, ਉਸ ਸਮੇਂ ਕਾਬੁਲ, ਰੂਸ ਤੇ ਨੇਪਾਲ ਆਦਿ ਦੇਸ਼ਾਂ ਤੋਂ ਵੀ ਫ਼ੌਜੀ ਸਹਾਇਤਾ ਪ੍ਰਾਪਤ ਕੀਤੀ ਜਾ ਸਕੇ। ਸਤਿਗੁਰਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਅੰਗਰੇਜ਼ਾਂ ਵਿੱਚ ਜਲਾਵਤਨ ਸਪੁੱਤਰ ਮਹਾਰਾਜਾ ਦਲੀਪ ਸਿੰਘ ਨਾਲ ਵੀ ਸੰਪਰਕ ਪੈਦਾ ਕਰਨ ਦਾ ਯਤਨ ਕੀਤਾ। ਮਹਾਰਾਜਾ ਦਲੀਪ ਸਿੰਘ ਨੂੰ ਅੰਗਰੇਜ਼ ਹਕੂਮਤ ਨੇ ਪੰਜਾਬ ਤੋਂ ਜ਼ਬਰਦਸਤੀ ਲਿਜਾ ਕੇ ਇੰਗਲੈਂਡ ਨਜ਼ਰਬੰਦ ਕਰ ਦਿੱਤਾ ਸੀ। ਸਤਿਗੁਰਾਂ ਨੇ ਰੂਸ ਤੇ ਕਾਬੁਲ ਦੀਆਂ ਸਰਕਾਰਾਂ ਨਾਲ ਵੀ ਚਿੱਠੀ-ਪੱਤਰ ਕੀਤਾ। ਇਹਨੀਂ ਦਿਨੀਂ ਹੀ ਕਾਬੁਲ ਤੋਂ ਦੋ ਰਾਜ ਕੁਮਾਰ ਭੇਸ ਬਦਲ ਕੇ ਭੈਣੀ ਸਾਹਿਬ ਪਹੁੰਚੇ ਤੇ ਬਾਬਾ ਜੀ ਨਾਲ ਵਿਚਾਰ ਵਟਾਂਦਰਾ ਕੀਤਾ।

ਇਸ ਨਾਮਧਾਰੀ ਲਹਿਰ ਦੇ ਮੁੱਖ ਉਦੇਸ਼ ਸਨ। ਸਿੱਖਾਂ ਨੂੰ ਆਚਰਣ ਤੌਰ 'ਤੇ ਉੱਚਾ ਤੇ ਸੁੱਚਾ ਬਣਾਉਣਾ, ਸੁਚੱਜਾ ਜੀਵਨ ਜਿਉਣਾ, ਉੱਚੀ-ਸੁੱਚੀ ਰਹਿਤ ਮਰਿਆਦਾ ਦੇ ਧਾਰਨੀ ਹੋਣਾ ਅਤੇ ਸਮਾਜ ਸੁਧਾਰ ਵਾਲੀਆਂ ਰਹੁ-ਰੀਤਾਂ ਦਾ ਪਾਲਣ ਕਰਨਾ। ਬਾਬਾ ਰਾਮ ਸਿੰਘ ਦੇ ਹੁਕਮਨਾਮਿਆਂ ਵਿੱਚ ਇਹ ਆਦੇਸ਼ ਵੀ ਸਨ:-

- ਕਰਜ਼ਾ ਲੈਣਾ ਤੇ ਲੈ ਕੇ ਨਾ ਦੇਣਾ, ਚੋਰੀ-ਧਾੜੇ ਤੋਂ ਵੀ ਵੱਡਾ ਪਾਪ ਹੈ।
- ਬਿਗ਼ਾਨੇ ਪਦਾਰਥ ਨੂੰ ਸੂਰ ਅਤੇ ਗਊ ਦੇ ਬਰਾਬਰ ਸਮਝਣਾ, ਇਸ ਲਈ ਇਸ ਤੋਂ ਪ੍ਰਹੇਜ਼ ਜ਼ਰੂਰੀ ਹੈ।
- ਕਿਸੇ ਨੇ ਧੀ-ਭੈਣ ਦਾ ਪੈਸਾ ਨਹੀਂ ਲੈਣਾ, ਵੱਟਾ ਨਹੀਂ ਕਰਨਾ ਅਤੇ ਕੁੜੀਮਾਰ ਨਾਲ ਸਾਂਝ ਨਹੀਂ ਰੱਖਣੀ।
- ਹਰ ਵਿਅਕਤੀ ਨੂੰ ਚਾਹੀਦਾ ਹੈ ਕਿ ਅਠਾਰਾਂ ਸਾਲ ਦੀ ਲੜਕੀ ਅਤੇ ਵੀਹ



Sri Satguru Jagjit Singh Ji eLibrary NamdhariElibrary@gmail.com

ਸਾਲ ਦਾ ਲੜਕਾ ਹੋਵੇ ਤਾਂ ਉਹਨਾਂ ਦਾ ਵਿਆਹ ਕਰਨਾ ਠੀਕ ਹੈ। ਇਸ ਤੋਂ ਘੱਟ ਉਮਰ ਦੇ ਵਿਆਹ ਸ਼ਾਦੀਆਂ 'ਤੇ ਪਾਬੰਦੀ ਹੈ। ਇਸ ਰੀਤ ਨੂੰ ਲਾਗੂ ਕਰਨ ਲਈ ਇਕੋ ਥਾਂ 'ਤੇ ਸਮੂਹ ਆਨੰਦ ਕਾਰਜ ਕਰਨੇ ਸ਼ੁਰੂ ਕਰ ਦਿੱਤੇ ਜੋ ਬਿਨਾਂ ਦਹੇਜ ਦੇ ਕੀਤੇ ਜਾਂਦੇ ਸਨ।

'ਸਤਿਗੁਰੂ ਰਾਮ ਸਿੰਘ' ਜੀ ਨੇ ਸੁਦੇਸ਼ੀ ਕੱਪੜਿਆਂ ਦੀ ਵਰਤੋਂ ਉੱਤੇ ਜ਼ੋਰ ਦਿੱਤਾ ਤੇ ਵਿਦੇਸ਼ੀ ਕੱਪੜਿਆਂ ਦੀ ਵਰਤੋਂ ਉੱਤੇ ਰੋਕ ਲਗਾ ਦਿੱਤੀ। ਇਸ ਤੋਂ ਬਿਨਾਂ ਆਪ ਜੀ ਨੇ ਸਾਦਾ ਰਹਿਣ, ਨਾਮ ਸਿਮਰਨ ਤੇ ਗੁਰਬਾਣੀ ਦਾ ਪਾਠ ਕਰਨ ਤੇ ਸੁੱਚ ਆਚਰਣ ਦਾ ਪ੍ਰਚਾਰ ਵੀ ਕੀਤਾ। ਲੋਕਾਂ ਨੂੰ ਸਮਝਾ ਕੇ ਗੁੰਮਰਾਹਕੁਨ ਰੀਤਾਂ, ਜਿਵੇਂ ਕਿ ਮੜ੍ਹੀਆਂ, ਮਸੀਤਾਂ, ਗੁੱਗੇ ਤੇ ਮੱਠਾਂ ਨੂੰ ਪੂੱਜਣੋਂ ਹਟਾਉਣ ਦੇ ਯਤਨ ਵੀ ਕੀਤੇ ਗਏ।

ਆਪਸੀ ਝਗੜਿਆਂ ਨੂੰ ਦੇਸੀ ਪੰਚਾਇਤਾਂ ਵਿੱਚ ਬਿਨਾਂ ਖਰਚਿਓਂ ਨਿਪਟਾਉਣ ਉੱਤੇ ਜ਼ੋਰ ਦੇ ਕੇ ਅੰਗਰੇਜ਼ਾਂ ਦੀਆਂ ਕਾਨੂੰਨੀ ਅਦਾਲਤਾਂ ਦਾ ਪੂਰਨ ਬਾਈਕਾਟ ਕੀਤਾ ਗਿਆ ਅਤੇ ਆਪਣੀ ਡਾਕ ਠੀਕ ਥਾਂ ਪਹੁੰਚਾਉਣ ਲਈ ਆਪਣਾ ਡਾਕ ਪ੍ਰਬੰਧ ਕਾਇਮ ਕੀਤਾ ਗਿਆ। ਇਹ ਸਰਕਾਰੀ ਡਾਕ ਪ੍ਰਬੰਧ ਨੂੰ ਵੀ ਮਾਤ ਪਾ ਗਿਆ।

ਸਾਦੇ ਵਿਆਹ ਸ਼ਾਦੀਆਂ ਦੀ ਲੜੀ ਤੋਰਨ ਹਿੱਤ 2 ਜੂਨ ਸੰਨ 1863 ਈ. ਵਿੱਚ ਲੁਧਿਆਣੇ ਜ਼ਿਲ੍ਹੇ ਦੇ ਪਿੰਡ ਸਿਆੜ ਵਿਖੇ ਬੀਬੀਆਂ ਨੂੰ ਖੰਡੇ-ਬਾਟੇ ਦਾ ਅੰਮ੍ਰਿਤ ਛਕਾਇਆ ਤੇ ਮਰਦਾਂ ਦੇ ਬਰਾਬਰ ਦਰਜਾ ਦਿੱਤਾ ਅਤੇ 3 ਜੂਨ 1863 ਵਿੱਚ ਫ਼ਿਰੋਜ਼ਪੁਰ (ਹੁਣ ਫਰੀਦਕੋਟ) ਦੇ ਇਕ ਪਿੰਡ ਖੋਟੇ ਵਿਖੇ ਸਾਦੇ, ਸਸਤੇ ਤੇ ਸਮੂਹਿਕ ਆਨੰਦ ਕਾਰਜਾਂ ਦੀ ਰਸਮ ਚਲਾ ਕੇ ਖਰਚੀਲੇ ਵਿਆਹਾਂ ਦੇ ਭੈੜੇ ਰਸਮ ਰਿਵਾਜ਼ਾਂ ਨੂੰ ਠੱਲ ਪਾਉਣ ਦੀ ਰੀਤ ਚਾਲੂ ਕੀਤੀ ਗਈ।

ਗੱਲ ਕੀ ਨਾਮਧਾਰ ਲਹਿਰ ਪੂਰੀ ਸਮਾਜ ਅਤੇ ਦੇਸ਼ ਨੂੰ ਸਮਰਪਿਤ ਸੀ ਜਿਸ ਨੇ ਅੰਗਰੇਜ਼ ਸਰਕਾਰ ਨਾਲ "ਨਾ-ਮਿਲਵਰਤਣ" ਲਹਿਰ ਚਲਾ ਕੇ ਆਜ਼ਾਦੀ ਸੰਗਰਾਮ ਨੂੰ ਚਲਾਉਣ ਵਿੱਚ ਪਹਿਲਕਦਮੀ ਕੀਤੀ। ਬਾਅਦ ਵਿੱਚ ਇਸੇ "ਨਾ-ਮਿਲਵਰਤਣ" ਪ੍ਰਥਾ ਨੂੰ ਅੱਗੇ ਤੋਰਦੇ ਹੋਏ ਮਹਾਤਮਾ ਗਾਂਧੀ ਨੇ ਇਸ ਲਹਿਰ ਨੂੰ ਹਥਿਆਰ ਵਜੋਂ ਵਰਤਿਆ। ਉਹ ਅੰਗਰੇਜ਼ਾਂ ਤੋਂ ਦੇਸ਼ ਦੀ ਆਜ਼ਾਦੀ ਪ੍ਰਾਪਤੀ ਲਈ ਨਾਮਧਾਰੀ ਲਹਿਰ ਨੇ ਰਾਹ ਪੱਧਰਾ ਕੀਤਾ ਸੀ।

ਸ੍ਰੀ ਰਾਬਿੰਦਰਨਾਥ ਟੈਗੋਰ ਦੇ ਸ਼ਬਦਾਂ ਵਿੱਚ "ਵੱਖੀਆਂ ਦੀਆਂ ਪਸਲੀਆਂ ਬਾਲ ਕੇ ਕੂਕਿਆਂ ਨੇ ਉਹ ਸ਼ਮਾ ਜਲਾਈ ਰੱਖੀ, ਜਿਸਦੇ ਸਿੱਟੇ ਦੇ ਤੌਰ 'ਤੇ ਅਮਨ, ਆਜ਼ਾਦੀ, ਜਮਹੂਰੀਅਤ ਤੇ ਸਾਂਝੀਵਲਤਾਂ ਨੂੰ ਨੂਰੀ ਲੋਅ ਤੇ ਰੁਸ਼ਨਾਈ ਪ੍ਰਾਪਤ ਹੋਈ।"

ਮਨੁੱਖੀ ਇਤਿਹਸ ਵਿੱਚ ਸ਼ੁਰੂ ਤੋਂ ਹੀ ਧਰਮੀ ਅਤੇ ਸੰਸਾਰੀਆਂ ਦਾ ਵੈਰ ਚਲਦਾ ਆ ਰਿਹਾ ਹੈ, ਇਸੇ ਕਰਕੇ ਹੀ ਛੋਟੀਆਂ ਰਿਆਸਤਾਂ ਦੇ ਮਾਲਕਾਂ ਨੇ ਨਾਮਧਾਰੀ ਲਹਿਰ ਅਤੇ ਸਤਿਗੁਰੂ ਰਾਮ ਸਿੰਘ ਜੀ ਨਾਲ ਵੈਰ ਕਮਾਇਆ। ਆਪਣੇ ਜਾਤੀ ਮੁਫ਼ਾਦ ਲਈ ਅੰਗਰੇਜ਼ ਮਾਲਕ ਨੂੰ ਖੁਸ਼ ਕਰਨ ਦੇ ਕੋਝੇ ਯਤਨ ਕੀਤੇ। ਅੱਜ ਵੀ ਉਹ ਫ਼ਖਰ ਕਰਦੇ ਹਨ ਕਿ ਕੂਕਿਆਂ ਦੀ ਆਜ਼ਾਦੀ ਦੇ ਪਾਂਧੀਆਂ ਨੂੰ ਉਡਾਉਣ ਵਾਲੀਆਂ ਤੋਪਾਂ ਨੂੰ ਉਹਨਾਂ ਦੇ ਵਡੇਰਿਆਂ ਨੇ ਅੰਗਰੇਜ਼ ਅਫ਼ਸਰਾਂ ਦੇ ਹੁਕਮ 'ਤੇ ਭੇਜੀਆਂ ਸਨ। ਮਹਾਰਾਜਾ ਸ੍ਰ. ਮਹਿੰਦਰ ਸਿੰਘ ਨੇ ਇਕ ਖ਼ੱਤ ਜਨਵਰੀ ਸੰਨ 1872 ਵਿੱਚ ਲਿਖਿਆ ਸੀ, ਪੂਰੀ ਕੋਸ਼ਿਸ਼ ਕੀਤੀ ਸੀ ਕਿ ਨਾਮਧਾਰੀ ਸਿੱਖਾਂ (ਕੂਕਾ ਲਹਿਰ) ਨੂੰ ਗੁੰਮਰਾਹੀਆਂ ਦੀ ਲਹਿਰ ਸਾਬਤ



Sri Satguru Jagjit Singh Ji eLibrary NamdhariElibrary@gmail.com

ਕੀਤਾ ਜਾਵੇ ਅਤੇ ਸਰਕਾਰੀ ਅਫ਼ਸਰਾਂ ਵੱਲੋਂ ਕੀਤੀ ਕਾਰਵਾਈ ਨੂੰ ਜਾਇਜ਼ ਕਰਾਰ ਦਿੱਤਾ ਜਾਵੇ, ਜੋ ਅੰਗਰੇਜ਼ ਅਫ਼ਸਰਾਂ ਨੇ ਮਲੇਰਕੋਟਲਾ ਵਿਖੇ ਕੀਤੀ ਸੀ। ਸਰਕਾਰੀ ਰਿਕਾਰਡ 'ਚੋਂ ਪਤਾ ਚਲਦਾ ਹੈ ਕਿ ਸਰਕਾਰ ਦੀ ਸਾਰੀ ਮਸ਼ੀਨਰੀ ਕੌਮ ਨੂੰ ਦੋਫਾੜ ਕਰਨ ਵਿੱਚ ਕਾਮਯਾਬ ਹੋ ਗਈ ਸੀ।

ਜਨਵਰੀ ਸੰਨ 1872 ਈਸਵੀ ਦੀਆਂ ਘਟਨਾਵਾਂ ਤੋਂ ਬਾਅਦ ਅੰਗਰੇਜ਼ੀ ਸਰਕਾਰ ਨੇ ਆਪਣਾ ਚਲਾਕੀ ਭਰਿਆ ਕਦਮ ਚੁੱਕਿਆ, ਜਿਸ ਨਾਲ ਪੰਜਾਬੀ ਕੌਮ ਵੱਖੋ-ਵੱਖਰੇ ਖੇਤਰਾਂ ਅਤੇ ਫਿਰਕਿਆਂ ਵਿੱਚ ਵੰਡੀ ਜਾ ਸਕੇ। ਸਿੱਖ ਸਫਾਂ ਵਿੱਚੋਂ ਮੁਖ਼ਬਰ ਲੱਭ-ਲੱਭ ਕੇ ਉਹਨਾਂ ਨੂੰ ਮਾਨ-ਸਨਮਾਨ ਦਿੱਤੇ। ਇਸ ਨਾਲ ਸਿੱਖੀ ਵਿੱਚ ਜ਼ੈਲਦਾਰ ਸਰਦਾਰਨਾਮਾ ਟੋਡੀ ਸ਼੍ਰੇਣੀ ਖੜ੍ਹੀ ਕਰ ਦਿੱਤੀ। ਬ੍ਰਿਗੇਡੀਅਰ ਜਾਹਨ ਲਿਖਦਾ ਹੈ ਕਿ 4 ਮਾਰਚ ਸੰਨ 1848 ਈਸਵੀ ਨੂੰ ਲਾਹੌਰ ਦੇ ਕਿਲ੍ਹੇ ਉੱਤੋਂ ਕੇਸਰੀ ਨਿਸ਼ਾਨ ਸਾਹਿਬ ਲਾਹ ਕੇ "ਯੂਨੀਅਨ ਜੈਕ" ਲਹਿਰ ਦਿੱਤਾ ਗਿਆ। ਪੰਜਾਬ ਵਿੱਚ ਕਿਸੇ ਨੂੰ ਵੀ ਕਿਸੇ ਵੀ ਕਿਸਮ ਦਾ ਹਥਿਆਰ ਲੈ ਕੇ ਤੁਰਨ 'ਤੇ ਪਾਬੰਦੀ ਦੇ ਹੁਕਮ ਸੁਣਾ ਦਿੱਤੇ ਅਤੇ ਫ਼ੌਜ ਨੂੰ ਹਰ ਪਿੰਡ ਦੀ ਤਲਾਸ਼ੀ ਲੈ ਕੇ ਸਭ ਕਿਸਮ ਦੇ ਹਥਿਆਰ ਖੋਹਣ ਅਤੇ ਜ਼ਬਤ ਕਰਨ ਦੇ ਹੁਕਮ ਨਾਦਰ ਕਰ ਦਿੱਤੇ।

ਇਹ ਇਸ ਲਈ ਹੀ ਆਰੰਭਿਆ ਸੀ ਕਿ ਨਾਮਧਾਰੀ ਲਹਿਰ ਦੇ ਹਥਿਆਰ ਨਾ-ਮਿਲਵਰਤਣ, ਸਰਕਾਰੀ ਚੀਜ਼ਾਂ ਦਾ ਬਾਈਕਾਟ ਪੂਰਨ ਅਹਿੰਸਕ ਰੂਪ ਵਿੱਚ ਅੰਦੋਲਨ ਅਤੇ ਸਦਾਚਾਰਕ ਉੱਚਤਾ ਧਾਰਮਿਕ ਅਤੇ ਸੱਭਿਅਕ ਜੀਵਨ ਇਕ ਮਿਸਾਲ ਦੇ ਰੂਪ ਵਿਚ ਆਜ਼ਾਦੀ ਦੇ ਪ੍ਰਵਾਨਿਆਂ ਨੂੰ ਇਕ ਮਾਲਾ ਦੇ ਸੂਰਤ ਵਿੱਚ ਪਰੋ ਕੇ ਅੰਗਰੇਜ਼ ਸਾਮਰਾਜ ਵਿਰੁੱਧ ਸੰਘਰਸ਼ ਦਾ ਸ੍ਰੀ ਗਣੇਸ਼ ਹੋ ਗਿਆ ਸੀ।

ਭਾਰਤ ਦੀ ਆਜ਼ਾਦੀ ਲਈ ਹਰ ਭਾਰਤੀ ਤਤਪਰ ਸੀ ਅਤੇ ਸ੍ਰੀ 'ਸਤਿਗੁਰੂ ਰਾਮ ਸਿੰਘ' ਜੀ ਨੇ ਮੁਲਕ ਦੀ ਗ਼ੁਲਾਮੀ ਨੂੰ ਦੂਰ ਕਰਨ ਹਿੱਤ ਧਾਰਮਿਕ ਪ੍ਰਪੱਕਤਾ ਨੂੰ ਪਹਿਲ ਦਿੱਤੀ ਜਿਸ ਕਰਕੇ 'ਸਤਿਗੁਰੂ ਰਾਮ ਸਿੰਘ' ਜੀ ਨੇ ਆਪਣੇ ਪੈਰੋਕਾਰਾਂ ਨੂੰ ਪਹਿਲਾਂ ਆਪਣੇ ਸਿੱਖ ਧਰਮ ਵਿੱਚ ਪੱਕੇ ਹੋਣ ਦਾ ਸੁਨੇਹਾ ਦਿੱਤਾ, ਧਾਰਮਿਕ ਪ੍ਰਪੱਕਤਾ ਤੱਦ ਹੀ ਹੋ ਸਕਦੀ ਹੈ, ਜੇ ਪੂਰਨ ਗੁਰਮਤਿ ਦੇ ਅਸੂਲਾਂ ਉੱਪਰ ਚੱਲਿਆ ਜਾਵੇ। ਇਸੇ ਲਈ ਸਤਿਗੁਰੂ ਜੀ ਨੇ 'ਸੰਤ ਖ਼ਾਲਸੇ' ਦੀ ਸਿਰਜਣਾ ਕਰਕੇ ਮੁੜ ਗੁਰਸਿੱਖੀ ਨੂੰ ਸੁਰਜੀਤ ਕੀਤਾ। ਅੱਜ ਵੀ ਇਹ ਚਿੱਟੇ ਦਿਨ ਵਰਗੀ ਸੱਚਾਈ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸਿੱਖੀ ਅਸੂਲਾਂ ਦੀ ਦ੍ਰਿੜਤਾ ਅਤੇ ਪ੍ਰੋੜਤਾ ਕਰਕੇ ਸੰਭਾਲ 'ਸਤਿਗੁਰੂ ਰਾਮ ਸਿੰਘ' ਜੀ ਅਤੇ ਉਹਨਾਂ ਦੇ ਲੱਖਾਂ ਪੈਰੋਕਾਰਾਂ (ਨਾਮਧਾਰੀਆਂ) ਨੇ ਕੀਤੀ ਹੈ।

ਸ਼੍ਰੀਮਾਨ ਗ਼ੁਲਾਮ ਭੀਮ ਜਲੰਧਰੀ ਆਪਣੀ ਕਿਤਾਬ ਵਿੱਚ ਲਿਖਦਾ ਹੈ "ਕੂਕਿਓਂ ਨੇ ਜੋ ਤਰੀਕਾ ਅਖ਼ਤਿਆਰ ਕੀਆ ਵੋਹ ਔਰ ਕੁਛ ਨਹੀਂ ਹੈ, ਵੋਹ ਅਸਲ ਮਜ਼ਹਬ ਸਿੱਖੋਂ ਕਾ ਹੀ ਹੈ, ਔਰ ਉਸੇ ਉਨ੍ਹੇ ਦੁਬਾਰਾ ਰੌਣਕ ਦੀ ਹੈ। ਉਨ ਕੀ ਤਬੀਅਤ ਦਾ ਅਸਲੀ ਰੂਪ ਸਿੱਖ ਮਜ਼ਹਬ ਦੀ ਜਾਨਬ ਹੈ, ਔਰ ਉਨ ਕੇ ਤਰੀਕੇ ਔਰ ਡੇਢ ਲਾਖ ਆਦਮੀਓਂ (ਭੈਣੀ ਮੇਂ) ਸੇ ਭੀ ਜ਼ਿਆਦਾ ਗਰੋਹ ਕੇ ਇਤਫ਼ਾਕ ਸੇ ਯਹ ਭੀ ਅਯਾ ਹੈ ਕਿ ਯੇਹ ਲੋਕ ਗੁਰੂ ਗੋਬਿੰਦ ਸਿੰਘ ਜੀ ਕੇ ਤਰੀਕੇ ਪੇ ਚਲਤੇ ਹੈ।"


Sri Satguru Jagjit Singh Ji eLibrary NamdhariElibrary@gmail.com

# ਮਲੇਰਕੋਟਲੇ ਦਾ ਸ਼ਹੀਦੀ ਸਾਕਾ

17 ਜਨਵਰੀ 2001 ਈਸਵੀ ਦੇ "ਪੰਜਾਬੀ ਟ੍ਰਿਬਿਊਨ" ਵਿੱਚ ਛਪੇ ਸੁਖਦੇਵ ਮਾਦਪੁਰੀ ਦੇ ਲੇਖ ਦੇ ਸੰਦਰਭ ਵਿੱਚ:- ਭਾਰਤ ਦੇ ਆਜ਼ਾਦੀ ਸੰਗਰਾਮ ਵਿੱਚ ਕੂਕਿਆਂ (ਨਾਮਧਾਰੀਆਂ) ਦੀ ਅਹਿਮ ਭੂਮਿਕਾ ਹੈ। 17 ਅਤੇ 18 ਜਨਵਰੀ ਸੰਨ 1872 ਈਸਵੀ ਨੂੰ ਮਲੇਰਕੋਟਲੇ ਵਿਖੇ ਨਾਮਧਾਰੀਆਂ ਵੱਲੋਂ ਦਿੱਤੀਆਂ ਲਾਮਿਸਾਲ ਸ਼ਹੀਦੀਆਂ ਦਾ ਸਾਕਾ ਲੂੰ-ਕੰਡੇ ਖੜ੍ਹੇ, ਕਰ ਦੇਣ ਵਾਲਾ ਸਾਕਾ ਹੈ। ਭੈਣੀ ਸਾਹਿਬ ਵਿਖੇ 11 ਜਨਵਰੀ 1872 ਈਸਵੀ ਤੋਂ 18 ਜਨਵਰੀ ਤੱਕ ਲੋਹੜੀ ਅਤੇ ਮਾਘੀ ਦਾ ਮੇਲਾ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੇਲੇ ਵਿੱਚ ਹਜ਼ਾਰਾਂ ਹੀ ਨਾਮਧਾਰੀ ਸਿੱਖ 'ਸਤਿਗੁਰੂ ਰਾਮ ਸਿੰਘ' ਜੀ ਦੇ ਦਰਸ਼ਨਾਂ ਲਈ ਪਹੁੰਚੇ ਹੋਏ ਸਨ। ਦੂਰੋਂ ਨੇੜਿਓਂ ਸੰਗਤਾਂ ਆ ਜਾ ਰਹੀਆਂ ਸਨ। ਨਾਮ ਸਿਮਰਨ ਦਾ ਪ੍ਰਵਾਹ ਚੱਲ ਰਿਹਾ ਸੀ।

13 ਜਨਵਰੀ ਨੂੰ ਭਰੇ ਦੀਵਾਨ ਵਿੱਚ ਮਲੇਰਕੋਟਲੇ ਰਿਆਸਤ ਦੇ ਪਿੰਡ ਫਰਵਾਹੀ ਦੇ ਗੁਰਮੁਖ ਸਿੰਘ ਦੇ ਨਾਂ ਨਾਮਧਾਰੀ ਸਿੱਖ ਨੇ ਖੜ੍ਹੇ ਹੋ ਕੇ ਅਜਿਹੀ ਦਰਦਨਾਕ ਵਿਥਿਆ ਸੁਣਾਈ ਕਿ ਸਾਰੀ ਸੰਗਤ ਸੁੰਨ ਜਿਹੀ ਹੋ ਗਈ। ਉਸ ਨਾਮਧਾਰੀ ਸਿੱਖ ਨੇ ਹੱਥ ਜੋੜ ਕੇ ਸੰਗਤ ਅੱਗੇ ਬੇਨਤੀ ਕੀਤੀ, "ਸਾਧ ਸੰਗਤ ਜੀ, ਆਪਣੇ ਪਿੰਡੋਂ ਮਲੇਰਕੋਟਲੇ ਨੂੰ ਮਾਮਲਾ



ਆਜ਼ਾਦੀ ਲਈ ਜੂਝੇ ਮਰਜੀਵੜੇ ਨਾਮਧਾਰੀ



Sri Satguru Jagjit Singh Ji eLibrary NamdhariElibrary@gmail.com

ਜਮ੍ਹਾਂ ਕਰਵਾਉਣ ਜਾ ਰਿਹਾ ਸੀ ਕਿ ਰਸਤੇ ਵਿੱਚ ਮਲੇਰਕੋਟਲੇ ਸ਼ਹਿਰ ਦੇ ਉਰਲੇ ਪਾਸੇ ਮੈਨੂੰ ਇਕ ਅਰਾਈ ਜਾਤੀ ਦਾ ਵਿਅਕਤੀ ਮਿਲਿਆ। ਉਹਨੇ ਬਲਦ ਉੱਪਰ ਸਬਜ਼ੀ ਲੱਦੀ ਹੋਈ ਸੀ ਤੇ ਨਾਲੇ ਆਪ ਉਸ ਉੱਤੇ ਸਵਾਰ ਸੀ। ਮੇਰੇ ਪਾਸੋਂ ਬੇਜ਼ੁਬਾਨ ਦੀ ਤਰਸਯੋਗ ਹਾਲਤ ਵੇਖੀ ਨਾ ਗਈ, ਮੈਂ ਉਸ ਨੂੰ ਆਖਿਆ ਕਿ ਉਹ ਬਲਦ ਤੋਂ ਥੱਲੇ ਉੱਤਰ ਜਾਵੇ। ਮੇਰੇ ਮਨ੍ਹਾਂ ਕਰਨ 'ਤੇ ਉਹ ਮੇਰੇ ਗਲ਼ ਪੈ ਗਿਆ ਤੇ ਹੱਥੋ-ਪਾਈ ਤੱਕ ਨੌਬਤ ਆ ਗਈ। ਐਨੇ ਨੂੰ ਰੌਲਾ ਸੁਣ ਕੇ ਬਹੁਤ ਸਾਰੇ ਲੋਕ ਇਕੱਠੇ ਹੋ ਗਏ ਤੇ ਮੈਨੂੰ ਫੜ ਕੇ ਕੋਤਵਾਲੀ ਲੈ ਗਏ। ਕੋਤਵਾਲ ਵੀ ਕੱਟੜਵਾਦੀ ਸੀ, ਉਸ ਨੇ ਹੁਕਮ ਦਿੱਤਾ ਕਿ ਮੇਰੇ ਸਾਹਮਣੇ ਉਸ ਬਲਦ ਨੂੰ ਜ਼ਿਬਾਹ ਕਰ ਦਿੱਤਾ ਜਾਵੇ। ਮੇਰੇ ਵੇਖਦੇ-ਵੇਖਦੇ ਉਹ ਬੇਜ਼ੁਬਾਨ ਬਲਦ ਕਤਲ ਕਰ ਦਿੱਤਾ ਗਿਆ ਤੇ ਮੈਨੂੰ ਉਨ੍ਹਾਂ ਖੂਬ ਕੁੱਟਿਆ ਤੇ ਉੱਥੋਂ ਸਿੱਧਾ ਮੈਂ ਭੈਣੀ ਸਾਹਿਬ ਆਇਆ ਹਾਂ।"

ਗੁਰਮੁਖ ਸਿੰਘ ਦੀ ਵਿੱਥਿਆ ਸੁਣ ਕੇ ਦੀਵਾਨ ਵਿੱਚ ਰੋਹ ਦੀ ਲਹਿਰ ਦੌੜ ਗਈ। ਰਿਆਸਤ ਪਟਿਆਲਾ ਦੇ ਸਰਗੋਦੀ ਪਿੰਡ ਦੇ ਨਾਮਧਾਰੀ ਸਰਦਾਰ ਹੀਰਾ ਸਿੰਘ ਅਤੇ ਸਰਦਾਰ ਲਹਿਣਾ ਸਿੰਘ ਐਸੇ ਜੋਸ਼ ਵਿੱਚ ਸਨ ਕਿ ਉਹਨਾਂ ਕੱਟੜਧਰਮੀ ਕੋਤਵਾਲ ਵੱਲੋਂ ਬਲਦ ਨੂੰ ਜ਼ਿਬਾਹ ਕਰਨ ਅਤੇ ਨਾਮਧਾਰੀ ਸਿੱਖ ਨੂੰ ਅਪਮਾਨਿਤ ਕਰਨ ਦਾ ਬਦਲਾ ਲੈਣ ਲਈ ਭੜਕੀ ਹੋਈ ਸੰਗਤ ਨੂੰ ਆਪਣੇ ਮਗਰ ਲਗਾ ਕੇ ਮਲੇਰਕੋਟਲੇ 'ਤੇ ਹਮਲਾ ਕਰਨ ਦਾ ਫੈਸਲਾ ਕਰ ਲਿਆ। ਰਾਏਕੋਟ ਦੇ ਹੱਤਿਆ ਕਾਂਡ ਵਿਚ ਸੂਬਾ ਗਿਆਨੀ ਸਿੰਘ ਉਰਫ਼ ਰਤਨ ਸਿੰਘ ਨੂੰ ਨਿਰਦੋਸ਼ ਹੁੰਦੇ ਹੋਏ ਵੀ ਸਰਕਾਰ ਨੇ ਫ਼ਾਂਸੀ ਦੇ ਦਿੱਤੀ ਸੀ। ਇਸ ਬੇਇਨਸਾਫ਼ੀ ਦਾ ਵੀ ਕੂਕਿਆਂ ਦੇ ਮਨਾਂ ਵਿੱਚ ਰੋਸ ਸੀ। ਸੈਂਕੜੇ ਕੂਕਿਆਂ ਨੇ ਹੀਰਾ ਸਿੰਗ ਅਤੇ ਲਹਿਣਾ ਸਿੰਘ ਦੀ ਅਗਵਾਈ ਵਿੱਚ ਮਲੇਰਕੋਟਲੇ 'ਤੇ ਹਮਲੇ ਕਰਨ ਅਤੇ ਅੰਗਰੇਜ਼ੀ ਸਰਕਾਰ ਵਿਰੁੱਧ ਬਗ਼ਾਵਤ ਕਰਨ ਦਾ ਐਲਾਨ ਕਰ ਦਿੱਤਾ।

ਸਤਿਗੁਰੂ ਰਾਮ ਸਿੰਘ ਇਕ ਸੂਝਵਾਨ ਰਾਜਨੀਤਕ ਹਸਤੀ ਸਨ। ਉਹਨਾਂ ਨੂੰ ਆਪਣੀ ਰਾਜਨੀਤਕ ਸ਼ਕਤੀ ਦਾ ਪੂਰਾ ਗਿਆਨ ਸੀ। ਅਜੇ ਉਹ ਰਾਜਸੀ ਵਿਦਰੋਹ ਲਈ ਆਪਣੇ ਸਮਰਥਕਾਂ ਨੂੰ ਪੂਰੀ ਤਰ੍ਹਾਂ ਤਿਆਰ ਨਹੀਂ ਸੀ ਕਰ ਸਕੇ। ਉਹਨਾਂ ਨੇ ਜਜ਼ਬਾਤ ਦੀ ਰੌਅ ਵਿੱਚ ਵਹੇ ਹੋਏ ਕੂਕਿਆਂ ਨੂੰ ਬਹੁਤ ਹੀ ਸਮਝਾਇਆ, "ਅਜੇ ਅੰਗਰੇਜ਼ਾਂ ਵਿਰੁੱਧ ਹਥਿਆਰਬੰਦ ਬਗ਼ਾਵਤ ਕਰਨ ਦਾ ਸਮਾਂ ਨਹੀਂ ਆਇਆ - ਸਾਡੀ ਪੂਰੀ ਤਿਆਰੀ ਵੀ ਨਹੀਂ ਹੈ। ਸ਼ਾਂਤ ਰਹੋ ਤੇ ਆਪਣੇ ਘਰਾਂ ਨੂੰ ਚਲੇ ਜਾਓ।"

ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਮੰਨ ਕੇ ਬਹੁਤ ਸਾਰੀ ਸੰਗਤ ਆਪਣੇ ਪਿੰਡ ਨੂੰ ਪਰਤ ਗਈ ਪਰੰਤੂ ਇਕ ਜੱਥਾ ਜਿਸਦੀ ਅਗਵਾਈ ਹੀਰਾ ਸਿੰਘ ਅਤੇ ਲਹਿਣਾ ਸਿੰਘ ਕਰ ਰਹੇ ਸਨ - ਆਪਣੇ ਫੈਸਲੇ 'ਤੇ ਅੜਿਆ ਰਿਹਾ। ਸਤਿਗੁਰਾਂ ਨੇ ਉਹਨਾਂ ਨੂੰ ਸਮਝਾਇਆ ਵੀ, ਹੁਕਮ ਵੀ ਦਿੱਤਾ, ਪਰੰਤੂ ਉਹਨਾਂ ਜੋਸ਼ੀਲੇ ਕੂਕਿਆਂ ਨੇ ਉਹਨਾਂ (ਸਤਿਗੁਰਾਂ) ਦੀ ਸਲਾਹ ਨਾ ਮੰਨੀ। ਮਸਤਾਨਿਆਂ ਦਾ ਇਹ ਜੱਥਾ, ਜਿਸ ਵਿਚ 130 ਦੇ ਲਗਭਗ ਕੂਕੇ ਸਨ, 13 ਜਨਵਰੀ 1872 ਈ. ਨੂੰ ਦੁਪਹਿਰ ਮਗਰੋਂ ਮਲੇਰਕੋਟਲੇ ਉੱਤੇ



Sri Satguru Jagjit Singh Ji eLibrary NamdhariElibrary@gmail.com

ਹਮਲੇ ਲਈ ਭੈਣੀ ਸਾਹਿਬ ਤੋਂ ਚੱਲ ਪਿਆ। ਸਤਿਗੁਰੂ ਰਾਮ ਸਿੰਘ ਜੀ ਨੇ ਆਪਣੀ ਜਥੇਬੰਦੀ ਨੂੰ ਸਰਕਾਰੀ ਜ਼ਬਰ ਤੋਂ ਬਚਾਉਣ ਲਈ ਮਲੇਰਕੋਟਲੇ 'ਤੇ ਹਮਲੇ ਕਰਨ ਜਾ ਰਹੇ ਜੱਥੇ ਦੇ ਇਰਾਦਿਆਂ ਬਾਰੇ ਸਾਹਨੇਵਾਲ ਦੇ ਡਿਪਟੀ ਇੰਸਪੈਕਟਰ ਪੁਲਿਸ ਨੂੰ ਸੂਚਨਾ ਦੇ ਕੇ ਆਖਿਆ ਕਿ ਮਸਤਾਨੇ ਕਾਬੂ ਵਿੱਚ ਨਹੀਂ ਰਹੇ। ਇਸ ਸਮੇਂ ਗੁਰੂ ਜੀ ਨੇ ਬਾਬਾ ਲੱਖਾ ਸਿੰਘ ਨੂੰ ਡਿਪਟੀ ਕਮਿਸ਼ਨਰ, ਲੁਧਿਆਣੇ ਪਾਸ ਸੂਚਨਾ ਦੇਣ ਲਈ ਭੇਜ ਦਿੱਤਾ ਜਿੱਥੇ ਉਹਨਾਂ ਨੂੰ ਕੈਦ ਕਰ ਲਿਆ ਗਿਆ।

ਸਾਹਨੇਵਾਲ ਦੇ ਡਿਪਟੀ ਇੰਸਪੈਕਟਰ ਪੁਲਿਸ ਨੇ 13 ਜਨਵਰੀ ਦੀ ਸ਼ਾਮ ਨੂੰ ਡਿਪਟੀ ਕਮਿਸ਼ਨਰ ਲੁਧਿਆਣਾ ਮਿਸਟਰ ਕਾਵਨ ਨੂੰ ਸਾਰੀ ਸਥਿਤੀ ਤੋਂ ਜਾਣੂੰ ਕਰਵਾ ਦਿੱਤਾ ਸੀ। ਉਸ ਨੇ ਰਿਆਸਤ ਪਟਿਆਲਾ ਤੇ ਮਲੇਰਕੋਟਲਾ ਦੇ ਵਕੀਲਾਂ ਨੂੰ ਬੁਲਾ ਕੇ ਮਲੇਰਕੋਟਲੇ ਉੱਤੇ ਸੰਭਾਵੀ ਹਮਲੇ ਨੂੰ ਮੁੱਖ ਰੱਖਦਿਆਂ ਪ੍ਰਬੰਧਾਂ ਨੂੰ ਮਜ਼ਬੂਤ ਕਰਨ ਦੇ ਆਦੇਸ਼ ਦਿੱਤੇ ਸਨ।

ਉੱਧਰ ਮਸਤਾਨੇ ਨਾਮਧਾਰੀ ਸਿੱਖਾਂ ਦਾ ਜੱਥਾ ਭੈਣੀ ਸਾਹਿਬ ਤੋਂ ਚੱਲ ਕੇ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਰੱਬੋਂ ਪੁੱਜਾ ਤੇ ਉੱਥੇ ਰਾਤ ਕੱਟਣ ਮਗਰੋਂ 14 ਜਨਵਰੀ ਦੀ ਸ਼ਾਮ ਨੂੰ ਮਲੇਰਕੋਟਲੇ ਵੱਲ ਨੂੰ ਚੱਲ ਪਿਆ। ਜੱਥਾ ਤਲਵਾਰਾਂ, ਬਰਛਿਆਂ ਤੇ ਲਾਠੀਆਂ ਨਾਲ ਲੈਸ ਸੀ। ਰਾਹ ਵਿੱਚ ਉਹਨਾਂ ਨੂੰ ਕਿਸੇ ਨੇ ਮਲੌਦ ਦੇ ਕਿਲ੍ਹੇ 'ਤੇ ਹਮਲਾ ਕਰਕੇ ਘੋੜੇ ਤੇ ਹਥਿਆਰ ਲੁੱਟਣ ਦੀ ਸਲਾਹ ਦੇ ਦਿੱਤੀ। ਮਲੌਦ ਦਾ ਸਿੱਖ ਸਰਦਾਰ ਮਹਾਰਾਜਾ ਪਟਿਆਲਾ ਦਾ ਨਜ਼ਦੀਕੀ ਰਿਸ਼ਤੇਦਾਰ ਸੀ। ਮਹਾਰਾਜ ਪਟਿਆਲਾ ਨੇ ਰਾਏਕੋਟ ਗਊ-ਕਸ਼ੀ ਕਾਂਡ ਵਿੱਚ ਕੂਕਿਆਂ ਨੂੰ ਫੜਾਉਣ ਵਿੱਚ ਸਰਕਾਰ ਦੀ ਮਦਦ ਕੀਤੀ ਸੀ। ਇਸ ਕਰਕੇ ਵੀ ਉਨ੍ਹਾਂ ਦੇ ਮਨ ਵਿੱਚ ਪਟਿਆਲੇ ਦੇ ਰਾਜ ਘਰਾਣੇ ਵਿਰੁੱਧ ਗੁੱਸੇ ਦੀ ਭਾਵਨਾ ਸੀ।

ਰਾਤ ਦਾ ਹਨ੍ਹੇਰਾ ਗੂੜ੍ਹਾ ਹੋਣਾ ਲੱਗਾ ਸੀ ਕਿ ਜੱਥੇ ਨੇ ਮਲੌਦ ਵਿੱਚ ਪ੍ਰਵੇਸ਼ ਕੀਤਾ ਤੇ ਸਰਦਾਰ ਬਦਨ ਸਿੰਘ ਦੇ ਕਿਲ੍ਹੇ 'ਤੇ ਹਮਲਾ ਕਰ ਦਿੱਤਾ। ਇੱਕ ਟੋਲੀ ਉਸ ਦੀ ਰਿਹਾਇਸ਼ 'ਤੇ ਗਈ, ਬਦਨ ਸਿੰਘ ਜ਼ਖ਼ਮੀ ਹੋ ਗਿਆ, ਪਰੰਤੂ ਉਸ ਨੇ ਆਪਣੇ ਆਪ ਨੂੰ ਛੁਡਾ ਲਿਆ। ਦੂਜੀ ਟੋਲੀ ਹਥਿਆਰ ਲੈਣ ਲਈ ਖ਼ਜ਼ਾਨੇ ਵੱਲ ਗਈ। ਉੱਥੇ ਉਹਨਾਂ ਨੂੰ ਕੋਈ ਹਥਿਆਰ ਨਹੀਂ ਮਿਲਿਆ। ਉਹਨਾਂ ਨੇ ਮੁਨਸ਼ੀ ਨੂੰ ਮਾਰ ਦਿੱਤਾ। ਤੀਜੀ ਟੋਲੀ ਤਬੇਲੇ ਵੱਲ ਗਈ। ਤਬੇਲੇ ਦੇ ਪਹਿਰੇਦਾਰ ਨੂੰ ਮਾਰਨ ਮਗਰੋਂ ਉਹਨਾਂ ਦੋ ਘੋੜੀਆਂ ਖੋਲ੍ਹੀਆਂ। ਐਨੇ ਨੂੰ ਪਿੰਡ ਵਿੱਚ ਰੌਲਾ ਪੈ ਗਿਆ। ਲੋਕ ਲਾਠੀਆਂ, ਕੁਹਾੜੀਆਂ ਅਤੇ ਬਰਛੇ ਲੈ ਕੇ ਆਪਣੇ ਘਰਾਂ ਵਿਚੋਂ ਨਿਕਲ ਆਏ ਤੇ ਕੂਕਿਆਂ ਨਾਲ ਲੜਾਈ ਹੋਣ ਲੱਗੀ। ਇਸ ਲੜਾਈ ਵਿੱਚ ਦੋ ਕੂਕੇ ਮਾਰੇ ਗਏ ਅਤੇ ਚਾਰ ਜ਼ਖ਼ਮੀ ਹੋ ਗਏ ਜਿਹੜੇ ਲੋਕਾਂ ਨੇ ਫੜ ਲਏ। ਇਸ ਮਗਰੋਂ ਇਹ ਜੱਥਾ ਰਾਤ ਸਮੇਂ ਹੀ ਮਲੇਰਕੋਟਲੇ ਨੂੰ ਕੂਚ ਕਰ ਗਿਆ। ਸ੍ਰ. ਬਦਨ ਸਿੰਘ ਦੇ ਵੀ ਦੋ ਆਦਮੀ ਮਾਰੇ ਗਏ।

ਰਾਤ ਦਾ ਸਫ਼ਰ ਝਾਗ ਕੇ ਸਿਰਲੱਥ ਕੂਕਿਆਂ ਦਾ ਇਹ ਜੱਥਾ 15 ਜਨਰੀ 1872



Sri Satguru Jagjit Singh Ji eLibrary NamdhariElibrary@gmail.com

ਈ. ਨੂੰ ਸਵੇਰੇ 7 ਕੁ ਵਜੇ ਮਲੇਰਕੋਟਲੇ ਪੁੱਜ ਗਿਆ। ਸ਼ਹਿਰ ਦੇ ਸੁਰੱਖਿਆ ਅਧਿਕਾਰੀ ਤਾਂ 14 ਜਨਵਰੀ ਨੂੰ ਹਮਲੇ ਦੀ ਉਡੀਕ ਕਰਦੇ-ਕਰਦੇ ਉਕਤਾ ਗਏ ਸਨ। 14 ਜਨਵਰੀ ਦੀ ਰਾਤ ਨੂੰ ਵੀ ਪੁਲਿਸ ਗਸ਼ਤ ਕਰਦੀ ਰਹੀ ਸੀ ਜਿਸ ਕਰਕੇ ਉਹ 15 ਜਨਵਰੀ ਦੀ ਸਵੇਰ ਨੂੰ ਸੁਰੱਖਿਆ ਪ੍ਰਬੰਧਾਂ ਵੱਲੋਂ ਅਵੇਸਲੇ ਹੋ ਗਏ ਸਨ, ਜਿਸ ਕਰਕੇ ਜੱਥੇ ਨੂੰ ਸ਼ਹਿਰ ਵਿੱਚ ਪ੍ਰਵੇਸ਼ ਕਰ ਦਿਆਂ ਕਿਸੇ ਔਖ ਦਾ ਸਾਹਮਣਾ ਨਾ ਕਰਨਾ ਪਿਆ। ਜੱਥੇ ਨੇ ਕਈ ਟੁਕੜਿਆਂ ਵਿੱਚ ਕੋਤਵਾਲੀ ਅਤੇ ਮਹਿਲ 'ਤੇ ਹੱਲਾ ਬੋਲ ਦਿੱਤਾ। ਬਲਦ ਨੂੰ ਜ਼ਿਬਾਹ ਕਰਵਾਉਣ ਵਾਲੇ ਕੋਤਵਾਲ ਨੂੰ ਕਤਲ ਕਰਨ ਮਗਰੋਂ ਮਹਿਲ ਵੱਲ ਵਧੇ। ਉਹਨਾਂ ਦਾ ਟਾਕਰਾ ਅਹਿਮਦ ਖਾਨ ਥਾਣੇਦਾਰ ਨਾਲ ਹੋ ਗਿਆ। ਉਸ ਨੇ ਆਪਣੇ ਅਨੇਕਾਂ ਸਿਪਾਹੀਆਂ ਸਮੇਤ ਕੂਕਿਆਂ ਨਾਲ ਗਹਿਗੱਚਵੀਂ ਲੜਾਈ ਕੀਤੀ। ਕੂਕੇ ਵੀ ਬੜੀ ਬਹਾਦਰੀ ਨਾਲ ਜੂਝ ਰਹੇ ਸਨ। ਇਸ ਲੜਾਈ ਵਿੱਚ ਰਿਆਸਤ ਮਲੇਰਕੋਟਲੇ ਦੇ 7 ਸਿਪਾਹੀ ਤੇ ਅੱਠਵਾਂ ਥਾਣੇਦਾਰ ਮਾਰਿਆ ਗਿਆ। ਮੁੱਠਭੇੜ ਵਿੱਚ ਸ਼ਹਿਰ ਦੀਆਂ ਵੱਖ-ਵੱਖ ਥਾਵਾਂ 'ਤੇ ਹੋਈਆਂ ਝਪਟਾਂ ਵਿੱਚ 7 ਕੂਕੇ ਸ਼ਹੀਦ ਹੋ ਗਏ। ਮਲੇਰਕੋਟਲੇ ਵਿੱਚ ਕੂਕਿਆਂ ਨੇ ਬੜੀ ਬਹਾਦਰੀ ਦੇ ਜ਼ੌਹਰ ਵਿਖਾਏ ਤੇ ਵਿਰੋਧੀਆਂ ਨੂੰ ਭਾਜੜਾਂ ਪਾ ਦਿੱਤੀਆਂ।

ਜਦੋਂ ਕੁਝ ਸ਼ਾਂਤੀ ਹੋਈ ਤਾਂ ਕੂਕੇ ਆਪਣੇ 29 ਜ਼ਖਮੀ ਸਾਥੀਆਂ ਨੂੰ ਚੁੱਕ ਕੇ ਰਿਆਸਤ ਪਟਿਆਲਾ ਦੇ ਪਿੰਡ ਰੱੜ ਵੱਲ ਚੱਲ ਪਏ। ਮਲੇਰਕੋਟਲੇ ਦੇ ਕੁਝ ਵਾਸੀਆਂ ਨੇ ਉਹਨਾਂ ਦਾ ਪਿੱਛਾ ਕੀਤਾ, ਪਰੰਤੂ ਇਹ ਅਫ਼ਵਾਹ ਫੈਲ ਗਈ ਸੀ ਕਿ ਬਹੁਤ ਸਾਰੇ ਪਿੰਡਾਂ ਦੇ ਕੂਕੇ ਮਲੇਰਕੋਟਲੇ 'ਤੇ ਹਮਲਾ ਕਰਨ ਆ ਰਹੇ ਹਨ। ਇਸ ਡਰ ਕਾਰਨ ਉਹ ਪਿਛਾਂਹ ਮੁੜ ਪਏ। ਰੱੜ ਵੀ ਝਿੜੀ ਵਿੱਚ ਬਹਾਦਰ ਕੂਕਿਆਂ ਨੇ ਡੇਰੇ ਲਾ ਲਏ। ਗੁਆਂਢੀ ਪਿੰਡ ਦੇ ਮੁਖੀ ਨੇ ਪਟਿਆਲਾ ਰਿਆਸਤ ਦੇ ਸ਼ੇਰਪੁਰ ਦੇ ਕਿਲ੍ਹੇ ਵਿੱਚ ਇਹਨਾਂ ਕੂਕਿਆਂ ਬਾਰੇ ਸੂਚਨਾ ਦੇ ਦਿੱਤੀ। ਦੇਵ ਨੇਤ ਨਾਲ ਅਮਰਗੜ੍ਹ ਦਾ ਨਾਇਬ ਨਾਜ਼ਮ ਨਿਆਜ਼ ਅਲੀ ਉੱਥੇ ਹਾਜ਼ਰ ਸੀ। ਨਿਆਜ਼ ਅਲੀ ਨੇ ਆਪਣੇ ਨਾਲ ਕੁਝ ਸਿਪਾਹੀ ਲਏ ਤੇ ਕੂਕਿਆਂ ਪਾਸ ਰੱੜ ਪੁੱਜ ਗਿਆ। ਰੱੜ ਪਿੰਡ ਦੇ ਕਾਫ਼ੀ ਜੱਟ ਸੀ ਜੋ ਪਹਿਲਾਂ ਪਿੰਡ ਛੱਡ ਕੇ ਭੱਜ ਗਏ ਸਨ, ਕੂਕਿਆਂ ਪਾਸ ਪਹੁੰਚ ਗਏ ਅਤੇ ਉਹਨਾਂ ਨੂੰ ਆਤਮ ਸਮਰਪਣ ਲਈ ਮਨਾ ਲਿਆ। ਨਿਆਜ਼ ਅਲੀ ਨੇ ਇਹਨਾਂ ਬਹਾਦਰ ਕੂਕਿਆਂ ਨੂੰ ਸ਼ੇਰਪੁਰ ਲੈ ਆਂਦਾ ਤੇ ਕਿਲ੍ਹੇ ਵਿੱਚ ਬੰਦ ਕਰ ਦਿੱਤਾ। ਇਸ ਸਮੇਂ ਇਹਨਾਂ ਕੂਕਿਆਂ ਦੀ ਗਿਣਤੀ 68 ਸੀ, ਜਿਹਨਾਂ ਵਿੱਚ ਦੋ ਔਰਤਾਂ ਵੀ ਸਨ ਤੇ 29 ਕੂਕੇ ਫੱਟੜ ਹੋਏ ਸਨ।

ਲੁਧਿਆਣੇ ਦਾ ਡਿਪਟੀ ਕਮਿਸ਼ਨਰ ਮਿਸਟਰ ਕਾਵਨ ਮਲੌਦ ਤੋਂ ਹੋ ਕੇ 16 ਜਨਵਰੀ ਨੂੰ ਮਲੇਰਕੋਟਲੇ ਪੁੱਜਾ। ਉਸ ਨੇ ਸਾਰੇ ਸ਼ਹਿਰ ਵਿੱਚ ਘੁੰਮ ਕੇ ਸਥਿਤੀ ਦਾ ਜਾਇਜ਼ਾ ਲਿਆ। ਇਸ ਮਗਰੋਂ ਉਹਨੇ ਕੈਦੀ ਕੂਕਿਆਂ ਨੂੰ ਸ਼ੇਰਪੁਰ ਦੇ ਕਿਲ੍ਹੇ ਤੋਂ ਮਲੇਰਕੋਟਲੇ ਲਿਆਉਣ ਦਾ ਹੁਕਮ ਦਿੱਤਾ।

17 ਜਨਵਰੀ 1872 ਈਸਵੀ ਨੂੰ ਮਲੇਰਕੋਟਲੇ ਦੇ ਨਾਲ ਲਗਦੇ ਪਿੰਡ ਜਮਾਲਪੁਰ ਦੇ ਰੱਕੜ ਵਿੱਚ 7 ਤੋਪਾਂ ਗੱਡੀਆਂ ਗਈਆਂ। ਸਾਰੇ ਕੂਕੇ ਇਕ ਕਤਾਰ ਵਿੱਚ



Sri Satguru Jagjit Singh Ji eLibrary NamdhariElibrary@gmail.com

ਖੜ੍ਹੇ ਸਨ। ਉਹ ਤੋਪਾਂ ਵੱਲ ਵੇਖ-ਵੇਖ ਮੁਸਕਰਾ ਰਹੇ ਸਨ। ਉਹਨਾਂ ਦੀ ਸਾਹਮਣੀ ਕਤਾਰ ਵਿੱਚ ਸਰਕਾਰੀ ਅਧਿਕਾਰੀ, ਪਟਿਆਲਾ, ਨਾਭਾ, ਜੀਂਦ ਦੀਆਂ ਫ਼ੌਜਾਂ ਦੀਆਂ ਟੁਕੜੀਆਂ ਖੜੀਆਂ ਸਨ ਤੇ ਹਜ਼ਾਰਾਂ ਦਰਸ਼ਕ ਸਾਹ ਰੋਕੀ ਖੜਤੇ ਅਣਮਨੁੱਖੀ ਤੇ ਲਾਸਾਨੀ ਮੌਤ ਦੀ ਖੇਡ ਦੇ ਸ਼ੁਰੂ ਹੋਣ ਦੀ ਉਡੀਕ ਕਰ ਰਹੇ ਸਨ।

ਇਕ ਵਾਰੀ ਵਿੱਚ ਸੱਤ ਜਾਣੀਆਂ ਨੂੰ ਤੋਪ ਨਾਲ ਉਡਾਇਆ ਜਾਣਾ ਸੀ। ਹਰ ਕੋਈ ਪਹਿਲੀ ਵਾਰੀ ਵਿੱਚ ਜਾਣ ਲਈ ਉਤਾਵਲਾ ਸੀ। ਇਸ਼ਾਰਾ ਹੋਇਆ, ਤੋਪਾਂ ਚੱਲੀਆਂ ਤੇ ਸੱਤ ਕੂਕੇ ਚੀਥੜਿਆਂ ਦੇ ਰੂਪ ਵਿੱਚ ਫੀਤਾ-ਫੀਤਾ ਹੋ ਗਏ ਬਾਕੀ ਕੂਕੇ ਇਕ ਦੂਜੇ ਤੋਂ ਵੱਧ ਕੇ ਵਾਰੀ ਲੈਣ ਲਈ ਅੱਗੇ ਵੱਧ ਰਹੇ ਸਨ। ਬਹਾਦਰ ਕੂਕੇ ਖੁਸ਼ੀ-ਖੁਸ਼ੀ ਚਾਂਬੜਾ ਪਾਉਂਦੇ ਹੋਏ ਮੌਤ ਰਾਣੀ ਨੂੰ ਗੱਲਵਕੜੀਆਂ ਪਾ ਰਹੇ ਸਨ ਤੇ ਦਰਸਕ ਇਹਨਾਂ ਮਰਜੀਵੜਿਆਂ ਦੇ ਬਲਿਹਾਰੇ ਜਾ ਰਹੇ ਸਨ। ਤੋਪਾਂ ਦੇ ਗੋਲੇ ਚਲਦੇ ਰਹੇ ਤੇ ਇਸ ਤਰ੍ਹਾਂ 49 ਕੂਕੇ ਤੂੰਬਾ-ਤੂੰਬਾ ਹੋ ਕੇ ਸ਼ਹੀਦ ਹੋ ਗਏ। 50ਵਾਂ (ਪੰਜਾਹਵਾਂ) ਤੇਰਾ ਚੌਦਾਂ ਵਰ੍ਹਿਆਂ ਦਾ ਕੂਕਾ ਬਿਸ਼ਨ ਸਿੰਘ 'ਤੇ ਕਾਵਨ ਦੀ ਪਤਨੀ ਨੂੰ ਤਰਸ ਆ ਗਿਆ ਤਾਂ ਇਸਨੇ ਕਾਵਨ ਨੂੰ ਆਖਿਆ ਕਿ ਇਸ ਨੂੰ ਛੱਡ ਦਿਉ ਤਾਂ ਕਾਵਨ ਨੇ ਆਖਿਆ ਕਿ ਇਸ ਨੂੰ ਕਹੋ ਕਿ ਸੰਘਰਸ਼ ਛੱਡ ਦੇਵੇ ਜਾਂ ਮਾਫ਼ੀ ਮੰਗ ਲਵੇ ਤਾਂ ਉਸ ਬਿਸ਼ਨ ਸਿੰਘ ਨੇ ਕਾਵਨ ਦੀ ਦਾੜ੍ਹੀ ਨੂੰ ਜਾ ਦਬੋਚਿਆ। ਸੁਰੱਖਿਆ ਦਸਤਿਆਂ ਨੇ ਬਿਸ਼ਨ ਸਿੰਘ ਦੇ ਟੁਕੜੇ-ਟੁਕੜੇ ਕਰ ਦਿੱਤੇ ਤੱਦ ਕਿਤੇ ਕਾਵਨ ਦੀ ਖ਼ਲਾਸੀ ਹੋਈ।

18 ਜਨਵਰੀ 1872 ਈਸਵੀ ਨੂੰ ਅੰਬਾਲਾ ਡਵੀਜ਼ਨ ਦਾ ਕਮਿਸ਼ਨਰ ਮਿਸਟਰ ਫੋਰਸਾਈਥ ਮਲੇਰਕੋਟਲੇ ਪੁੱਜਾ। ਉਸਨੇ ਭਾਵੇਂ 17 ਜੁਲਾਈ ਨੂੰ ਮਿਸਟਰ ਕਾਵਨ ਨੂੰ ਕੋਈ ਵੀ ਕਾਰਵਾਈ ਕਰਨ ਤੋਂ ਰੋਕਿਆ ਸੀ, ਪਰੰਤੂ ਉਸਨੇ (ਕਾਵਨ ਨੇ) ਉਸਦੀ (ਫੋਰਸਾਈਥ) ਚਿੱਠੀ ਨੂੰ ਨਜ਼ਰਅੰਦਾਜ ਕਰਕੇ ਆਪਣੀ ਅਣਮਨੁੱਖੀ ਕਾਰਵਾਈ ਜਾਰੀ ਰੱਖੀ ਸੀ। ਕਮਿਸ਼ਨਰ ਨੇ ਅੰਗਰੇਜ਼ ਸਰਕਾਰ ਦੇ ਹਿੱਤਾਂ ਨੂੰ ਸਨਮੁੱਖ ਰੱਖਦਿਆਂ ਆਮ ਜਨਤਾ ਦੇ ਦਹਿਸ਼ਤ ਦਾ ਦਬਦਬਾ ਕਾਇਮ ਰੱਖਣ ਲਈ ਕਾਵਨ ਵੱਲੋਂ ਕੀਤੀ ਕਾਰਵਾਈ ਦੀ ਪੁਸ਼ਟੀ ਹੀ ਨਹੀਂ ਕੀਤੀ ਬਲਕਿ ਆਪ ਵੀ ਇਸ ਮੁਕੱਦਮੇ ਦੀ ਸੰਖੇਪ ਸੁਣਵਾਈ ਕਰਕੇ ਬਾਕੀ 16 ਬਹਾਦਰ ਕੂਕਿਆਂ ਨੂੰ ਤੋਪਾਂ ਨਾਲ ਉਡਾਉਣ ਦਾ ਫੈਸਲਾ ਸੁਣਾਇਆ ਤੇ ਦੋਨਾਂ ਔਰਤਾਂ ਨੂੰ ਪਟਿਆਲਾ ਦੇ ਹਾਕਮਾਂ ਦੇ ਸਪੁਰਦ ਕਰ ਦਿੱਤਾ ਗਿਆ। ਅਗਲੀ ਭਲਕ ਵੀ 17 ਜਨਵਰੀ ਵਾਲੀ ਕਾਰਵਾਈ ਦੁਹਰਾਈ ਗਈ। 16 ਮਰਜੀਵੜੇ ਕੂਕਿਆਂ ਨੂੰ 18 ਜਨਵਰੀ 1872 ਨੂੰ ਜਮਾਲਪੁਰ ਦੇ ਰੱਕੜ ਵਿੱਚ ਤੋਪਾਂ ਅੱਗੇ ਖੜ੍ਹੇ ਕਰਕੇ ਸ਼ਹਾਦਤ ਦੇ ਜਾਮ ਪਿਲਾ ਦਿੱਤੇ ਗਏ।

ਇਕ ਕੂਕਾ ਵਰਿਆਮ ਸਿੰਘ ਦਾ ਕੱਦ ਦਾ ਛੋਟਾ ਸੀ, ਉਸ ਦਾ ਸਿਰ ਤੋਪ ਦੇ ਮੂੰਹ ਅੱਗੇ ਨਹੀਂ ਸੀ ਆ ਰਿਹਾ, ਉਹ ਦੌੜ ਕੇ ਖੇਤ ਵਿੱਚੋਂ ਢੇਲੇ (ਡਲੇ) ਚੁੱਕ ਲਿਆਇਆ ਤੇ ਪੈਰਾਂ ਥੱਲੇ ਰੱਖ ਕੇ ਤੋਪ ਦੇ ਮੇਚ ਦਾ ਬਣ ਗਿਆ ਤੇ ਇਸ ਤਰ੍ਹਾਂ ਉਸਨੇ ਆਪਣੀ ਸ਼ਹਾਦਤ ਦਿੱਤੀ।



Sri Satguru Jagjit Singh Ji eLibrary NamdhariElibrary@gmail.com

## ਨਾਮਧਾਰੀ ਸਿੰਘਾਂ ਦਾ ਤੋਪਾਂ ਨਾਲ ਉਡਾਏ ਜਾਣਾ

ਨਾਇਬ ਨਾਜ਼ਮ 16 ਜਨਵਰੀ ਨੂੰ 5 ਅਤੇ 6 ਵਜੇ ਦੇ ਵਿਚਕਾਰ ਮਿਸਟਰ ਕਾਵਨ ਦਾ ਹੁਕਮ ਸੁਣ ਕੇ ਮਲੇਰਕੋਟਲੇ ਤੋਂ ਚੱਲਿਆ ਅਤੇ ਰਾਤ ਨੂੰ ਸ਼ੇਰਪੁਰ ਪਹੁੰਚਿਆ। ਉਸ ਦਿਨ ਮੀਂਹ ਪੈ ਰਿਹਾ ਸੀ। ਗੱਡੀਆਂ ਬਗਾਰੀਆਂ ਅਤੇ ਫ਼ੌਜੀ ਗਾਰਦ ਦਾ ਇੰਤਜ਼ਾਮ ਖੜ੍ਹੇ ਪੈਰ ਨਹੀਂ ਹੋ ਸਕਦਾ ਸੀ। ਕੈਦੀਆਂ ਨੂੰ ਸ਼ੇਰਪੁਰ ਤੋਂ ਮਲੇਰਕੋਟਲੇ ਦੂਸਰੀ ਰਿਆਸਤ ਵਿੱਚ ਲਿਜਾਣ ਲਈ ਮਿਸਟਰ ਕਾਵਨ ਤੋਂ ਬਗੈਰ, ਮਹਾਰਾਜਾ ਪਟਿਆਲਾ ਦਾ ਹੁਕਮ ਲੈਣਾ ਵੀ ਜ਼ਰੂਰੀ ਸੀ। ਇਹ ਸਾਰੇ ਪਾਸੇ ਅਫ਼ਵਾਹਾਂ ਫੈਲ ਰਹੀਆਂ ਸਨ ਕਿ ਬਹੁਤ ਸਾਰੇ ਨਾਮਧਾਰੀ ਸਿੱਖ ਇਕੱਠੇ ਹੋ ਕੇ ਮਲੇਰਕੋਟਲੇ ਦੁਬਾਰਾ ਹਮਲਾ ਕਰਨ ਵਾਲੇ ਹਨ।

ਇਹਨਾਂ ਅਫ਼ਵਾਹਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਰੇ ਇੰਤਜ਼ਾਮ ਮੁਕੰਮਲ ਕਰਕੇ ਅਤੇ ਹੁਕਮ ਆਉਣ ਤੇ 17 ਜਨਵਰੀ ਨੂੰ ਦਿਨ ਚੜ੍ਹੇ, ਸੱਯਦ ਨਿਆਜ਼ ਅਲੀ ਨੇ ਨਾਮਧਾਰੀ ਕੈਦੀਆਂ ਨੂੰ ਗੱਡਿਆਂ 'ਤੇ ਬਿਠਾ ਕੇ, ਜਿਹੜੇ ਬਹੁਤ ਜ਼ਿਆਦਾ ਫੱਟੜ ਸਨ ਅਤੇ ਜਿਹੜੇ ਫੱਟੜ ਕੈਦੀ ਬੈਠਣ ਯੋਗ ਨਹੀਂ ਸਨ, ਉਹਨਾਂ ਨੂੰ ਬਗਾਰੀਆਂ ਨੇ ਮੰਜੇ ਉੱਤੇ ਪਾ ਕੇ ਚੁੱਕ ਲਿਆ। ਜਿਹੜੇ ਕੈਦੀ ਨਾਮਧਾਰੀ ਪੈਰੀ ਤੁਰਨ ਦੇ ਕਾਬਿਲ ਸਨ, ਉਹ ਪੈਰੀ ਤੁਰ ਪਏ। ਪਟਿਆਲੇ ਦੀ ਫ਼ੌਜ ਦੀਆਂ ਪੈਦਲ ਅਤੇ ਰਸਾਲੇ ਦੀਆਂ ਗਾਰਦਾਂ ਦੇ ਪਹਿਰੇ





Sri Satguru Jagjit Singh Ji eLibrary NamdhariElibrary@gmail.com

ਵਿੱਚ ਸ਼ਹੀਦੀ ਜੱਥੇ ਨੂੰ, ਸ਼ੇਰਪੁਰ ਤੋਂ ਕੋਟਲੇ ਵੱਲ ਤੋਰਿਆ ਗਿਆ। ਸਿੱਖ ਇਤਿਹਾਸ ਨੇ ਆਪਣੇ ਆਪ ਨੂੰ ਦੋਹਰਾਇਆ। 156 ਸਾਲ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਜੀ ਅਤੇ ਉਸ ਦੇ ਸਾਥੀ ਵੀ ਮੁਗ਼ਲ ਸਾਮਰਾਜ ਦੇ ਵਿਰੁੱਧ ਬਗ਼ਾਵਤ ਕਰਨ 'ਤੇ ਇਲਜ਼ਾਮ ਵਿੱਚ ਫੜੇ ਹੋਏ ਇਸ ਤਰ੍ਹਾਂ ਕਤਲ ਕਰਨ ਲਈ ਗੜ੍ਹੀ ਗੁਰਦਾਸ ਨੰਗਲ ਤੋਂ ਦਿੱਲੀ ਲਿਆਂਦੇ ਗਏ ਸਨ।

1857 ਈ. ਦੇ ਗਦਰ ਪਿੱਛੋ ਵੀ ਅੰਗਰੇਜ਼ਾਂ ਨੇ ਵਿਦੇਸ਼ੀ ਤਾਕਤ ਦੇ ਬਰਖਿਲਾਫ਼ ਜੰਗ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਬਾਹਰੋਂ ਪਿੰਡਾਂ ਤੇ ਹੋਰ ਥਾਵਾਂ ਤੋਂ ਫੜ ਕੇ ਫਾਂਸੀਆਂ ਤੇ ਚਾੜ੍ਹਿਆ ਅਤੇ ਤੋਪਾਂ ਨਾਲ ਉਡਾਇਆ ਸੀ। ਗਦਰ ਤੋਂ 15 ਸਾਲ ਬਾਅਦ ਪਹਿਲੀ ਵਾਰ ਨਾਮਧਾਰੀ ਸਿੰਘਾਂ ਦਾ ਸ਼ਹੀਦੀ ਜੱਥਾ ਮੁਲਕ ਦੀ ਵਿਦੇਸ਼ੀ ਸਰਕਾਰ ਦੇ ਖਿਲਾਫ਼ ਜੰਗ ਕਰਨ ਦੇ ਜ਼ੁਰਮ ਵਿੱਚ ਮੌਤ ਦੇ ਘਾਟ ਵੱਲ ਨੂੰ ਲਿਜਾਇਆ ਜਾ ਰਿਹਾ ਸੀ, ਪਰ ਇਸ ਜੱਥੇ ਦੇ ਸਾਰੇ ਬੰਦੇ ਸਰਦਾਰ ਸ਼ਾਮ ਸਿੰਘ ਜੀ ਅਟਾਰੀ ਵਾਲੇ ਦੀ ਤਰ੍ਹਾਂ ਘਰੋਂ ਹੀ ਸਿਰਾਂ ਉੱਤੇ ਕੱਫਣ ਬੰਨ੍ਹ ਕੇ ਅਤੇ ਮੌਤ ਕਬੂਲ ਕੇ ਤੁਰੇ ਸਨ। ਮਿਸਟਰ ਕਾਵਨ ਵੀ ਇੱਜ਼ਤ ਇਸੇ ਗੱਲ ਵਿੱਚ ਸਮਝਦਾ ਸੀ ਕਿ ਮਲੇਰਕੋਟਲੇ ਪਹੁੰਚਦਿਆਂ ਹੀ ਇਹਨਾਂ ਨਾਮਧਾਰੀਆਂ ਨੂੰ ਇਕਦਮ ਮਾਰ ਮੁਕਾ ਦਿੱਤਾ ਜਾਵੇ। ਉਸ ਨੂੰ ਇਹ ਵਹਿਮ ਪਈ ਜਾ ਰਿਹਾ ਸੀ ਕਿ ਜੇ ਕਰੜੀ ਸਜ਼ਾ ਨਾ ਦਿੱਤੀ ਗਈ ਤਾਂ ਥੋੜ੍ਹੇ ਦਿਨਾਂ ਅੰਦਰ ਹੀ ਮੁਲਕ ਵਿਚ ਗ਼ਦਰ ਦੇ ਹਾਲਾਤ ਫੇਰ ਪੈਦਾ ਹੋ ਜਾਣਗੇ।

ਕਾਵਨ ਦਾ ਖਿਆਲ ਸੀ ਕਿ ਕੈਦੀ ਨਾਮਧਾਰੀ ਸੂਰਜ ਨਿਕਲਣ ਤੋਂ ਪਹਿਲਾਂ ਮਲੇਰਕੋਟਲੇ ਪਹੁੰਚ ਜਾਣਗੇ ਅਤੇ ਉਹ ਇਕ ਦੋ ਘੰਟੇ ਵਿੱਚ ਆਪਣਾ ਕੰਮ ਖਤਮ ਕਰ ਦੇਵੇਗਾ। ਪਰ ਕੁਝ ਯਤਨ ਕਰਕੇ 4 ਵਜੇ ਦੇ ਕਰੀਬ ਸ਼ਹੀਦੀ ਜੱਥਾ ਕੋਟਲੇ ਲਿਆਂਦਾ ਗਿਆ। ਜੱਥੇ ਦੇ ਬੰਦਿਆਂ ਦੀ ਗਿਣਤੀ 68 ਸੀ ਜਿਹਨਾਂ ਵਿੱਚ ਦੋ ਔਰਤਾਂ ਵੀ ਸਨ। ਬਾਕੀ ਦੇ 66 ਆਦਮੀਆਂ ਵਿਚੋਂ ਮਿਸਟਰ ਕਾਵਨ ਦੀ 17 ਜਨਵਰੀ ਦੀ ਚਿੱਠੀ ਅਨੁਸਾਰ 22 ਕੈਦੀ ਜ਼ਖਮੀ ਸਨ। ਮਿਸਟਰ ਕਾਵਨ ਦੀ ਇਕ ਹੋਰ ਪਹਿਲੀ ਚਿੱਠੀ ਮੁਤਾਬਿਕ 7 ਤਾਂ ਮਰਨਾਊ ਫੱਟੜ ਸਨ ਅਤੇ 22 ਥੋੜ੍ਹੇ ਫੱਟੜ ਸਨ।

ਪੁਲਿਸ ਕਪਤਾਨ ਲਿਖਦਾ ਹੈ ਕਿ ਕੈਦੀ ਕੂਕਿਆਂ ਨੂੰ ਦੇਖਣ ਸਾਰ ਹੀ ਡਿਪਟੀ ਕਮਿਸ਼ਨਰ ਨੇ ਫੈਸਲਾ ਕਰ ਲਿਆ ਸੀ ਕਿ ਇਨ੍ਹਾਂ ਵਿੱਚੋਂ 50 (ਪੰਜਾਹ) ਨੂੰ ਉਸੇ ਦਿਨ ਮਲੇਰਕੋਟਲੇ ਵਿਖੇ ਹੀ ਤੋਪਾਂ ਨਾਲ ਉਡਾ ਦਿੱਤਾ ਜਾਵੇ ਅਤੇ ਬਾਕੀ 16 ਨੂੰ ਦੂਸਰੇ ਦਿਨ ਮਲੌਦ ਲਿਜਾ ਕੇ ਫਾਂਸੀਆਂ 'ਤੇ ਟੰਗ ਦਿੱਤਾ ਜਾਵੇ। ਨਾਮਧਾਰੀ ਕੈਦੀ ਕੋਟਲੇ ਦੇ ਨਜ਼ਦੀਕ ਆ ਗਏ ਸਨ। ਅੰਗਰੇਜ਼ ਅਫ਼ਸਰ ਅਤੇ ਸਿੱਖ ਰਿਆਸਤਾਂ ਦੀਆਂ ਫ਼ੌਜਾਂ ਆਪਣੀਆਂ ਤੋਪਾਂ ਸਮੇਤ ਕੈਦੀਆਂ ਦੇ ਪਹੁੰਚਣ ਦੀ ਉਡੀਕ ਕਰ ਰਹੇ ਸਨ। ਇਸ ਸਮੇਂ ਮਿਸਟਰ ਕਾਵਨ ਨੂੰ ਮਿਸਟਰ ਫੌਰਸਾਈਥ ਕਮਿਸ਼ਨਰ ਦਾ ਉਹ ਨੋਟ ਮਿਲਿਆ, ਜਿਸ ਵਿੱਚ ਉਸ ਨੇ ਬੜੇ ਜ਼ੋਰ ਨਾਲ ਲਿਖਿਆ ਸੀ ਕਿ ਜਦ ਤੱਕ ਮੇਰੀ ਭੇਜੀ ਹੋਈ ਗਾਰਦ ਨਾ ਪਹੁੰਚੇ,


Sri Satguru Jagjit Singh Ji eLibrary NamdhariElibrary@gmail.com

ਕੈਦੀਆਂ ਨੂੰ ਸ਼ੇਰਪੁਰ ਦੀ ਗੜੀ ਵਿੱਚ ਹੀ ਰੱਖਿਆ ਜਾਵੇ ਅਤੇ ਕੈਦੀਆਂ ਨੂੰ ਕਾਨੂੰਨੀ ਕਾਰਵਾਈਆਂ ਪੂਰੀਆਂ ਕਰਕੇ ਹੀ ਸਜ਼ਾਵਾਂ ਦਿੱਤੀਆਂ ਜਾਣ। ਸਰਕਾਰ ਹਿੰਦ ਦੇ ਸਕੱਤਰ ਵੱਲੋਂ ਪੰਜਾਬ ਸਰਕਾਰ ਦੇ ਕਾਇਮ ਮੁਕਾਮ ਸਕੱਤਰ ਵੱਲ ਲਿਖੀ ਗਈ ਚਿੱਠੀ ਨੰਬਰ 857 ਤਾਰੀਖ 30 ਅਪ੍ਰੈਲ 1872 ਈਸਵੀ ਵਿੱਚ ਇਹ ਗੱਲ ਦੱਸੀ ਗਈ ਹੈ ਕਿ ਕਮਿਸ਼ਨਰ ਦਾ ਉਕਤ ਨੋਟ ਮਿਸਟਰ ਕਾਵਨ ਨੂੰ ਨਾਮਧਾਰੀਆਂ ਨੂੰ ਮਾਰਨ ਤੋਂ ਕਈ ਘੰਟੇ ਪਹਿਲੇ ਮਿਲ ਚੁੱਕਾ ਸੀ।

ਚਾਰ ਅਤੇ ਪੰਜ ਵਜੇ ਦੇ ਵਿਚਕਾਰ ਜੱਥੇ ਦੇ ਪਹੁੰਚਣ ਸਾਰ ਹੀ ਕੈਦੀਆਂ ਨੂੰ ਪਿੰਡ ਜਮਾਲਪੁਰ ਦੇ ਨਾਲ ਲਗਦੇ ਰੱਕੜ (ਪਰੇਡ ਮੈਦਾਨ) ਵਿੱਚ ਲਿਆਂਦਾ ਗਿਆ। ਪਟਿਆਲਾ, ਨਾਭਾ, ਜੀਂਦ ਦੀਆਂ ਸਿੱਖ ਰਿਆਸਤਾਂ ਦੀਆਂ ਫ਼ੌਜਾਂ ਦੇ 750 ਸਿਪਾਹੀ ਅਤੇ ਅਫ਼ਸਰ 9 ਤੋਪਾਂ ਸਮੇਤ 16 ਜਨਵਰੀ ਨੂੰ ਹੀ ਮਲੇਰਕੋਟਲੇ ਪਹੁੰਚ ਚੁੱਕੇ ਸਨ। ਮਿਸਟਰ ਕਾਵਨ ਨੇ ਜੱਥੇ ਦੇ ਆਗੂਆਂ ਹੀਰਾ ਸਿੰਘ ਅਤੇ ਲਹਿਣਾ ਸਿੰਘ ਨਾਲ ਗੱਲਾਂ ਬਾਤਾਂ ਕੀਤੀਆਂ। ਆਪਣੀ 17 ਜਨਵਰੀ ਦੀ ਰਿਪੋਰਟ ਵਿੱਚ ਉਹ ਲਿਖਦਾ ਹੈ ਕਿ, "ਇਹਨਾਂ ਕੈਦੀਆਂ ਦਾ ਵਰਤਾਓ ਬਹੁਤ ਹੀ ਨਿਡਰਤਾ ਭਰਿਆ ਅਤੇ ਹੁਕਮਾਂ ਆਦਿ ਤੋਂ ਲਾਪ੍ਰਵਾਹ, ਨਾ ਦਬਣ ਵਾਲਾ ਸੀ। ਉਹ ਅੰਗਰੇਜ਼ੀ ਸਰਕਾਰ ਅਤੇ ਦੇਸੀ ਰਿਆਸਤਾਂ ਦੇ ਰਾਜਿਆਂ ਨੂੰ ਗਾਲਾਂ ਦੇ ਰਹੇ ਸਨ। ਉਹ ਸਾਰੇ ਦੇ ਸਾਰੇ ਹੀ ਮੰਨਦੇ ਸਨ ਕਿ ਉਹ ਮਲੌਦ ਅਤੇ ਮਲੇਰਕੋਟਲੇ 'ਤੇ ਹੋਏ ਹਮਲਿਆਂ ਵਿੱਚ ਸ਼ਾਮਲ ਸਨ।"

9 ਤੋਪਾਂ ਬੀੜ ਕੇ ਗ਼ਾਰਦਾਂ ਲਾ ਦਿੱਤੀਆਂ ਗਈਆਂ ਅਤੇ ਨਾਮਧਾਰੀਆਂ ਨੂੰ ਲਿਆ ਕੇ ਮੈਦਾਨ ਵਿੱਚ ਗ਼ਾਰਦਾਂ ਦੇ ਪਹਿਰੇ ਵਿੱਚ ਤੋਪਾਂ ਦੇ ਨਜ਼ਦੀਕ ਬਿਠਾ ਦਿੱਤਾ ਗਿਆ। ਜੱਥੇ ਨਾਲ ਜਿਹੜੀਆਂ ਦੋ ਔਰਤਾਂ ਸਨ, ਉਹਨਾਂ ਨੂੰ ਪਟਿਆਲਾ ਦੀਆਂ ਫ਼ੌਜਾਂ ਦੇ ਅਫ਼ਸਰ ਜਰਨੈਲ ਇਨਾਇਤ ਅਲੀ ਦੇ ਹਵਾਲੇ ਕਰ ਦਿੱਤਾ ਗਿਆ। ਨਾਮਧਾਰੀਆਂ ਨੂੰ ਵੀ ਹੁਕਮ ਸੁਣਾ ਦਿੱਤਾ ਗਿਆ ਕਿ ਉਹਨਾਂ ਨੂੰ ਇਸ ਥਾਂ ਉੱਤੇ ਤੋਪ ਨਾਲ ਉਡਾ ਦਿੱਤਾ ਜਾਵੇਗਾ।

ਇੰਤਜ਼ਾਮ ਇਹ ਕੀਤਾ ਗਿਆ ਕਿ 7 ਤੋਪਾਂ ਨਾਲ ਕੈਦੀਆਂ ਨੂੰ ਉਡਾਇਆ ਜਾਵੇਗਾ ਅਤੇ 2 ਤੋਪਾਂ ਫ਼ੌਜਾਂ ਅਤੇ ਗਾਰਦਾਂ ਦੀ ਰਾਖੀ ਲਈ ਤਿਆਰ ਰੱਖੀਆਂ ਜਾਣਗੀਆਂ। ਵਿਉਂਤ ਇਹ ਬਣਾਈ ਗਈ ਕਿ ਹਰ ਵਾਰ 7 ਨਾਮਧਾਰੀ 7 ਤੋਪਾਂ ਅੱਗੇ ਲਿਆ ਕੇ ਖੜ੍ਹੇ ਕੀਤੇ ਜਾਣ ਅਤੇ ਤੋਪਾਂ ਨੂੰ ਕੱਠੇ ਪਲੀਤੇ ਦੇ ਦਿੱਤੇ ਜਾਣ। ਅਫ਼ਸਰਾਂ ਨੂੰ ਇਹ ਦਹਿਲ ਬੈਠਾ ਹੋਇਆ ਸੀ ਕਿ ਕਿਧਰੇ ਅਖੀਰ ਵੇਲੇ ਨਾਮਧਾਰੀਆਂ ਦੇ ਜੱਥੇ ਅਚਨਚੇਤ ਹੀ ਕਿਧਰੇ ਕਾਰਾ ਕਰਨ ਲਈ ਨਾ ਆ ਪੈਣ ਅਤੇ ਇਹ ਇਕ ਭਿਆਨਕ ਸਾਕਾ ਨਾ ਬਣ ਜਾਵੇ।

ਨਾਮਧਾਰੀਆਂ ਨੂੰ ਮੌਤ ਸਾਹਵੇਂ ਦੇਖ ਕੇ ਚਾਅ ਚੜ੍ਹ ਗਏ। ਉਹ ਸਤਿ ਸ਼੍ਰੀ ਅਕਾਲ ਦੇ ਜੈਕਾਰੇ ਗਜਾਉਣ ਲੱਗ ਪਏ ਦੋ, ਚਾਰ ਦਿਨ ਤੋਂ ਮੀਂਹ ਪੈ ਰਿਹਾ ਸੀ। ਰੱਕੜ ਵਿੱਚ ਪਾਣੀ ਖਲੋਤਾ ਸੀ। ਪਰੇਡ ਮੈਦਾਨ ਵਿੱਚ ਕੋਟਲੇ ਅਤੇ ਆਲੇ-ਦੁਆਲੇ ਦੇ



Sri Satguru Jagjit Singh Ji eLibrary NamdhariElibrary@gmail.com

ਕਸਬਿਆਂ ਅਤੇ ਪਿੰਡਾਂ ਦੇ ਹਜ਼ਾਰਾਂ ਆਦਮੀ, ਇਸਤਰੀਆਂ ਦੇਸ਼ ਭਗਤ ਸ਼ਹੀਦਾਂ ਦੀ ਮੌਤ ਦਾ ਨਜ਼ਾਰਾ ਦੇਖਣ ਲਈ ਇਕੱਠੇ ਹੋ ਗਏ ਸਨ। ਥਾਉਂ-ਥਾਈਂ ਖ਼ਬਰਾਂ ਪਹਿਲਾਂ ਹੀ ਪਹੁੰਚ ਗਈਆਂ ਸਨ ਕਿ ਕੂਕੇ ਤੋਪਾਂ ਨਾਲ ਉਡਾਏ ਜਾਣਗੇ।

ਸਤਿਗੁਰ ਬਿਲਾਸ ਪੰਨਾ 419 ਉੱਤੇ ਤੋਪਾਂ ਨਾਲ ਉਡਾਏ ਜਾਣ ਦਾ ਹਾਲ ਇਸ ਤਰ੍ਹਾਂ ਦਿੱਤਾ ਹੈ - "ਰਾਜਿਆਂ ਕੀਆਂ ਫਰੰਗੀਆਂ ਨੇ ਤੋਪਾਂ ਮੰਗਵਾ ਲਈਆਂ। ਫਰੰਗੀ ਨੇ ਉਡਾਉਣੇ ਦਾ ਹੁਕਮ ਦੇ ਦਿੱਤਾ। ਪਟਿਆਲਾ ਦੀ ਤੋਪ ਤੇ ਨਾਭੇ ਦੀ ਤੋਪ ਸੰਗਰੂਰਾਂ ਦੀ ਤੋਪ ਤੇ ਮਲੇਰਕੋਟਲੇ ਦੀ ਤੋਪ ਇਤਆਦਿਕ ਨੌਂ ਤੋਪਾਂ ਬੀੜੀਆਂ। ਭਾਈ ਹੀਰਾ ਸਿੰਘ ਤੇ ਲਹਿਣਾ ਸਿੰਘ ਦੋਵੇਂ ਇਸ਼ਨਾਨ ਕਰਕੇ ਤੋਪਾਂ ਦੇ ਮੂਹਰੇ ਹੋਏ। ਬਿੱਲੇ ਨੇ ਚੀਕ ਕੇ ਕਿਹਾ ਕਿ ਇਨ ਕੋ ਰੱਸੇ ਪਾ ਕੇ ਆਗੇ ਖੜੇ ਕਰੋ। ਸਿੰਘਾਂ ਨੇ ਚੂਹੜੇ ਨੂੰ ਕਿਹਾ ਕਿ ਪਰ੍ਹੇ ਹੋ ਜਾਹ, ਅਸੀਂ ਆਪੇ ਈ ਜਾ ਖਲੋਵਾਂਗੇ। ਅੱਗੇ ਜਾ ਖੜ੍ਹੇ ਹੋਏ ਹੱਲਾ ਕਰਕੇ ਬਿੱਲੇ ਨੇ ਕਿਹਾ, ਪੀਠ ਕਰੋ, ਸਿੰਘ ਬੋਲੇ, ਪਿੱਠ ਨਹੀਂ ਕਰਾਂਗੇ ਸਨਮੁੱਖ ਹੋ ਕੇ ਖੜ੍ਹ ਗਏ। ਸਾਹਮਣੇ ਛਾਤੀਆਂ ਡਾਹ ਕੇ ਖੜ੍ਹੇ ਹੋਏ ਹੌਸਲਿਆਂ ਵਾਲੇ ਸਿੰਘ ਤਿੰਨ ਵਾਰੀ ਬੱਤੀ ਲਾਈ ਤੋਪ ਪਲੀਤਾ ਚੱਟ ਗਈ ਜਾਂ ਚੌਥੀ ਵਾਰ ਬੱਤੀ ਦਿੱਤੀ ਤਾਂ ਤੋਪ ਚੱਲੀ। ਜੋ ਜੋੜ ਸੇ, ਸੋ ਤਾਂ ਪੁਰਜ਼ਾ-ਪੁਰਜ਼ਾ ਹੋ ਕੇ ਜਾਏ, ਪਏ। ਜੋ ਸੀਸ ਸੀ ਹੀਰਾ ਸਿੰਘ ਕਾ, ਸੋ ਸਣੇ ਦਸਤਾਰ ਅਕਾਸ਼ ਨੂੰ ਉੱਡਿਆ। ਦੂਰ ਜਾਏ ਦੱਸ ਕਦਮ ਪਰ ਸੀਸ ਡਿੱਗਾ ਧਰਤੀ ਪਰ। ਤੀਨ ਵਾਰੀ ਧਰਤੀ ਸੇ ਉੱਭਰ ਕੇ ਖੁੱਦੋ ਵਾਂਗ ਤਾਂ ਠੰਡਾ ਹੋਇਆ। ਇਸ਼ਨਾਨ ਕਰਕੇ ਸਿੰਘਾਂ ਨੇ ਆਪੇ ਈ ਅੱਗੇ ਜਾ ਖੜੋਵਣਾ। ਤੋਪ ਲਗਣੇ ਸੇ ਸਿੰਘਾਂ ਕੇ ਸਰੀਰ ਪੁਰਜਾ-ਪੁਰਜਾ ਹੋ ਕੇ ਜਾ ਪੈਣ ਫ਼ਰਕ ਨਾਲ।"

ਹਨੇਰਾ ਹੋ ਗਿਆ 50 ਨਾਮਧਾਰੀ ਸਿੰਘਾਂ ਨੂੰ ਮਾਰ-ਮੁਕਾਉਣ ਦੇ ਕੰਮੋਂ ਵਿਹਲੇ ਹੋ ਕੇ ਮਿਸਟਰ ਕਾਵਨ, ਕਾਇਮ ਮੁਕਾਮ ਡਿਪਟੀ ਕਮਿਸ਼ਨਰ ਨੇ ਅੰਬਾਲੇ ਦੇ ਕਮਿਸ਼ਨਰ ਨੂੰ ਸਾਰੇ ਹਾਲਾਤ ਦੀ ਚਿੱਠੀ ਲਿਖੀ ਕਿ ਸਭ ਕੈਦੀਆਂ ਨੇ ਆਪਣੇ ਦੋਸ਼ ਨੂੰ ਇਕਬਾਲ ਕਰ ਲਿਆ ਹੈ। ਇਹ ਵੀ ਲਿਖਿਆ ਕਿ ਮੇਰਾ ਇਰਾਦਾ ਕੈਦੀਆਂ ਵਿਚੋਂ ਪੰਜਾਹ ਨੂੰ ਤਾਂ ਅੱਜ ਮਲੇਰਕੋਟਲੇ ਹੀ ਉਡਾ ਦੇਣ ਦਾ ਸੀ ਅਤੇ ਬਾਕੀ ਸੋਲਾਂ (16) ਨੂੰ ਕੱਲ੍ਹ ਨੂੰ ਮਲੋਦ ਲਿਜਾ ਕੇ ਮਾਰ-ਮੁਕਾਉਣਾ ਦਾ ਸੀ। ਇਹਨਾਂ ਵਿੱਚੋਂ ਇਕ ਆਦਮੀ ਫ਼ੌਜੀ ਗ਼ਾਰਦਾਂ ਦੇ ਪਹਿਰੇ ਲੱਗਿਆ ਹੋਇਆ ਵਿੱਚੋਂ ਨਿਕਲ ਕੇ ਆਇਆ ਅਤੇ ਮੇਰੇ 'ਤੇ ਬੜੇ ਗੁੱਸੇ ਨਾਲ ਹਮਲਾ ਕੀਤਾ। ਮੈਨੂੰ ਦਾੜ੍ਹੀ ਤੋਂ ਫੜ ਲਿਆ ਅਤੇ ਮੇਰੀ ਸੰਘੀ ਘੁੱਟ ਕੇ ਮੈਨੂੰ ਮਾਰਨ ਦੀ ਕੋਸ਼ਿਸ਼ ਕੀਤੀ। ਇਹ ਬਹੁਤ ਹੀ ਜ਼ੋਰਾਵਰ ਆਦਮੀ ਸੀ। ਸੋ ਮੈਨੂੰ ਆਪਣਾ ਆਪ ਇਸ ਕੋਲੋਂ ਛੁਡਾਉਣ ਲਈ ਬਹੁਤ ਹੀ ਜ਼ਿਆਦਾ ਤਕਲੀਫ਼ ਦਾ ਸਾਹਮਣਾ ਕਰਨਾ ਪਿਆ। ਉਸ ਨੇ ਫਿਰ ਮੇਰੇ ਲਾਗੇ ਖੜ੍ਹੇ ਦੇਸੀ ਰਿਆਸਤਾਂ ਦੇ ਕੁਝ ਅਫ਼ਸਰਾਂ 'ਤੇ ਬੜੇ ਹੀ ਖ਼ਤਰਨਾਕ ਹਮਲੇ ਕੀਤੇ। ਇਹਨਾਂ ਅਫ਼ਸਰਾਂ ਨੇ ਆਪਣੀਆਂ ਤਲਵਾਰਾਂ ਸੂਤ ਲਈਆਂ ਤੇ ਉਸ ਨੂੰ ਟੋਟੇ-ਟੋਟੇ ਕਰ ਦਿੱਤਾ। 'ਮੇਰੇ ਲਈ ਇਹ ਬੜੀ ਹੀ ਦੁਖਦਾਈ ਡਿਊਟੀ ਸੀ। ਜਦ ਮੈਨੂੰ ਤੁਹਾਡੀ ਚਿੱਠੀ ਮਿਲਣ ਸਮੇਂ ਅਖੀਰਲੀ ਟੋਲੀ ਤੋਪਾਂ ਦੇ ਸਾਹਮਣੇ ਸੀ। ਮੇਰੇ ਆਪਣੇ



Sri Satguru Jagjit Singh Ji eLibrary NamdhariElibrary@gmail.com

ਦਿੱਤੇ ਗਏ ਸਜ਼ਾ-ਏ-ਹੁਕਮ ਨੂੰ ਖ਼ੁਦ ਆਪ ਹੀ ਉਸ 'ਤੇ ਅਮਲ ਕਰਵਾਉਣ ਵਿੱਚ ਮੈਂ ਇਮਾਨਦਾਰੀ ਅਤੇ ਸੱਚਾਈ ਨਾਲ ਇਸ ਦ੍ਰਿੜ ਵਿਸ਼ਵਾਸ਼ ਨੂੰ ਅੱਗੇ ਰੱਖ ਕੇ ਇਹ ਕੰਮ ਕੀਤਾ ਹੈ ਕਿ ਮੈਂ ਸਰਕਾਰ ਦੇ ਵੱਡਾ ਲਾਭ ਲਈ ਇਹ ਕੰਮ ਕਰ ਰਿਹਾ ਹਾਂ। ਇਸ ਬਗ਼ਾਵਤ ਦਾ ਜਿਸ ਨੇ ਵੱਡਾ ਲੰਬਾ ਚੌੜਾ ਆਕਾਰ ਅਖ਼ਤਿਆਰ ਕਰ ਲੈਣਾ ਸੀ, ਉੱਠਦਿਆਂ ਹੀ ਸਿਰ ਭੰਨ ਦਿੱਤਾ ਗਿਆ ਹੈ।"

ਤੁਹਾਡੀ ਚਿੱਠੀ ਪਹੁੰਚਣ ਤੇ ਮੈਂ ਬਾਕੀ ਦੀਆਂ 16 ਨਾਮਧਾਰੀ ਮੁਲਜ਼ਮਾਂ ਸਬੰਧੀ, ਜਿਹਨਾਂ ਨੂੰ ਅਜੇ ਤੱਕ ਸਜ਼ਾਵਾਂ ਨਹੀਂ ਦਿੱਤੀਆਂ ਗਈਆਂ ਸਨ। ਬੜੀ ਹੀ ਸਖ਼ਤ ਕੁੜਿੱਕੀ ਵਿੱਚ ਫਸ ਗਿਆ ਹਾਂ। ਜੈਸਾ ਕਿ ਮੈਂ ਪਹਿਲਾਂ ਆਪ ਨੂੰ ਦੱਸ ਚੁੱਕਾ ਹਾਂ, ਮੇਰਾ ਇਰਾਦਾ ਇਹਨਾਂ 16 ਨੂੰ ਕੱਲ੍ਹ ਨੂੰ ਮਲੌਦ ਲਿਆ ਕੇ ਮਰਵਾ ਦੇਣ ਦਾ ਸੀ ਅਤੇ ਹੁਣ ਵੀ ਮੈਂ ਇਸ ਰਾਇ ਤੇ ਕਾਇਮ ਹਾਂ। ਇਸ ਲਈ ਮੈਂ ਆਪ ਪਾਸ ਸੱਚੇ ਦਿਲੋਂ ਬੇਨਤੀ ਕਰਦਾ ਹਾਂ ਕਿ ਆਪ ਮੈਨੂੰ ਇਸ ਸਜ਼ਾ ਨੂੰ ਅਮਲ ਵਿੱਚ ਲਿਆਉਣ ਲਈ ਜਲਦੀ ਤੋਂ ਜਲਦੀ ਮਨਜ਼ੂਰੀ ਦਾ ਹੁਕਮ ਭੇਜੋ ਤਾਂ ਕਿ ਮੈਂ ਬਾਕੀ ਸੋਲਾਂ (16) ਨੂੰ ਵੀ ਖਤਮ ਕਰ ਦੇਵਾਂ। ਮੈਂ ਯਕੀਨ ਕਰਦਾ ਹਾਂ ਕਿ ਮੌਤ ਦੀਆਂ ਸਜ਼ਾਵਾਂ ਦਾ ਬੜਾ ਅਸਰ ਪਿਆ ਹੈ ਅਤੇ ਅਗਾਹਾਂ ਲਈ ਵੀ ਬੜਾ ਹੀ ਅਸਰ ਪਵੇਗਾ।

ਕਮਿਸ਼ਨਰ ਨੇ ਇਸ ਚਿੱਠੀ ਦਾ ਕੋਈ ਜਵਾਬ ਨਾ ਦਿੱਤਾ। 17 ਅਤੇ 18 ਜਨਵਰੀ ਦੀ ਰਾਤ ਨੂੰ ਸਵੇਰੇ 4 ਵਜੇ ਦੀ ਗੱਡੀ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ 4 ਸੂਬਿਆਂ ਨੂੰ ਦਿੱਲੀ ਵਾਲੀ ਗੱਡੀ ਚੜ੍ਹਾ ਕੇ 18 ਤਾਰੀਖ ਦੀ ਸਵੇਰ ਨੂੰ ਹੀ ਕਮਿਸ਼ਨਰ ਘੋੜੇ 'ਤੇ ਚੜ੍ਹ ਕੇ ਕਰਨਲ ਗੱਫ਼ ਨਾਲ ਰਸਾਲੇ ਦੇ ਇਕ ਦਸਤੇ ਨਾਲ ਮਲੇਰਕੋਟਲੇ ਪਹੁੰਚ ਗਿਆ। ਜੱਥੇ ਦੇ ਬਾਕੀ 16 ਨਾਮਧਾਰੀ ਕੈਦੀਆਂ ਨੂੰ ਮਿਸਟਰ ਕਾਵਨ ਕੋਟਲੇ ਦੇ ਨਾਜ਼ਮ ਅਤੇ ਤਹਿਸੀਲਦਾਰ ਤਿੰਨਾਂ ਦੇ ਬੈਂਚ ਦੀ ਅਦਾਲਤ ਸਾਹਮਣੇ ਮੁਲਜ਼ਮਾਂ ਦੀ ਹੈਸੀਅਤ ਵਿੱਚ ਪੇਸ਼ ਕੀਤਾ ਗਿਆ। ਸਾਰੀ ਕਾਰਵਾਈ ਕਾਨੂੰਨ ਦੀ ਮਨਸ਼ਾ ਮੁਤਾਬਿਕ ਅਮਲ ਵਿੱਚ ਲਿਆਂਦੀ ਗਈ ਅਤੇ ਪੂਰੀ ਮਿਸਲ ਤਿਆਰ ਕੀਤੀ ਗਈ। ਬੈਂਚ ਦੀ ਅਦਾਲਤ ਨੇ 16 ਦੋਸ਼ੀ ਨਾਮਧਾਰੀਆਂ ਨੂੰ ਵੀ ਮੌਤ ਦੀ ਸਜ਼ਾ ਦਿੱਤੀ, ਜੋ ਕਮਿਸ਼ਨਰ ਨੇ ਝੱਟਪਟ ਹੀ ਮਨਜ਼ੂਰ ਕਰ ਦਿੱਤੀ। ਇਹਨਾਂ 16 ਨਾਮਧਾਰੀਆਂ ਨੂੰ 18 ਜਨਵਰੀ ਵਾਲੇ ਦਿਨ ਅੰਗਰੇਜ਼ ਅਫ਼ਸਰਾਂ, ਮਲੇਰਕੋਟਲਾ ਅਤੇ ਨਾਲ ਲਗਦੀਆਂ ਸਿੱਖਾਂ ਰਿਆਸਤ ਦੇ ਵਕੀਲਾਂ ਅਤੇ ਫ਼ੌਜੀ ਅਫ਼ਸਰਾਂ ਦੇ ਸਾਹਮਣੇ ਦੁਪਹਿਰ ਤੋਂ ਪਹਿਲਾਂ ਤੋਪਾਂ ਨਾਲ ਉਡਾ ਦਿੱਤਾ ਗਿਆ।


Sri Satguru Jagjit Singh Ji eLibrary NamdhariElibrary@gmail.com

## ਸਾਕਾ ਮਲੇਰਕੋਟਲੇ ਦਾ ਚਸ਼ਮਦੀਦ ਗਵਾਹ

ਇਹ ਨਿਰਵਿਵਾਦ ਸੱਚ ਹੈ ਕਿ ਗ਼ੁਲਾਮ ਭਾਰਤ ਵਿੱਚ ਵਾਪਰੀ ਘਟਨਾ ਨੂੰ ਅੰਗਰੇਜ਼ ਸ਼ਾਸਕ ਨੇ ਆਪਣੀ ਐਨਕ ਵਿੱਚੋਂ ਦੀ ਤੱਕਿਆ ਤੇ ਆਪਣੇ ਵੱਲੋਂ ਕੀਤੀ ਗਈ ਹਰ ਕਾਰਵਾਈ ਨੂੰ ਆਪਣੇ ਦ੍ਰਿਸ਼ਟੀਕੋਣ ਤੋਂ ਹੀ ਪੇਸ਼ ਕੀਤਾ। ਇਹ ਉਂਝ ਹਰ ਸਰਕਾਰ, ਚਾਹੇ ਉਹ ਸੁਤੰਤਰ ਭਾਰਤ ਦੀ ਹੀ ਕਿਉਂ ਨਾ ਹੋਣ, ਨੀਤੀ ਦਾ ਹਿੱਸਾ ਹੀ ਹੁੰਦੀ ਹੈ ਜੋ ਸੁਭਾਵਿਕ ਪ੍ਰਕਿਰਿਆ ਸਮਝੀ ਜਾਂਦੀ ਹੈ। ਅੰਗਰੇਜ਼ ਇਸ ਕਲਾ ਵਿੱਚ ਬਹੁਤੇ ਹੀ ਨਿਪੁੰਨ ਸਨ। ਭਾਰਤ ਸ਼ਾਸਕਾਂ ਦਾ ਬਹੁਤ ਵੱਡਾ ਹਿੱਸਾ ਉਹਨਾਂ ਜਾਂ ਉਹਨਾਂ ਦੀ ਨੀਤੀ ਦਾ ਵਿਦਿਆਰਥੀ ਰਿਹਾ ਹੋਣ ਕਾਰਨ ਉਹਨਾਂ ਦੇ ਮੇਚੇ ਨੂੰ ਪਹੁੰਚਣ ਦੇ ਆਹਰ ਵਿੱਚ ਰਹਿ ਸਕਦਾ ਹੈ।

ਅੰਗਰੇਜ਼ ਸ਼ਾਸਕਾਂ ਦੀਆਂ ਬਹੁਤੀਆਂ ਕਾਰਵਾਈਆਂ ਇਸ ਢੰਗ ਨਾਲ ਕੀਤੀਆਂ ਗਈਆਂ ਕਿ ਬਹੁਤੇ ਮਾਮਲਿਆ ਵਿੱਚ ਅਸਲ ਮੁੱਦਾ ਹੀ ਖਤਮ ਹੋ ਗਿਆ। "ਨਾ ਰਹੇ ਬਾਂਸ ਤੇ ਨਾ ਵੱਜੇ ਬਾਂਸੁਰੀ" ਪਰ ਬਾਂਸੁਰੀ ਵਜਾਉਣ ਵਾਲੇ ਵੀ ਕਿਸੇ ਨਾ ਕਿਸੇ ਤਰ੍ਹਾਂ ਕੋਈ





ਆਜ਼ਾਦੀ ਲਈ ਜੂਝੇ ਮਰਜੀਵੜੇ ਨਾਮਧਾਰੀ

Sri Satguru Jagjit Singh Ji eLibrary NamdhariElibrary@gmail.com

ਨਾ ਕੋਈ ਪੋਰੀ ਲੱਭ ਹੀ ਲੈਂਦੇ ਹਨ ਜਾਂ ਫਿਰ ਕੁਦਰਤ ਹੀ ਕਿਸੇ ਚੀਜ਼ ਦਾ ਬੀਜ ਨਾਸ ਨਾ ਹੋਣ ਦੇ ਆਪਣੇ ਸਿਧਾਂਤ ਦੀ ਪਾਲਣਾ ਕਰਦਿਆਂ ਕਿਸੇ ਢੰਗ ਨਾਲ ਉਸ ਦਾ ਥੋੜ੍ਹਾ ਬਹੁਤ ਬੀਜ ਬਚਾ ਦਿੰਦੀ ਹੈ, ਜਿਸ ਕਰਕੇ ਚੰਗੇ ਪੱਕੇ ਪ੍ਰਬੰਧ ਕਰਨ ਦੇ ਬਾਵਜੂਦ ਵੀ ਉਸ ਵਿਚੋਂ ਵਾਧੇ-ਘਾਟੇ ਦੀ ਸੁਗੰਧ ਲੱਗਣੀ ਸੰਭਵ ਹੋ ਜਾਂਦੀ ਹੈ।

ਅੰਗਰੇਜ਼ਾਂ ਬਾਰੇ ਆਮ ਪ੍ਰਭਾਵ ਇਹੋ ਹੈ ਕਿ ਉਹ ਝੂਠ ਨਹੀਂ ਸਨ ਬੋਲਦੇ, ਪਰ ਭਾਰਤ ਵਿੱਚ ਅੰਗਰੇਜ਼ੀ ਸ਼ਾਸਨ ਕਾਲ ਦੀਆਂ ਸਰਕਾਰੀ ਮਿਸਲਾਂ, ਲਿਖਤ ਤੇ ਰੋਜ਼ਨਾਮਚਿਆਂ ਤੋਂ ਇਹ ਕਹਾਵਤ ਝੂਠੀ ਸਿੱਧ ਹੁੰਦੀ ਹੈ ਤੇ ਕੋਈ ਵੀ ਨਿਰਪੱਖ ਅਤੇ ਘੋਖੀ ਪਾਠਕ ਇਸ ਸਿੱਟੇ ਉੱਤੇ ਪਹੁੰਚੇਗਾ ਕਿ ਉਹ ਜਿਹੜਾ ਝੂਠ ਬੋਲਦੇ ਸਨ, ਉਹ ਹੁੰਦਾ ਸੱਚ ਨੂੰ ਮਾਤ ਪਾਉਣ ਵਾਲਾ ਸੀ। ਮਲੇਰਕੋਟਲੇ ਦੇ ਸਾਕੇ ਨਾਲ ਸੰਬੰਧਤ ਬਹੁਤੇ ਤੱਥ ਉਹਨਾਂ ਦੀਆਂ ਲਿਖਤਾਂ ਵਿੱਚੋਂ ਜਾਂ ਅਲੋਪ ਹਨ ਜਾਂ ਫਿਰ ਭ੍ਰਿਸ਼ਟ ਰੂਪ ਵਿੱਚ ਵਿਦਮਾਨ ਹਨ। ਜੇ ਚਸ਼ਮਦੀਦ ਗਵਾਹਾਂ ਦੀਆਂ ਗਵਾਹੀਆਂ ਨੇ ਉਹਨਾਂ ਦਾ ਪਰਦਾ ਨਾ ਪਾੜਿਆ ਹੁੰਦਾ ਤਾਂ ਇਤਿਹਾਸ ਦੇ ਸੁਨਹਿਰੀ ਪੰਨਿਆਂ ਉੱਤੇ ਬਹੁਤ ਸਾਰੇ ਕਾਲੇ ਪ੍ਰਸ਼ਨ-ਚਿੰਨ੍ਹ ਅਮਿੱਟ ਰਹਿ ਜਾਂਦੇ।

ਮਲੇਰਕੋਟਲੇ ਦੇ ਸਾਕੇ ਨੂੰ ਅੱਖੀਂ ਦੇਖਣ ਵਾਲੇ ਸਰਵਣ ਸਿੰਘ ਸਨੇਹੀ ਅਤੇ ਹੋਰ ਲੋਕਾਂ ਦੀਆਂ ਕਈ ਸ਼੍ਰੇਣੀਆਂ ਸਨ। ਇਕ ਨਿਰੋਲ ਤਮਾਸ਼ਬੀਨ ਜੋ ਸਰਕਾਰ ਵਲੋਂ ਦਹਿਸ਼ਤ ਫੈਲਾਉਣ ਦੇ ਮੰਤਵ ਨਾਲ ਪਿਟਵਾਏ ਗਏ ਢੰਡੋਰੇ ਦੇ ਫ਼ਲਸਰੂਪ ਕੂਕਿਆਂ ਨੂੰ ਤੋਪਾਂ ਦੇ ਗੋਲਿਆਂ ਨਾਲ ਤੂੰਬੇ-ਤੂੰਬੇ ਹੋ ਕੇ ਉੱਡਦੇ ਦੇਖਣ ਦੀ ਉਤਸੁਕਤਾ ਨਾਲ ਹਜ਼ਾਰਾਂ ਦੀ ਗਿਣਤੀ ਵਿੱਚ ਆਏ ਹੋਣਗੇ। ਉਂਝ ਇਹਨਾਂ ਦੀ ਗਿਣਤੀ ਕਿਸੇ ਸ੍ਰੋਤ ਤੋਂ ਸਹੀ ਨਹੀਂ ਮਿਲਦੀ। ਇਸ ਸਾਕੇ ਸਬੰਧੀ ਪ੍ਰਤੀਕਰਮ ਉਹਨਾਂ ਦੇ ਮਨਾਂ ਵਿੱਚ ਵੀ ਪ੍ਰਗਟ ਹੋਣਗੇ, ਪਰ ਅਜਿਹੇ ਵਿਅਕਤੀਆਂ ਕੋਲੋਂ ਸ੍ਰੋਤ ਸਾਹਮਣੇ ਆਇਆ ਹੈ।

ਇਕ ਸ਼੍ਰੇਣੀ ਸਾਧਾਰਨ ਪਰ ਮਹਿਫ਼ੂਜ਼ ਬੰਦਿਆਂ ਦੀ ਵੀ ਮਿਲਦੀ ਹੈ ਜਿਹਨਾਂ ਨੂੰ ਤਮਾਸ਼ਬੀਨ ਕਿਹਾ ਜਾ ਸਕਦਾ ਹੈ ਤੇ ਨਾ ਹੀ ਉਹ ਸਿੱਖਾਂ ਦੇ ਜੱਥੇ ਵਿਚ ਸ਼ਾਮਲ ਸਨ। ਸਗੋਂ ਜਾਂ ਤਾਂ ਦੇਵਨੇਤ ਉਸ ਸਮੇਂ ਕੋਟਲੇ ਵਿਚ ਮੌਜੂਦ ਸਨ ਜਾਂ ਉਚੇਚੇ ਤੌਰ 'ਤੇ ਉੱਥੇ ਗਏ ਪਰ ਜਿਹਨਾਂ ਨੇ ਆਪਣੇ ਪ੍ਰਭਾਵ ਜਾਂ ਅੱਖੀਂ ਦੇਖੇ ਹਾਲ ਹੋਰਨਾਂ ਨਾਲ ਸਾਂਝੇ ਕੀਤੇ। ਇਹਨਾਂ ਵਿੱਚ, ਭੀਖੀ ਦੇ ਬਾਣੀਆਂ ਪਰਿਵਾਰ ਵਿੱਚੋਂ ਸਿੰਘ ਸਜਿਆ ਸਾਉਣ ਸਿੰਘ ਗਿਣਿਆ ਜਾ ਸਕਦਾ ਹੈ ਜੀਹਨੇ ਮਲੇਰਕੋਟਲੇ ਵਿੱਚ ਸਿੰਘਾਂ ਦੇ ਹਮਲੇ ਦੇ ਵੇਰਵੇ ਸਤਿਗੁਰੂ ਰਾਮ ਸਿੰਘ ਨੂੰ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਿਆੜ ਵਿੱਚ ਜਾ ਕੇ ਉਦੋਂ ਦਿੱਤੇ ਜਦੋਂ ਉਹ ਡਿਪਟੀ ਕਮਿਸ਼ਨਰ ਕਾਵਨ ਅੱਗੇ ਪੇਸ਼ ਹੋਣ ਪਿੱਛੋਂ ਮਲੌਦ ਤੋਂ ਵਾਪਿਸ ਆ ਰਹੇ ਸਨ।

ਰੱੜ ਪਿੰਡ ਦੇ ਇਕ ਵਿਅਕਤੀ ਮੁਨਸ਼ੀ ਰਾਮ ਦਾ ਹਵਾਲਾ ਵੀ ਪੜ੍ਹਨ ਵਿੱਚ ਆਇਆ ਹੈ ਜਿਸਨੇ ਸੰਨ 1872 ਵਿਚ ਆਪਣੀ ਉਮਰ ਲਗਭਗ 25 (ਪੱਚੀ) ਸਾਲ ਲਿਖ ਕੇ ਆਪਣੀ ਵਹੀ ਵਿਚ ਦਰਜ ਕੀਤਾ। ਦੱਸਿਆ ਜਾਂਦਾ ਹੈ ਕਿ ਬਾਲਕ ਬਿਸ਼ਨ ਸਿੰਘ ਸਮੇਤ ਰੱੜ ਤੋਂ ਗ੍ਰਿਫ਼ਤਾਰ ਕਰਕੇ ਮਲੇਰਕੋਟਲੇ ਲੈ ਜਾਏ ਗਏ। ਵਿਅਕਤੀਆਂ ਨੂੰ



Sri Satguru Jagjit Singh Ji eLibrary NamdhariElibrary@gmail.com

ਛੁਡਾਉਣ ਲਈ ਪੰਚਾਇਤ ਦੇ ਨਾਲ ਉਹ ਉੱਥੇ ਗਿਆ, ਪਰੰਤੂ ਉਹਨਾਂ ਦੇ ਜਾਣ ਤੋਂ ਪਹਿਲਾਂ ਇਹ ਵਿਅਕਤੀ ਉਡਾਏ ਜਾਣ ਲਈ ਤਿਆਰ ਸਨ। ਲਾਲ ਸਿੰਘ ਨਾਂ ਦੇ ਵਿਅਕਤੀ ਦੇ ਸਿਆੜ੍ਹ ਤੋਂ ਕਿਸਾਨੀ ਭੇਸ ਵਿੱਚ ਮਲੇਰਕੋਟਲੇ ਜਾ ਕੇ ਸਾਕਾ ਦੇਖਣ ਦਾ ਜ਼ਿਕਰ ਵੀ ਮਿਲਦਾ ਹੈ। ਰਾਏਕੋਟ ਦੇ ਡਾਕਟਰ ਸ਼ਿਵਚਰਨ ਬਾਰੇ ਵੀ ਸੁਣਨ ਵਿੱਚ ਆਇਆ ਹੈ ਕਿ ਉਸ ਸਮੇਤ ਬਹੁਤ ਸਾਰੇ ਪੰਜਾਬੀ ਸਰਕਾਰੀ ਮੁਲਾਜ਼ਮਾਂ ਨੂੰ ਮਲੇਰਕੋਟਲੇ ਲੈ ਜਾਇਆ ਗਿਆ ਸੀ। ਇਸ ਪਿੱਛੇ ਸਰਕਾਰੀ ਮੰਤਵ ਉਹਨਾਂ ਨੂੰ ਸਪਸ਼ਟ ਨਹੀਂ ਸੀ। ਇਹਨਾਂ ਨੇ ਸਿੰਘਾਂ ਨੂੰ ਸ਼ਹੀਦੀਆਂ ਪਾਉਂਦਿਆਂ ਅੱਖੀਂ ਦੇਖਿਆ ਸੀ। ਇਸ ਕਰਕੇ ਇਸ ਸਾਕੇ ਦੇ ਚਸ਼ਮਦੀਦ ਗਵਾਹਾਂ ਵਿੱਚ ਇਕ ਸ਼੍ਰੇਣੀ ਇਤਿਹਾਸਕਾਰਾਂ ਤੇ ਕਵੀਆਂ ਦੀ ਵੀ ਮਿਲਦੀ ਹੈ। ਇਹ ਗੱਲ ਜਿੰਨੀ ਅਲੋਕਾਰੀ ਜਾਪਦੀ ਹੈ ਉੱਨੀ ਹੀ ਕੀਮਤੀ ਵੀ ਹੈ, ਕਿਉਂਕਿ ਇਕ ਇਤਿਹਾਸਕਾਰ ਪੰਜਾਬ ਤੇ ਸਿੱਖ ਇਤਿਹਾਸ ਦਾ ਪ੍ਰਸਿੱਧ ਵਿਦਵਾਨ ਖੋਜੀ ਗਿਆਨੀ ਗਿਆਨ ਸਿੰਘ ਸੀ, ਜਿਸਦੇ ਆਪਣੇ ਸੁਭਾਅ ਤੇ ਵਿਦਵਤਾ ਅਨੁਸਾਰ ਬਹੁਤ ਸੰਖੇਪ ਸ਼ਬਦਾਂ ਵਿੱਚ ਇਸ ਘਟਨਾ ਦੇ ਕਈ ਪੱਖਾਂ ਤੇ ਅਜਿਹਾ ਚਾਨਣਾ ਪਾਇਆ ਜਿਸ ਨਾਲ ਇਤਿਹਾਸਕਾਰਾਂ ਵਿੱਚ ਪਏ ਕਈ ਭੁਲੇਖਿਆਂ ਦੀ ਨਵਿਰਤੀ ਵਿੱਚ ਸਾਰਥਕ ਹਿੱਸਾ ਪੈਂਦਾ ਹੈ। ਉਹ ਆਪਣੀ ਗੱਲ ਆਰੰਭ ਹੀ ਇੱਥੋਂ ਕਰਦਾ ਹੈ, ਪਰ ਹੁਣ ਮੈਂ ਉਹ ਬਿਆਨ ਕਰਦਾ ਹਾਂ ਜੋ ਮੈਂ ਅੱਖੀਂ ਦੇਖਿਆ ਹੈ, "ਸੰਮਤ 1928 ਨੂੰ ਨਾਮਧਾਰੀ ਸਿੱਖਾਂ ਨੇ ਮਲੇਰਕੋਟਲੇ ਵਿੱਚ ਇਹ ਸਾਕਾ ਕੀਤਾ ਤੇ ਉਹ ਰੱੜ 'ਚੋਂ ਫੜੇ ਗਏ ਤਾਂ ਅੰਗਰੇਜ਼ਾਂ ਨੇ ਹੁਕਮ ਦਿੱਤਾ ਕਿ ਇਹਨਾਂ ਕੂਕਿਆਂ ਨੂੰ ਤੋਪਾਂ ਸੰਗ ਉਡਾਇਆ ਜਾਵੇ ਤਾਂ ਇਹ ਨਾਮਧਾਰੀ ਖੁਸ਼ੀ ਨਾਲ ਉਛਲੇ ਅਤੇ ਮੂੰਹਾਂ 'ਤੇ ਲਾਲੀ ਚੜ੍ਹ ਗਈ। ਉਹ ਗੁਰੂ ਦੇ ਸ਼ਬਦ ਗਾਉਣ ਲੱਗ ਪਏ ਜਿਵੇਂ ਦੀਵੇ ਤੇ ਪਤੰਗੇ ਆਪਣਾ ਰਾਗ਼ ਗਾਉਂਦੇ ਹਨ। ਉਹਨਾਂ ਨੇ ਜ਼ਰਾ ਵੀ ਆਪਣੇ ਪ੍ਰਾਣ ਪਿਆਰੇ ਨਹੀਂ ਕੀਤੇ ਸਗੋਂ ਖੁਸ਼ੀ ਵਿਚ ਖੀਵੇ ਹੋ ਉੱਠੇ"।

ਇਸੇ ਤਰ੍ਹਾਂ ਇਕ ਕਵੀ ਨੇ ਜਿਸ ਦਾ ਨਾਂ ਗੁੱਜਰ ਸਿੰਘ ਸੀ, ਬਰਨਾਲਾ ਨਿਵਾਸੀ ਸੀ। ਆਪਣੀ ਉਸ ਸਮੇਂ 13 ਸਾਲ ਦੀ ਉਮਰ ਦੱਸਦਿਆਂ ਇਸ ਘਟਨਾ ਦੇ ਚਸ਼ਮਦੀਦ ਗਵਾਹ ਹੋਣ ਦਾ ਦਾਅਵਾ ਕੀਤਾ ਹੈ ਜਿਸ ਦੇ ਨਾਨਕੇ ਜਮਾਲਪੁਰ ਸਨ।

ਅੱਖੀਂ ਵੇਖੇ ਗੁੱਜਰ ਸਿੰਘ ਸ਼ਹੀਦ ਸਿੰਘ ਨੂੰ ਤੇਜ਼-
ਤੋਪਾਂ ਨਾਲ ਸ਼ਹੀਦ ਹੋਏ ਕਰਦਾ ਸੀ ਅੰਗਰੇਜ਼।
ਸੰਮਤ ਉੱਨੀ ਸੈ ਅਠਾਈ ਪੰਜ ਮਾਘ ਨੂੰ ਸ਼ਹੀਦ ਕੀਤੇ-
ਗੁੱਜਰ ਸਿੰਘ ਵੇਖੇ ਦੀਦ ਜੋ ਦੀਦਾਰ ਸਿੰਘ।

ਇਸ ਸਮੇਂ ਮੌਜੂਦ ਲੋਕਾਂ ਵਿੱਚ ਇਕ ਸ਼੍ਰੇਣੀ ਯੂਰਪੀਨ ਲੋਕਾਂ ਦੀ ਵੀ ਗਿਣੀ ਜਾ ਸਕਦੀ ਹੈ। ਇਹਨਾਂ ਦੀ ਗਿਣਤੀ ਤੇ ਹਰ ਕਿਸੇ ਦੇ ਪ੍ਰਤੀਕਰਮ ਬਾਰੇ ਕੁਝ ਕਹਿਣਾ ਇਸ ਵੇਲੇ ਸੰਭਵ ਨਹੀਂ, ਪਰ ਇਕ ਦੇਸ਼ ਭਗਤ ਭਾਰਤੀ ਇਤਿਹਾਸਕਰ ਨੇ ਇਕ ਅਜਿਹੇ ਚਸ਼ਮਦੀਦ ਯੂਰਪੀਨ ਗਵਾਹ ਦਾ ਹਵਾਲਾ ਦਿੰਦਿਆ ਲਿਖਿਆ ਹੈ ਕਿ ਨਾਮਧਾਰੀਆਂ ਨੂੰ ਸ਼ਹੀਦ ਹੁੰਦਿਆਂ ਦੇਖਣ ਪਿੱਛੋਂ ਇਸ ਨੇ ਆਖਿਆ ਸੀ, "ਸਾਰਾ ਯੂਰਪ ਇਕ ਈਸਾ ਦੇ



Sri Satguru Jagjit Singh Ji eLibrary NamdhariElibrary@gmail.com

ਫਾਂਸੀ ਚੜ੍ਹਨ 'ਤੇ ਮਾਣ ਕਰਦਾ ਹੈ। ਮੈਂ ਅੱਜ ਸੈਂਕੜੇ ਈਸਾ ਕੁਰਬਾਨ ਹੁੰਦੇ ਦੇਖੇ ਹਨ।" ਉਸਦੇ ਪ੍ਰਭਾਵ ਤੋਂ ਸਿੰਘਾਂ ਦੇ ਉੱਚੇ ਆਚਰਣ ਦੀ ਝਲਕ ਸਪਸ਼ਟ ਮਿਲਦੀ ਹੈ।

ਇਹਨਾਂ ਮੌਕੇ ਦੇ ਗਵਾਹਾਂ ਵਿੱਚ ਸਭ ਤੋਂ ਮਹੱਤਵਪੂਰਨ ਸ਼੍ਰੇਣੀ ਉਹਨਾਂ ਦੀ ਆਖੀ ਜਾ ਸਕਦੀ ਹੈ ਜੋ ਇਸ ਦਾ ਕਾਰਨ ਬਣੇ। ਆਮ ਤੌਰ ਤੇ ਖਿਆਲ ਇਹ ਕੀਤਾ ਜਾਂਦਾ ਹੈ ਕਿ ਉਹ ਸਾਰੇ ਤਾਂ ਤੋਪਾਂ ਨਾਲ ਉਡਾ ਦਿੱਤੇ ਗਏ ਸਨ। ਫਿਰ ਉਹਨਾਂ ਦੀ ਗਵਾਹੀ ਕਿੱਥੋਂ ਅਜਿਹੇ ਵਿਅਕਤੀਆਂ ਨੂੰ ਇਹ ਜਾਣ ਕੇ ਹੈਰਾਨੀ ਹੋਣੀ ਸੁਭਾਵਿਕ ਹੈ ਕਿ ਇਹ ਵਿਸ਼ਵਾਸ਼ ਉਹਨਾਂ ਦਾ ਵੱਡਾ ਭੁਲੇਖਾ ਹੈ।

15 ਜਨਵਰੀ ਸੰਨ 1872 ਨੂੰ ਸਵੇਰੇ ਸਾਰ ਮਲੇਰਕੋਟਲੇ ਵਿੱਚ ਸਿੰਘਾਂ ਤੇ ਕੋਟਲੇ ਵਾਲਿਆਂ ਵਿਚਕਾਰ ਗਹਿਗੱਚਵੀਂ ਲੜਾਈ ਹੋਣ ਪਿੱਛੋਂ ਨਾਮਧਾਰੀ ਸਿੰਘਾਂ ਦਾ ਜੱਥਾ ਰੱੜ ਪਿੰਡ ਦੇ ਇਕ ਖੂਹ 'ਤੇ ਆਇਆ ਜਿੱਥੇ ਉਸ ਜੱਥੇ ਨੇ ਲੰਗਰ-ਪਾਣੀ ਤਿਆਰ ਕਰਕੇ ਛਕਿਆ। ਇਸ ਪਿੱਛੋਂ ਜੱਥੇ ਦੇ ਆਗੂ ਸਰਦਾਰ ਹੀਰਾ ਸਿੰਘ ਨੇ ਐਲਾਨ ਕੀਤਾ ਕਿ ਉਹ ਤਾਂ ਆਏ ਹੀ ਸਿਰ ਦੇਣ ਦੇ ਦ੍ਰਿੜ ਇਰਾਦੇ ਨਾਲ ਸਨ। ਨਾਲੇ ਜਿਹਨਾਂ ਹੁਕਮ ਗੁਰੂ ਤੇਗ ਬਹਾਦਰ ਵਲੋਂ ਲਾਇਆ ਗਿਆ ਸੀ ਉਹ ਨਿਭ ਗਿਆ ਹੈ। ਹੁਣ ਜੋ ਵੀ ਕੋਈ ਵਿਅਕਤੀ ਜਾਣਾ ਚਾਹੁੰਦਾ ਹੋਵੇ ਉਹ ਜਾ ਸਕਦਾ ਹੈ। ਇਸ ਤੇ ਪੰਦਰਾਂ (15) ਸਿੰਘ ਤਾਂ ਆਪੋ-ਆਪਣੇ ਘਰਾਂ ਨੂੰ ਤੁਰ ਗਏ, ਜਿਹਨਾਂ ਵਿੱਚ ਭਗਵਾਨ ਸਿੰਘ ਅੜਬੰਗੀ ਸ਼ਾਮਲ ਸੀ। ਜਿਹੜਾ ਕਾਫ਼ੀ ਚਿਰ ਪਿੱਛੋਂ ਤੱਕ ਅੰਗਰੇਜ਼ਾਂ ਲਈ ਹਊਆ ਬਣਿਆ ਰਿਹਾ। ਕੁਝ ਸਿੰਘ ਅਜਿਹੇ ਨਿਕਲੇ ਜਿਹੜੇ ਬਹੁਤ ਚਿਰ ਪਿੱਛੋਂ ਤੱਕ ਵੱਖ-ਵੱਖ ਭੇਸਾਂ ਵਿੱਚ ਵਿਚਰਦੇ ਰਹੇ। ਉਦਾਸੀ ਭੇਖ ਵਿੱਚ ਜ਼ਿਲ੍ਹਾ ਜਲੰਧਰ ਦੇ ਇਕ ਪਿੰਡ ਵਿੱਚ ਰਹਿੰਦੇ ਰਹੇ ਸੰਤ ਹੀਰਾ ਦਾਸ ਤੇ ਰਾਵਲਪਿੰਡੀ ਦੇ ਨਾਲ ਕਰਕੇ ਰਹਿੰਦੇ ਇਕ ਸਾਧੂ ਤੇ ਭਗਤਮਾਲ ਦੇ ਲੇਖਕ ਸੰਤ ਹੀਰਾ ਲਾਲ ਉਹਨਾਂ ਵਿਅਕਤੀਆਂ ਵਿੱਚੋਂ ਸਨ।

ਮਲੇਰਕੋਟਲੇ 'ਤੇ ਹਮਲਾ ਕਰਨ ਵਾਲੇ ਸਿੰਘਾਂ ਵਿੱਚ ਹੰਢਿਆਇ ਦੀ ਮਾਈ ਇੰਦ ਕੌਰ, ਉਸਦਾ ਪਤੀ ਨੰਦ ਸਿੰਘ ਤੇ ਦਿੱਤੂਪੁਰੇ ਦੀ ਮਾਈ ਖੇਮ ਕੌਰ ਵੀ ਸ਼ਾਮਲ ਸਨ। ਇਸੇ ਮਾਈ ਇੰਦ ਕੌਰ ਨੇ ਹੀ ਮਾਘੀ ਦੇ ਦਿਨ ਭੈਣੀ ਸਾਹਿਬ ਤੋਂ ਤੁਰਨ ਤੋਂ ਪਹਿਲਾਂ ਕੋਠੇ ਚੜ੍ਹ ਕੇ ਪੱਲਾ ਫੇਰ ਕੇ ਐਲਾਨ ਕੀਤਾ ਸੀ ਕਿ ਧਰਮ ਜਹਾਜ਼ ਤਿਆਰ ਹੈ ਜਿਸ ਨੇ ਚੜ੍ਹਨਾ ਹੈ ਆ ਜਾਵੇ। ਮਲੌਦ ਉੱਤੇ ਇਹਨਾਂ ਹਮਲੇ ਸਮੇਂ ਸਰਦਾਰ ਬਦਨ ਸਿੰਘ ਨੂੰ ਲਾਹਨਤਾਂ ਪਾਉਣ ਵਾਲੀ ਇਹੋ ਮਾਈ ਸੀ। ਸਰਦਾਰ ਨੰਦ ਸਿੰਘ ਸ਼ਹੀਦ ਹੋ ਗਏ ਪਰ ਇਹ ਦੋਵੇਂ ਮਾਈਆਂ ਕਾਵਨ ਨੇ ਪਟਿਆਲੇ ਦੇ ਅਹਿਲਕਾਰਾਂ ਦੇ ਸਪੁਰਦ ਕਰ ਦਿੱਤੀਆਂ ਸਨ। ਇਹ ਰਵਾਇਤ ਹੈ ਕਿ ਕੁਝ ਚਿਰ ਕੈਦ ਪਿੱਛੋਂ ਪਟਿਆਲੇ ਵਾਲਿਆਂ ਨੇ ਇਹਨਾਂ ਨੂੰ ਪਿੰਡ ਵਿੱਚ ਨਜ਼ਰਬੰਦ ਕਰ ਦਿੱਤਾ ਸੀ, ਪਰ ਇਹਨਾਂ ਦਾ ਭੈਣੀ ਸਾਹਿਬ ਆਉਣਾ ਜਾਣਾ ਬਣਿਆ ਰਿਹਾ। ਇੱਥੋਂ ਤੱਕ ਕਿ ਮਾਈ ਇੰਦ ਕੌਰ ਨੇ ਸਰੀਰ ਵੀ ਭੈਣੀ ਸਾਹਿਬ ਹੀ ਛੱਡਿਆ।

ਮਲੇਰਕੋਟਲੇ ਦੇ ਸਾਕੇ ਬਾਰੇ ਨਾਮਧਾਰੀ ਆਗੂਆਂ ਤੇ ਪਹਿਲੇ ਇਤਿਹਾਸਕਾਰਾਂ



Sri Satguru Jagjit Singh Ji eLibrary NamdhariElibrary@gmail.com

ਨੂੰ ਵਿਸਤਰਿਤ ਜਾਣਕਾਰੀ ਦੇਣ ਵਾਲੀਆਂ ਇਹੋ ਮਾਈਆਂ ਸਨ। ਨਾਮਧਾਰੀਆਂ ਦੇ ਪਹਿਲੇ ਇਤਿਹਾਸਕਾਰ ਬਾਬਾ ਕਾਹਲਾ ਸਿੰਘ ਨੰਗਲ ਵਾਲੇ ਮੰਨੇ ਜਾਂਦੇ ਸਨ। ਉਹਨਾਂ ਨੇ ਬਹੁਤ ਕੁਝ ਇਹਨਾਂ ਤੋਂ ਪਤਾ ਕਰਕੇ ਹੀ ਲਿਖਿਆ। ਉਹਨਾਂ ਨੇ ਇਹ ਇਕਬਾਲ ਸਪਸ਼ਟ ਕੀਤਾ ਹੈ।

ਮਲੇਰਕੋਟਲੇ ਵਿੱਚ ਗੁਰੂ ਰਾਮ ਸਿੰਘ ਜੀ,
ਸ਼ਹੀਦ ਸਿੰਘਾਂ ਨੂੰ ਦਿੱਤਾ ਦੀਦਾਰ ਹੈ ਜੀ -
ਮਾਈ ਇੰਦ ਕੌਰ ਦੱਸਿਆ ਦਾਸ ਤਾਂ ਹੀ,
ਤਾਂ ਹੀ ਲਿਖਿਆ ਕਲਮ ਪਸਾਰ ਹੈ ਜੀ।

ਮਲੇਰਕੋਟਲੇ ਇਸ ਸਾਕੇ ਬਾਰੇ ਪਏ ਜਾਂ ਪਾਏ ਬਹੁਤੇ ਭੁਲੇਖੇ ਇਹਨਾਂ ਦੋਹਾਂ ਮਾਈਆਂ ਵੱਲੋਂ ਦਿੱਤੀ ਗਈ ਜਾਣਕਾਰੀ ਨੇ ਹੀ ਦੂਰ ਕੀਤੇ। ਉਦਾਹਰਣ ਵਜੋਂ ਕਾਵਨ ਦੀ ਇਹ ਅਤਿਕਥਨੀ ਕਿ ਉਸ ਨੂੰ ਦਾੜ੍ਹਿਓਂ ਫੜਨ ਵਾਲਾ, ਬਹੁਤ ਜ਼ੋਰਾਵਰ ਬੰਦਾ ਸੀ ਜਾਂ ਕੂਕਿਆਂ ਨੂੰ ਤੋਪਾਂ ਅੱਗੇ ਬੰਨ੍ਹ ਕੇ ਉਡਾਇਆ ਗਿਆ ਆਦਿ। ਫਿਰ ਫੂਲ ਮਰਾਝ ਵਾਲੇ ਵਰਿਆਮ ਸਿੰਘ ਦੀ ਤੋਪਚੀ ਵੱਲੋਂ ਰੱਦ ਕੀਤੀ ਗਈ ਸ਼ਹੀਦੀ ਦੀ ਵਿਉਂਤਬੰਦੀ ਕਿਸਨੂੰ ਪਤਾ ਲੱਗਣਾ ਸੀ ਜਾਂ ਆਪਣੇ ਭਣੇਵਿਆਂ ਬਰਨਾਲੇ ਵਾਲੇ ਨੱਥਾ ਸਿੰਘ ਵਰਿਆਮ ਸਿੰਘ ਸੰਧੂ ਨੂੰ ਤੋਪ ਦਾ ਗੋਲਾ ਮਾਰਨ ਵਾਲੇ ਉਹਨਾਂ ਦੇ ਮਾਮੇ, ਛੰਨਾ ਵਾਲੇ ਹਰਨਾਮ ਸਿੰਘ ਨੇ ਅਫ਼ਸੋਸ ਨਾਲ ਤੋਪ ਖ਼ਲਿਆਰ ਦਿੱਤੀ ਸੀ ਜਾਂ ਇਹ ਕਿ ਹੀਰਾ ਸਿੰਘ ਦੀ ਸ਼ਹੀਦੀ ਪਿੱਛੋਂ ਉਸਦਾ ਸੀਸ ਤਿੰਨ ਵਾਰ ਖਿੱਦੋ ਵਾਂਗ ਧਰਤੀ 'ਤੇ ਉੱਭਰ ਕੇ ਅਕਾਲ-ਅਕਾਲ ਕਹਿ ਕੇ ਫਿਰ ਠੰਢਾ ਹੋਇਆ ਆਦਿ ਗੱਲ ਕਿਸੇ ਸਰਕਾਰੀ ਮਿਸਲ ਵਿਚੋਂ ਲੱਭਣ ਦਾ ਯਤਨ ਨਿਰੋਲ ਮ੍ਰਿਗਤਿਸ਼ਨਾ ਹੁੰਦੀ। ਸੁਹੇਲ ਸਿੰਘ ਨੇ ਆਪਣੇ ਭਣੇਵੇਂ ਹਰਨਾਮ ਸਿੰਘ ਨੂੰ ਪਿੱਠ ਉੱਤੇ ਚੁੱਕਿਆ ਹੋਇਆ ਸੀ। ਦੋਹਾਂ ਨੂੰ ਇਸੇ ਹਾਲਤ ਵਿੱਚ ਇਕੋ ਗੋਲੇ ਨਾਲ ਸ਼ਹੀਦ ਕੀਤੇ ਜਾਣ ਦਾ ਪਤਾ ਵੀ ਹੋਰ ਕਿਤਿਉਂ ਨਾ ਲਗਦਾ।

ਇਤਿਹਾਸ ਛੱਪੜ ਦੇ ਪਾਣੀ ਵਾਂਗ ਇਕ ਥਾਂ ਖੜ੍ਹਾ ਨਹੀਂ ਰਹਿੰਦਾ, ਸਗੋਂ ਨਦੀ ਦੇ ਪਾਣੀ ਵਾਂਗ ਇਸ ਵਿੱਚ ਨਿਰੰਤਰਤਾ ਕਾਇਮ ਰਹਿੰਦੀ ਹੈ ਤੇ ਇਹੋ ਨਿਰੰਤਰਤਾ ਇਸ ਦੇ ਰੂਪ ਨੂੰ ਬਦਲਦੀ ਰਹਿੰਦੀ ਹੈ। ਨਵੀਂ ਖੋਜ ਨਾਲ ਇਤਿਹਾਸ ਨਵਿਆਇਆ ਜਾਂਦਾ ਹੈ। ਮਲੇਰਕੋਟਲੇ ਦੇ ਚਸ਼ਮਦੀਦ ਗਵਾਹਾਂ ਦੀ ਇਹ ਸੂਚੀ ਮੁਕੰਮਲ ਨਹੀਂ ਆਖੀ ਜਾ ਸਕਦੀ, ਕਿਉਂਕਿ ਇਹ ਪੱਖ ਅਤੇ ਖੋਜ ਦਾ ਮੁਥਾਜ ਹੈ। ਜਿਉਂ ਸਮਾਂ ਜਾ ਰਿਹਾ ਹੈ ਤਿਉਂ ਇਹ ਪੱਖ ਦੁਆਲੇ ਹਨ੍ਹੇਰਾ ਪਸਰੀ ਜਾਣ ਦਾ ਡਰ ਵੀ ਵੱਧ ਰਿਹਾ ਹੈ।



Sri Satguru Jagjit Singh Ji eLibrary NamdhariElibrary@gmail.com

# ਸਤਿਗੁਰੂ ਹਰੀ ਸਿੰਘ ਜੀ



**ਜਨਮ:** ਸਤਿਗੁਰੂ ਹਰੀ ਸਿੰਘ ਜੀ ਸੰਨ 1819 ਵਿੱਚ ਪਿਤਾ ਜੱਸਾ ਸਿੰਘ ਜੀ ਮਾਤਾ ਸਦਾ ਕੌਰ ਦੀ ਕੁੱਖੋਂ ਪਿੰਡ ਰਾਈਆਂ ਵਿਖੇ ਸਤਿਲੁਜ ਦਰਿਆ ਦੀ ਧਰਤੀ ਉੱਤੇ ਹੋਇਆ ਬਚਪਨ ਪਿੰਡ ਰਾਈਆਂ ਵਿੱਚ ਹੀ ਖੇਡਦਿਆਂ ਜਵਾਨੀ ਦੀਆਂ ਪੌੜੀਆਂ ਚੜ੍ਹਿਆ। ਬਾਬਾ ਰਾਮ ਸਿੰਘ ਜੀ ਨਾਲ ਆਪ ਜੀ ਦਾ ਅਥਾਹ ਪਿਆਰ ਸੀ

ਸ਼੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ਼ ਗਮਨ ਉਪਰੰਤ

ਉਹਨਾਂ ਨੇ ਸ੍ਰ. ਦਰਬਾਰਾ ਸਿੰਘ ਹੱਥ ਭੇਜੇ ਪਹਿਲੇ ਹੁਕਮਨਾਮੇ ਵਿੱਚ ਹੀ ਆਪ ਜੀ ਦੇ ਛੋਟੇ ਭਰਾ ਹਰੀ ਸਿੰਘ ਨੂੰ ਗੁਰੂ ਥਾਪਿਆ। ਗੁਰੂ ਹਰੀ ਸਿੰਘ ਨੇ ਸੂਬਾ ਗੁਰਚਰਨ ਸਿੰਘ ਨੂੰ ਅਫ਼ਗਾਨਿਸਤਾਨ ਤੇ ਰੂਸ ਭੇਜਿਆ। ਜਿੱਥੇ ਸੰਤ ਖ਼ਾਲਸੇ ਦੀ ਵਾਗਡੋਰ ਗੁਰੂ ਹਰੀ ਸਿੰਘ ਨੇ ਸੰਭਾਲੀ, ਉੱਥੇ ਸਿੱਖੀ ਬ੍ਰਿਛ ਨੂੰ ਕਰੜੀ ਘਾਲ ਨਾਲ ਪਾਲਣ-ਪੋਸ਼ਣ ਕੀਤਾ, ਜੰਗੇ ਆਜ਼ਾਦੀ ਦੀ ਜੋਤ ਨੂੰ ਸੀਨੇ ਦੀ ਚਰਬੀ ਪਾ-ਪਾ ਪ੍ਰਚੰਡ ਰੱਖਿਆ। ਬਾਬਾ ਗੁਰਚਰਨ ਸਿੰਘ, ਸੂਬਾ ਸਿੰਘ, ਬਿਸ਼ਨ ਸਿੰਘ ਤੇ ਬਨਾਰਸੀ ਦਾਸ ਦੇ ਨਾਉਂ ਨਾਲ ਰੂਸ ਆਦਿ ਦੇਸ਼ਾਂ ਵਿੱਚ ਪੱਥਰਾਂ, ਕੰਡਿਆਂ ਨੂੰ ਉਲੰਘਦੇ ਜਾਂਦੇ ਤੇ ਪਿਆਰ ਰਸਾਨੀ ਕਰਦੇ। ਸਤਿਗੁਰੂ ਜੀ ਕਾਲ ਪੀੜਤਾਂ ਨੂੰ ਛੇ (6) ਮਹੀਨੇ ਤੱਕ ਸ਼੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਲਾਏ ਲੰਗਰ ਤੋਂ ਪ੍ਰਸ਼ਾਦ ਛਕਾਇਆ ਅਤੇ ਬਾਰਿਸ਼ ਹੋਣ ਉਪਰੰਤ ਉਹ ਗੁਰੂ ਦਾ ਜੱਸ ਕਰਦੇ ਘਰਾਂ ਨੂੰ ਵਾਪਿਸ ਮੁੜੇ ਤਾਂ ਹਕੂਮਤ ਨੇ ਕੂਕਿਆਂ ਨੂੰ ਵੱਸ ਕਰਨ ਹਿੱਤ ਕੋਈ 100 ਮੁਰੱਬਿਆਂ ਦੀ ਪੇਸ਼ਕਸ਼ ਕੀਤੀ। ਸਤਿਗੁਰੂ ਜੀ ਅੰਗਰੇਜ਼ ਦੀ ਚਾਲ ਨੂੰ ਸਮਝਦਿਆਂ ਇਹ ਪੇਸ਼ਕਸ਼ ਠੁਕਰਾ ਦਿੱਤੀ ਤਾਂ ਲੁਧਿਆਣੇ ਦੇ ਗਜ਼ਟੀਅਰ ਨੇ ਇਹ ਲਿਖਤ ਨੂੰ ਪ੍ਰਵਾਨ ਕਰ ਲਿਆ ਕਿ ਸੱਚੀ ਗੱਲ ਇਹ ਹੈ ਕਿ ਕੂਕਾ


Sri Satguru Jagjit Singh Ji eLibrary NamdhariElibrary@gmail.com

ਅੰਗਰੇਜ਼ ਦਾ ਖ਼ੈਰ ਖਾਰ ਨਹੀਂ ਹੋ ਸਕਦਾ।

ਠਹਣ ਠਰੁਟਹ ਟਹਓਟ ਟਿ ਸਿ ਮਿਪੋਸਸਬਿਲਣ ਡੋਰ ਓ ਖੁਕਓ ਟੋ ਬਣ
ਲੋਓਲ ਸੁਬਜਣਚਟ`ਡ ਟਹਣ ਭਰਟਿਸਿਹ ਘੋਵਟ.

ਭਾਰਤੀ ਪਰੰਪਰਾ ਵਿਚ ਸਾਧੂ ਬਿਰਤੀ ਵਾਲੇ ਆਜ਼ਾਦੀ ਦੇ ਸੰਗਰਾਮੀਏ ਆਪਣੇ ਉਦੇਸ਼ ਦੀ ਪੂਰਤੀ ਪਰਮਾਤਮਾ, ਸ਼ਕਤੀਆਂ ਦੇ ਪ੍ਰਤੀਕ ਮੰਦਿਰਾਂ, ਆਸ਼ਰਮਾਂ ਦੀ ਨੇੜਤਾ ਵਿੱਚ ਰਹਿ ਕੇ ਕਰਦੇ ਆਏ ਨੇ, ਇਸ ਪੱਖ ਤੋਂ ਭੈਣੀ ਸਾਹਿਬ ਵੀ ਉਸੇ ਪਰੰਪਰਾ ਦਾ ਅੰਗ ਹੈ। ਸ਼ੁਭ ਕੰਮਾਂ ਦੀ ਕਰਮਭੂਮੀ ਕੋਈ ਵੀ ਧਰਤੀ ਐਵੇਂ ਨਹੀਂ ਬਣ ਜਾਂਦੀ। ਮਨੁੱਖਾਂ ਵਾਂਗ ਹੀ ਜਿਸ ਧਰਤੀ ਦੇ ਇਹੋ ਜਿਹੇ ਪੂਰਬਲੇ ਸੰਸਕਾਰ ਹੋਣ ਉਸੇ ਧਰਤੀ ਨੂੰ ਹੀ ਇਹ ਮਾਣ ਹਾਸਲ ਹੁੰਦਾ ਹੈ। ਭੈਣੀ ਸਾਹਿਬ ਦੀ ਚੋਣ ਵੀ ਪ੍ਰਮਾਤਮਾ ਸ਼ਕਤੀਆਂ ਵੱਲੋਂ ਉਹਨਾਂ ਨੂੰ ਸੰਸਕਾਰਾਂ ਕਾਰਨ ਹੀ ਹੋਈ ਸੀ। ਇਸ ਗੱਲ ਦਾ ਪਤਾ ਉਦੋਂ ਲੱਗਾ ਜਦੋਂ ਭੈਣੀ ਸਾਹਿਬ ਦੇ ਇਕ ਵਿਲੱਖਣ ਜਲ ਸਰੋਤ ਨੂੰ ਸਰੋਵਰ ਬਣਦਾ ਵੇਖਿਆ ਗਿਆ। ਇੱਥੇ ਇਕ ਜਲ ਸਰੋਤ ਹੈ ਜਿਸ ਵਿੱਚੋਂ ਜਲ ਉੱਪਰ ਆਉਂਦਾ ਤੇ ਇਕ ਵੱਡੇ ਟੋਬੇ ਦੇ ਆਕਾਰ ਵਿਚ ਫੈਲਦਾ ਰਹਿੰਦਾ ਹੈ।

ਸਤਿਗੁਰੂ ਰਾਮ ਸਿੰਘ ਦੇ ਉਪਾਸ਼ਕ ਭੈਣੀ ਸਾਹਿਬ ਆਉਂਦੇ ਤੇ ਇਸ ਟੋਬੇ ਵਿਚ ਇਸ਼ਨਾਨ ਕਰਦੇ। ਨਾਲ-ਨਾਲ ਭਾਰਤੀ ਮਾਨਸ ਦੀ ਅਧਿਆਤਮਕ ਸਾਂਝ ਹੈ। ਇਹ ਇਕ ਇਹੋ ਜਿਹਾ ਰਿਸ਼ਤਾ ਹੈ ਕਿ ਜਿੱਥੇ ਵੀ ਕਿਧਰੇ ਜਲ ਧਰਤੀ ਵਿਚੋਂ ਫੁੱਟ ਕੇ ਨਿਚਲੇ ਜਲ ਦਾ ਕੋਈ ਪਹਾੜੀ ਸੋਮਾ ਹੋਵੇ, ਕੋਈ ਝੀਲ ਹੋਵੇ ਜਾਂ ਵਹਿੰਦੀ ਨਦੀ, ਅਥਵਾ ਬਾਹਰੋਂ ਵਗਦੇ ਜਲ ਨਾਲ ਭਰਿਆ ਜਾਂਦਾ ਤਲਾਅ ਜਾਂ ਸਰੋਵਰ ਭਾਰਤ ਵਾਸੀਆਂ ਲਈ ਉਹ ਤੀਰਥ ਤੁਲ ਹੁੰਦਾ ਹੈ। ਇਹੋ ਹੀ ਕਾਰਨ ਹੈ ਕਿ ਪੰਜਾਬ ਵਿੱਚ ਬਹੁਤ ਗੁਰ ਤੀਰਥਾਂ ਨਾਲ ਸਰੋਵਰ ਬਣਾਏ ਗਏ ਹਨ।

ਭੈਣੀ ਸਾਹਿਬ ਦੀ ਧਰਤੀ ਵਿਚੋਂ ਸੋਮੇ ਵਾਂਗ ਫੁੱਟਦੇ ਜਲ ਸਰੋਤ ਨੂੰ ਟੋਬੇ ਦੇ ਰੂਪ ਵਿੱਚ ਵੇਖ ਕੇ ਹੀ ਸ਼ਰਧਾਲੂਆਂ ਦੇ ਮਨਾਂ ਅੰਦਰ ਤੀਰਥ ਭਾਵਨਾ ਜਾਗੀ ਤੇ ਉਸ ਟੋਬੇ ਨੂੰ 'ਰਾਮ ਸਰ' ਨਾਮ ਮਿਲ ਗਿਆ।

ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਤੋਂ ਪਿੱਛੋਂ ਸਿੱਖ ਸੰਗਤ ਇਸ 'ਰਾਮ ਸਰ' ਵਿਚ ਇਸ਼ਨਾਨ ਦੀ ਇੱਛਾ ਜਤਾ ਕੇ ਅੰਗਰੇਜ਼ ਸਰਕਾਰ ਦੀ ਪੁਲਿਸ ਕੋਲੋਂ ਭੈਣੀ ਸਾਹਿਬ ਅੰਦਰ ਜਾਣ ਦੀ ਇਜ਼ਾਜਤ ਲੈਂਦੀ ਅਤੇ ਸਤਿਗੁਰ ਹਰੀ ਸਿੰਘ ਜੀ ਦੇ ਦਰਸ਼ਨ ਵੀ ਕਰ ਆਉਂਦੀ। ਇਸ਼ਨਾਨ ਸ਼ਰਧਾਲੂਆਂ ਦੀ ਦਿਨੋਂ-ਦਿਨ ਵੱਧ ਦੀ ਗਿਣਤੀ ਵੇਖ ਕੇ ਅੰਗਰੇਜ਼ ਹਾਕਮਾਂ ਦੇ ਮਨੋ-ਸ਼ੰਕਾ ਜਾਗੀ। ਉਨ੍ਹਾਂ ਨੇ ਇਸ਼ਾਰਾ ਕਰਕੇ ਪਿੰਡ ਦੇ ਕੁਝ ਸਰਕਾਰ ਪ੍ਰਸਤਾਂ ਕੋਲੋਂ ਇਸ ਟੋਬੇ ਨੂੰ ਪਿੰਡ ਦਾ ਸਾਂਝਾ ਕੁੱਪਾਂ ਵਾਲਾ ਛੱਪੜ ਦੱਸ ਕੇ ਉਸ ਦੀ ਮਾਲਕੀ ਦਾ ਝਗੜਾ ਖੜ੍ਹਾ ਕਰਵਾ ਦਿੱਤਾ ਅਤੇ ਕਬਜ਼ੇ ਲਈ ਅਦਾਲਤ ਦੀ ਸ਼ਰਨ ਵਿੱਚ ਚਲੇ ਗਏ। ਅਦਾਲਤ ਵਿੱਚ ਬਹਿਸ ਮੁਬਾਹਿਸੇ ਦੌਰਾਨ ਤਹਿ ਹੋਇਆ ਕਿ ਇਕ ਮਿੱਥੇ ਹੋਏ ਦਿਨ ਅਦਾਲਤ ਵੱਲੋਂ ਭੇਜਿਆਂ ਹੋਇਆ ਨੁਮਾਇੰਦਾ ਭੈਣੀ ਸਾਹਿਬ ਜਾ ਕੇ



Sri Satguru Jagjit Singh Ji eLibrary NamdhariElibrary@gmail.com

ਦੋਹਾਂ ਧਿਰਾਂ ਕੋਲੋਂ ਉਸ ਟੋਭੇ ਦੀ ਮਾਲਕੀ ਦੇ ਸਬੂਤ ਵੇਖੋ ਅਤੇ ਅਦਾਲਤ ਉਸੇ ਆਧਾਰ ਉੱਪਰ ਮਾਲਕੀ ਦਾ ਹੱਲ ਦੇਵੇਗੀ।

ਨਾਮਧਾਰੀ ਸੰਗਤ ਇਸ ਸੋਚ ਵਿੱਚ ਸੀ ਕਿ ਆਪਣੇ ਹੱਕ ਵਿੱਚ ਕਿਹੜੇ ਸਬੂਤ ਪੇਸ਼ ਕਰੇ। ਇਸੇ ਦੌਰਾਨ ਸਤਿਗੁਰੂ ਰਾਮ ਸਿੰਘ ਜੀ ਦੇ ਧਿਆਨ ਸਮੇਂ ਪਰਤੱਖ ਦਰਸ਼ਨ ਦੇ ਕੇ ਹੁਕਮ ਕੀਤਾ ਕਿ ਫਲਾਹੀ ਹੇਠੋਂ ਇਕ ਵਿਸ਼ੇਸ਼ ਸਥਾਨ ਨੂੰ ਪੁੱਟਣ ਤੇ ਉੱਥੇ ਹਵਨ ਦੀਆਂ ਨਿਸ਼ਾਨੀਆਂ ਮਿਲਣਗੀਆਂ। ਉਸ ਸਥਾਨ ਤੇ ਅਸੀਂ ਪਿਛਲੇ ਯੁੱਗ ਵਿੱਚ ਹਵਨ ਕਰਦੇ ਰਹੇ ਹਾਂ।

ਅਦਾਲਤੀ ਨੁਮਾਇੰਦੇ ਦੇ ਆਉਣ ਤੇ ਸਤਿਗੁਰੂ ਹਰੀ ਸਿੰਘ ਜੀ ਨੇ ਉਸਦੇ ਸਾਹਮਣੇ ਸਿੱਖਾਂ ਕੋਲੋਂ ਉਹ ਸਥਾਨ ਖੁਦਵਾਇਆ। ਹੇਠੋਂ ਤਿਕੋਨਾ ਹਵਨ ਕੁੰਡ ਪ੍ਰਾਪਤ ਹੋਇਆ ਤੇ ਨਾਲ ਹੀ ਥਿੰਧੇ ਕੋਲੇ ਵੀ। ਪਿੰਡ ਵਾਲਿਆਂ ਕੋਲ ਆਪਣੇ ਦਾਅਵੇ ਦੇ ਹੱਕ ਵਾਲਾ ਕੋਈ ਸਬੂਤ ਨਹੀਂ ਸੀ। ਸੋ ਫੈਸਲਾ ਭੈਣੀ ਸਾਹਿਬ ਦੇ ਗੁਰਦੁਆਰੇ ਦੇ ਹੱਕ ਵਿੱਚ ਹੋਇਆ। ਪੁਰਾਤਨ ਹਵਨ ਕੁੰਡ ਅਤੇ ਸਰੋਵਰ ਕਾਰਨ ਭੈਣੀ ਸਾਹਿਬ ਇਕ ਇਹੋ ਜਿਹੇ ਤੀਰਥ ਦੇ ਰੂਪ ਵਿੱਚ ਪ੍ਰਸਿੱਧ ਹੋਇਆ ਜੋ ਪ੍ਰਮਾਤਮਾ ਸ਼ਕਤੀਆਂ ਦਾ ਕੇਂਦਰ ਸੀ।

ਸਤਿਗੁਰੂ ਰਾਮ ਸਿੰਘ ਜੀ ਵੱਲੋਂ ਚਲਾਏ ਆਜ਼ਾਦੀ ਦੇ ਅੰਦੋਲਨ ਦੇ ਨਤੀਜੇ ਵਜੋ ਸ਼ੁਰੂ ਹੋਈਆਂ ਅੰਗਰੇਜ਼ੀ ਸਰਕਾਰ ਦੀਆਂ ਸਖਤੀਆਂ ਕਾਰਨ ਨਾਮਧਾਰੀਆਂ ਦਾ ਆਤਮ ਬਲ ਕਾਇਮ ਰੱਖਦਿਆਂ ਹੋਇਆ ਕੂਕਾ ਸੰਗਠਨ ਨੂੰ ਅਤੇ ਉਸ ਸੰਗਠਨ ਦੀ ਮੂਲ ਭਾਵਨਾ ਨੂੰ ਬਚਾਈ ਰੱਖਣ ਦੀ ਸਮੱਸਿਆ ਸੀ। ਸਤਿਗੁਰੂ ਹਰੀ ਸਿੰਘ ਜੀ ਨੇ ਇਸ ਸਮੱਸਿਆ ਦੀ ਬੜੀ ਦਲੇਰੀ ਤੇ ਸੂਝ ਨਾਲ ਟਾਕਰਾ ਕੀਤਾ। ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ਼ ਗਵਨ ਬਾਅਦ ਉਹਨਾਂ ਦੇ ਦਰਸ਼ਨਾਂ ਨਮਿਤ ਲੜੀਵਾਰ ਅਖੰਡ ਪਾਠ ਕਰਵਾਉਣ ਦਾ ਪ੍ਰੋਗਰਾਮ ਸਤਿਗੁਰੂ ਹਰੀ ਸਿੰਘ ਜੀ ਨੇ ਬਣਾਇਆ। ਅਖੰਡ ਪਾਠਾਂ ਦੀ ਸ਼ੁਰੂਆਤ ਸ਼੍ਰੀ ਭੈਣੀ ਸਾਹਿਬ ਲੰਗਰ ਦੇ ਨਜ਼ਦੀਕ ਇਕ ਭੋਰਾ ਪੁੱਟ ਕੇ ਉਸ ਵਿੱਚ ਧੂਫ, ਦੀਪ, ਕੁੰਭ, ਜੋਤ, ਸੁਗੰਧਿਤ ਸਮੱਗਰੀ ਆਦਿ ਦੁਆਰਾ ਸੰਯੁਕਤ ਵਿਧੀ ਅਨੁਸਾਰ ਅਖੰਡ ਪਾਠ ਸ਼ੁਰੂ ਕੀਤੇ ਗਏ ਤਾਂ ਕਿ ਪੁਲਿਸ ਚੌਕੀ ਨੂੰ ਪਤਾ ਨਾ ਲੱਗੇ। ਫਿਰ ਵੀ ਇਕ ਦਿਨ ਉਹਨਾਂ ਨੂੰ ਪਤਾ ਚੱਲ ਹੀ ਗਿਆ ਤੇ ਚੁਬਾਰੇ ਉੱਪਰ ਚੱਲ ਰਹੇ ਸਾਧਾਰਨ ਪਾਠਾਂ ਨਾਲ ਧੂਫ, ਦੀਪ, ਕੁੰਭ, ਸਮੱਗਰੀ ਸਾਰਾ ਸਮਾਨ ਤਿਆਰ ਕਰਕੇ ਤੁਕ ਨਾਲ ਤੁਕ ਮਿਲਾ ਕੇ ਭੋਰੇ ਤੋਂ ਚੁਬਾਰੇ ਵਿੱਚ ਅਖੰਡ ਪਾਠਾਂ ਦੀ ਲੜੀ ਤੋਰੀ ਗਈ। ਜਦੋਂ ਇਹ ਕੰਮ ਕੀਤਾ ਤਾਂ ਸਤਿਗੁਰੂ ਰਾਮ ਸਿੰਘ ਜੀ ਨੂੰ ਪ੍ਰਦੇਸ਼ ਵਿਚ ਤਕਲੀਫ਼ ਹੋਈ। ਜੋ ਉਹਨਾਂ ਭਾਈ ਦਰਬਾਰਾ ਸਿੰਘ ਹੱਥੀਂ ਆਏ ਹੁਕਮਨਾਮੇ ਵਿੱਚ ਲਿਖਿਆ ਕਿ ਜਦੋਂ ਸ਼੍ਰੀ ਭੈਣੀ ਸਾਹਿਬ ਅਖੰਡ ਪਾਠ ਟੁੱਟਾ ਤਾਂ ਮੇਰੇ ਸਰੀਰ ਨੂੰ ਬੜਾ ਕਸ਼ਟ ਹੋਇਆ।

ਇਸ ਉਪਰੰਤ ਸਤਿਗੁਰੂ ਰਾਮ ਸਿੰਘ ਜੀ ਦੀ ਦੱਸੀ ਮਰਿਯਾਦਾ ਅਨੁਸਾਰ ਕਠਿਨਾਈਆਂ ਅਤੇ ਸਖਤੀਆਂ ਦੇ ਬਾਵਜੂਦ ਸਤਿਗੁਰੂ ਹਰੀ ਸਿੰਘ ਜੀ ਨੇ ਸਾਧਾਰਨ ਪਾਠਾਂ ਤੇ ਅਖੰਡ ਪਾਠਾਂ ਨੂੰ ਸਮੇਂ ਅਨੁਸਾਰ ਜਾਰੀ ਰੱਖਿਆ। ਸੰਮਤ 1931 (ਸੰਨ 1874)



Sri Satguru Jagjit Singh Ji eLibrary NamdhariElibrary@gmail.com

ਵਿਚ ਤੇ ਸੰਮਤ 1933 (ਸੰਨ 1876) ਵਿਚ 101-101 ਅਖੰਡ ਪਾਠ ਕਰਵਾਏ।

ਗੁਰੂ ਦਰਸ਼ਨਾਂ ਦੇ ਪਿਆਰਿਆਂ ਸਿੱਖਾਂ ਵੱਲੋਂ ਵੀ ਸਾਧਾਰਨ ਤੇ ਅਖੰਡ ਪਾਠ ਕੀਤੇ। ਜਾਣ ਲੱਗੇ, ਜਿਹਨਾਂ ਦੇ ਬਦਲੇ ਕਈਆਂ ਨੂੰ ਕੈਦ ਤੇ ਜੁਰਮਾਨੇ ਵੀ ਹੋਏ। ਸੰਮਤ 1933 (ਸੰਨ 1876) ਵਿਚ ਵੀ ਪਾਠ ਕਰਵਾਉਣੇ ਸ਼ੁਰੂ ਕੀਤੇ। ਸਤਿਗੁਰੂ ਹਰੀ ਸਿੰਘ ਦੇ ਭੇਜੇ ਹੁਕਮ ਅਨੁਸਾਰ ਹੀ ਸਾਰੇ ਪਾਠ ਕਰਾਏ ਜਾਣ ਲੱਗੇ। ਸਤਿਗੁਰੂ ਹਰੀ ਸਿੰਘ ਵੇਲੇ ਸਤਿਗੁਰੂ ਰਾਮ ਸਿੰਘ ਦੇ ਦਰਸ਼ਨਾਂ ਨਮਿਤ ਹੋਏ ਪਾਠਾਂ ਦੇ ਵੇਰਵਾ ਇਸ ਪ੍ਰਕਾਰ ਹੈ ਜੋ ਸਤਿਯੁੱਗ ਦੇ ਪ੍ਰਦੇਸ਼ ਗਵਨ ਸ਼ਤਾਬਦੀ ਅੰਕ ਅਨੁਸਾਰ ਹੈ :-

1933 ਬਿਕਰਮੀ ਦੀ ਮਾਘੀ ਉੱਤੇ ਮੁਕਤਸਰ ਦੀ ਸੰਗਤ ਵੱਲੋਂ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਪੰਜਬ ਅਖੰਡ ਪਾਠਾਂ ਦਾ ਭੋਵ ਦਰਸ਼ਨ ਨਮਿਤ ਪੁਆਏ।

ਸੰਮਤ 1934 ਦੀ ਵਿਸਾਖੀ ਉੱਤੇ ਦਮਦਮਾ ਸਾਹਿਬ ਪੰਜਬ ਅਖੰਡ ਪਾਠਾਂ ਦੇ ਪਾਠ ਸਤਿਗੁਰਾਂ ਦੀ ਹਜ਼ੂਰੀ ਵਿੱਚ ਦਰਸ਼ਨ ਨਮਿਤ ਪਾਏ ਗਏ। ਇਸੇ ਤਰ੍ਹਾਂ ਸੰਮਤ 1932 ਤੋਂ 1950 (ਸੰਨ 1875 ਤੋਂ 1893) ਤੱਕ ਜੋ ਹੋਲੇ-ਮੁਹੱਲੇ ਜਾਂ ਮੇਲੇ ਭੈਣੀ ਸਾਹਿਬ ਹੁੰਦੇ ਰਹੇ ਸਾਰਿਆਂ ਤੇ 101 ਅਖੰਡ ਪਾਠ ਹਰ ਵਾਰੀ ਕੀਤੇ ਜਾਂਦੇ ਰਹੇ।

ਸੰਮਤ 1951 (ਸੰਨ 1894) ਦੀ ਮਾਘੀ ਤੇ ਮੁਕਤਸਰ ਇਲਾਕੇ ਦੀ ਸੰਗਤ ਨੇ 30 ਸਾਧਾਰਨ ਪਾਠਾਂ ਦੇ ਭੋਗ ਸਤਿਗੁਰਾਂ ਦੀ ਹਜ਼ੂਰੀ ਵਿੱਚ ਦਰਸ਼ਨ ਨਮਿਤ ਪੁਆਏ।

ਸੰਮਤ 1954 (ਸੰਨ 1897) ਵਿੱਚ ਸ੍ਰ. ਕਰਤਾਰ ਸਿੰਘ ਜੀ ਫਿਲੋਕਿਆਂ ਵਾਲਿਆਂ 101 ਅਖੰਡ ਪਾਠ ਦਰਸ਼ਨ ਨਮਿਤ ਸ਼੍ਰੀ ਭੈਣੀ ਸਾਹਿਬ ਆ ਕੇ ਕਰਵਾਏ, ਸ਼੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹੀ ਕਰਵਾਏ।

ਸੰਮਤ 1956 (ਸੰਨ 1899) ਨੂੰ ਸ. ਕੇਹਰ ਸਿੰਘ ਜੀ ਰਾਇ ਕੇ ਬੁਰਜ ਵਾਲਿਆਂ ਹੋਲਾ-ਮੁਹੱਲਾ ਕਰਵਾਉਣ ਸਮੇਂ 101 ਸਾਧਾਰਨ ਪਾਠ ਵੀ ਦਰਸ਼ਨ ਨਮਿਤ ਕਰਵਾਏ।

ਸੰਮਤ 1959 (ਸੰਨ 1902) ਦੀ ਮਾਘੀ ਮੁਕਤਸਰ ਇਲਾਕੇ ਦੀ ਸੰਗਤ ਨੇ ਸਤਿਗੁਰੂ ਦੀ ਹਜ਼ੂਰੀ ਵਿੱਚ 190 ਖੁੱਲ੍ਹੇ ਪਾਠਾਂ ਦੇ ਭੋਗ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ਪੁਆਏ।

ਸੰਮਤ 1960 (ਸੰਨ 1903) ਵਿਚ ਭਾਈ ਬਘੇਲ ਨੇ 101 ਅਖੰਡ ਪਾਠ ਸ਼੍ਰੀ ਭੈਣੀ ਸਾਹਿਬ ਦਰਸ਼ਨ ਨਮਿਤ ਕਰਵਾਏ।

ਸੰਮਤ 1961 (ਸੰਨ 1904) ਨੂੰ ਫਿਰ ਮੁਕਤਸਰ ਦੀ ਮਾਘੀ ਦੇ 130 ਸਾਧਾਰਨ ਪਾਠਾਂ ਦੇ ਭੋਗ ਪਾਏ ਗਏ।

ਇਸੇ ਤਰ੍ਹਾਂ 101 ਅਖੰਡ ਪਾਠ ਪਿੰਡ ਰੁਪਾਏ ਵਿਚ ਵੀ ਸਤਿਗੁਰਾਂ ਦੇ ਦਰਸ਼ਨ ਨਮਿਤ ਕਰਵਾਏ ਗਏ ਜਿਹਨਾਂ ਬਾਰੇ ਪੱਕਾ ਸੰਮਤ ਨਹੀਂ ਮਿਲਦਾ।

ਇਸ ਤਰ੍ਹਾਂ ਹਰ ਨਾਮਧਾਰੀ ਸੰਗਤ ਜਾਂ ਵਿਅਕਤੀ ਨੇ ਆਪਣੀ ਸਮਰੱਥਾ ਅਨੁਸਾਰ ਪਾਠ ਕਰਵਾਏ ਅਤੇ ਅਰਦਾਸਾਂ ਕੀਤੀਆਂ।



Sri Satguru Jagjit Singh Ji eLibrary NamdhariElibrary@gmail.com

# ਸਤਿਗੁਰ ਪ੍ਰਤਾਪ ਸਿੰਘ ਜੀ



ਆਪ ਜੀ ਦਾ ਜਨਮ ਸੰਨ 1890 ਵਿੱਚ ਸਤਿਗੁਰੂ ਹਰੀ ਸਿੰਘ ਦੇ ਘਰ ਮਾਤਾ ਜੀਵਨ ਕੌਰ ਦੀ ਕੁੱਖੋਂ ਸ਼੍ਰੀ ਭੈਣੀ ਸਾਹਿਬ ਵਿਖੇ ਹੋਇਆ। ਭੈਣੀ ਸਾਹਿਬ ਵਿਚ ਆਪਣੀ ਬਚਪਨ ਅਵਸਥਾ ਪਾਰ ਕਰਕੇ ਜਵਾਨੀ ਵਿਚ ਪੈਰ ਧਰਦਿਆਂ ਹੀ ਆਪ ਜੀ ਦਾ ਵਿਆਹ ਬੀਬੀ ਭੁਪਿੰਦਰ ਕੌਰ ਨਾਲ ਹੋ ਗਿਆ।

ਸ਼੍ਰੀ ਭੈਣੀ ਸਾਹਿਬ ਦੀ ਮਰਿਯਾਦਾ ਅਨੁਸਾਰ ਬਾਲਕ ਪ੍ਰਤਾਪ ਸਿੰਘ ਨੂੰ ਵੀ ਵਿੱਦਿਆ ਦਿੱਤੀ ਗਈ। ਸੰਨ 1906 ਵਿੱਚ ਸਤਿਗੁਰੂ ਹਰੀ ਸਿੰਘ ਦੇ ਵਿਛੋੜੇ ਤੋਂ ਬਾਅਦ ਪ੍ਰਤਾਪ ਸਿੰਘ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲੀ, ਉਪਰੰਤ ਇਹ ਸਤਿਗੁਰੂ ਪ੍ਰਤਾਪ ਸਿੰਘ ਦੀ ਪਦਵੀ ਨੂੰ ਪਹੁੰਚ ਗਿਆ। ਗੁਰਗੱਦੀ ਉੱਤੇ ਬਿਰਾਜ਼ਮਾਨ ਹੋਣ ਉਪਰੰਥ ਆਪ ਨੇ ਨਾਮ ਸਿਮਰਨ ਵੱਲ ਸਾਧ ਸੰਗਤ ਦੀ ਰੁਚੀ ਵਧਾਉਣ ਹਿੱਤ ਪੂਰਨੇ ਪਾਏ। ਸੰਮਤ 1993 (ਸੰਨ 1906) ਵਿੱਚ ਸਰਹਿੰਦ ਨਹਿਰ ਕਿਨਾਰੇ ਜਪ ਪ੍ਰਯੋਗ ਅਰੰਭਿਆ, ਜੋ ਸਾਥੀਆਂ ਸਮੇਤ 40 ਦਿਨ ਚੱਲਿਆ। ਜੋ ਜਪ ਪ੍ਰਯੋਗ ਅਰੰਭਿਆ ਸੋ ਸਾਥੀਆਂ ਸਮੇਤ ਹਰ ਸਾਲ ਹੋਣ ਲੱਗਾ। ਇਕ ਜੇਠ 1997 ਬਿਕਰਮੀ (ਸੰਨ 1910) ਤੋਂ ਇਕ ਘੰਟਾ ਨਾਮ ਸਿਮਰਨ ਬਾਕੀ ਪਾਠ ਪੂਜਾ ਤੋਂ ਵੱਖਰਾ ਸਤਿਗੁਰੂ ਰਾਮ ਸਿੰਘ ਦੇ ਦਰਸ਼ਨਾਂ ਨਮਿਤ ਹਰ ਨਾਮਧਾਰੀ ਨੂੰ ਕਰਨ ਦਾ ਹੁਕਮ ਦਿੱਤਾ।

ਸਤਿਗੁਰੂ ਜੀ ਨੇ ਅੰਗਰੇਜ਼ਾਂ ਦੀ ਕਰੋਪੀ ਹੁੰਦਿਆ ਹੋਇਆਂ ਜਿਸ ਸੁਚੱਜਤਾ ਦੇ ਹਿੰਮਤ ਨਾਲ ਨਾਮਧਾਰੀ ਪੰਥ ਦੀ ਅਗਵਾਈ ਕੀਤੀ ਅਤੇ ਅੰਗਰੇਜ਼ਾਂ ਦੀ ਗ਼ੁਲਾਮੀ ਦੇ ਜੂਲੇ ਹੇਠੋਂ ਨਿਕਲਣ ਲਈ ਗੁਰੂ ਨਾਨਕ ਨਾਮ ਲੇਵਾ ਸਭ ਸੰਪ੍ਰਦਾਵਾਂ ਨੂੰ ਸ਼੍ਰੀ ਭੈਣੀ ਸਾਹਿਬ ਇਕੱਠਿਆਂ ਕਰਕੇ ਇਕ ਲੜੀ ਵਿਚ ਪ੍ਰੋਣ ਦੀ ਹਿੰਮਤ ਕੀਤੀ ਸੀ। ਉਸ ਤੋਂ ਗ਼ੈਰ ਨਾਮਧਾਰੀ ਲੀਡਰ ਤੇ ਆਗੂ ਵੀ ਪ੍ਰਭਾਵਿਤ ਹੋਏ ਸਨ ਅਤੇ ਉਹਨਾਂ ਦੇ ਗੁਣਾਂ ਦੀ ਸਰਹਾਣਾ ਕੀਤੀ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਵਡ ਪਰਤਾਪੀ ਸਤਿਗੁਰੂ



Sri Satguru Jagjit Singh Ji eLibrary NamdhariElibrary@gmail.com

ਜੀ ਨੇ ਆਪਣੀ ਬਚਪਨ ਅਵਸਥਾ ਸਮੇਂ ਥੋੜ੍ਹੇ ਵਕਤ ਵਿਚ ਕਾਫ਼ੀ ਵਿੱਦਿਆ ਤੇ ਹੋਰ ਕਾਫ਼ੀ ਗੁਣ ਪ੍ਰਾਪਤ ਕਰ ਲਏ ਸਨ। ਅੰਗਰੇਜ਼ ਸਰਕਾਰ ਦੀ ਪੁਲਿਸ ਨੇ ਚੌਂਕੀ ਵੀ ਉਠਾ ਲਈ ਸੀ ਪਰ ਆਪ ਜੀ ਨੇ ਮਾਤਾ ਜੀ ਤੇ ਸਤਿਗੁਰੂ ਹਰੀ ਸਿੰਘ ਜੀ ਪਾਸੋਂ ਅੰਗਰੇਜ਼ ਸਰਕਾਰ ਦੀਆਂ ਨਾਮਧਾਰੀਆਂ ਪਰਤੀ ਸਖ਼ਤ ਕਾਰਵਾਈਆਂ ਤੋਂ ਪੂਰੀ ਤਰ੍ਹਾਂ ਜਾਣਕਾਰੀ ਹਾਸਿਲ ਕਰ ਲਈ ਸੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅੰਗਰੇਜ਼ਾਂ ਦੇ ਖਿਲਾਫ਼ ਜੋ ਆਜ਼ਾਦੀ ਦੇ ਪਰਵਾਨੇ ਸਨ, ਉਹਨਾਂ ਦੇ ਤਨ, ਮਨ ਤੇ ਧਨ ਨਾਲ ਮਦਦ ਕਰਨ ਵਿੱਚ ਤਤਪਰ ਸਨ। ਖ਼ਾਸ ਕਰਕੇ ਜੋ ਅੰਡਰ ਗਰਾਊਂਡ ਦੇਸ਼ ਭਗਤ ਕੰਮ ਕਰਦੇ ਸਨ, ਉਹਨਾਂ ਨੂੰ ਸ਼੍ਰੀ ਭੈਣੀ ਸਾਹਿਬ ਰੱਖ ਕੇ ਪਾਲਣਾ ਕੀਤੀ ਤੇ ਅੰਗਰੇਜ਼ੀ ਹਕੂਮਤ ਦੀ ਕੋਈ ਪ੍ਰਵਾਹ ਨਹੀਂ ਕੀਤੀ ਜਾਂਦੀ ਸੀ।

ਜਿਸ ਅੰਗਰੇਜ਼ੀ ਸਰਕਾਰ ਦੇ ਰਾਜ ਵਿੱਚ ਸੂਰਜ ਨਹੀਂ ਡੁੱਬਦਾ ਸੀ, ਉਹਨਾਂ ਦਾ ਬੋਰੀਆ ਬਿਸਤਰਾ ਗੋਲ ਕਰਨ ਤੱਕ, ਜਿੱਥੋਂ ਆਏ ਸਨ ਉੱਥੇ ਪਹੁੰਚਣ ਲਈ ਨਾਮਧਾਰੀ ਅੰਗਰੇਜ਼ਾਂ ਦੇ ਖ਼ਿਲਾਫ਼ ਹੀ ਰਹੇ ਸਨ। ਸਤਿਗੁਰੂ ਜੀ ਨਾਮਧਾਰੀਆਂ ਦੀ ਕਾਇਆ-ਕਲਪ ਕਰਨ ਦੇ ਹਰ ਵੇਲੇ ਚਾਹਵਾਨ ਸਨ ਜਿਸ ਕਰਕੇ ਕੱਚੇ ਕੋਠਿਆਂ ਦੇ ਨਾਮਧਾਰੀ ਕੇਂਦਰ ਸ਼੍ਰੀ ਭੈਣੀ ਸਾਹਿਬ ਦੀ ਸਾਰੇ ਸੰਸਾਰ ਵਿੱਚ ਨਾਮਦਾਨ ਇਸ਼ਨਾਨ ਤੋਂ ਪ੍ਰੇਮ ਭਗਤੀ ਦੀ ਸੁਗੰਧਤਾ ਦੀ ਮਹਿਕ ਸਾਰੇ ਸੰਸਾਰ ਵਿੱਚ ਫੈਲ ਗਈ ਸੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੂਰ ਅੰਦੇਸ਼ ਸੀ। ਇਹਨਾਂ ਨੇ ਨਾਮਧਾਰੀ ਸਿੱਖਾਂ ਨੂੰ ਪਾਰਟੀਸ਼ਨ ਤੋਂ ਬਹੁਤ ਸਮਾਂ ਪਹਿਲਾਂ ਸੁਚੇਤ ਕਰ ਦਿੱਤਾ ਸੀ ਅਤੇ ਹੁਕਮ ਕਰ ਦਿੱਤਾ ਸੀ ਕਿ ਜੋ ਸਿੱਖ ਪੱਛਮੀ ਪੰਜਾਬ (ਪਾਕਿਸਤਾਨ) ਵਿੱਚ ਵੱਸਦੇ ਹਨ। ਉਹ ਪੱਛਮੀ ਪੰਜਾਬ ਛੱਡ ਕੇ ਆਪਣੇ ਪਰਿਵਾਰ ਇੱਧਰ ਲੈ ਆਉਣ। ਜੋ ਨਹੀਂ ਆਏ ਸਨ, ਉਹਨਾਂ ਨੂੰ ਇੱਧਰ ਲਿਆ ਕੇ ਉਹਨਾਂ ਦੀ ਹਰ ਤਰ੍ਹਾਂ ਦੀ ਪਰਵਰਿਸ਼ ਕੀਤੀ ਸੀ ਤੇ ਪਾਕਿਸਤਾਨ 'ਚੋਂ ਮਰਦਿਆਂ ਨੂੰ ਬਚਾਇਆ ਸੀ।

ਪਾਰਟੀਸ਼ਨ ਤੋਂ ਪਹਿਲਾਂ ਹੀ ਜ਼ਿਲ੍ਹਾ ਹਿਸਾਰ ਵਿੱਚ ਜੋ ਜ਼ਮੀਨ ਖਰੀਦ ਕੇ ਜ਼ਿਮੀਂਦਾਰ ਨਾਮਧਾਰੀ ਪਰਿਵਾਰਾਂ ਨੂੰ ਉੱਥੇ ਵਸਾਇਆ। ਉਹ ਸਮਾਂ ਪਾ ਕੇ ਕਾਫ਼ੀ ਖੁਸ਼ਹਾਲ ਹੋ ਗਏ ਸਨ।

ਦੇਸ਼ ਦੇ ਬਟਵਾਰੇ ਮਗਰੋਂ ਜਦੋਂ ਜਿਹੜੇ ਨਾਮਧਾਰੀ ਘਰਾਣੇ ਉਸ ਘੱਲੂਘਾਰੇ ਤੋਂ ਜਾਨਾਂ ਬਚਾ ਕੇ ਲੁੱਟੇ-ਪੁੱਟੇ ਭਾਰਤ ਵਿਚ ਆ ਗਏ ਤੇ ਖੁਸ਼ਹਾਲੀ ਵੱਲ ਜਾ ਰਹੇ ਸਨ ਤਾਂ ਫੁੱਟ ਚੰਦਰੀ ਨੇ ਕੁਝ ਇਕ ਚੁਗ਼ਲਖੋਰਾਂ ਦੀ ਕਿਰਪਾ ਸਦਕਾ ਹੌਲੀ-ਹੌਲੀ ਗੁਰੂ ਘਰ ਵਿੱਚ ਫੁੱਟ ਪਾ ਕੇ ਆਪਣਾ ਹਲਵਾ ਅੰਡਾ ਛਕਣਾ ਹੀ ਆਪਣਾ ਧਰਮ ਸਮਝਦੇ ਸਨ। ਉਹਨਾਂ ਸ੍ਰੀ ਜੀਵਨ ਨਗਰ ਦੀ ਜ਼ਮੀਨ ਦੀ ਵੰਡ ਦੀ ਆੜ ਵਿੱਚ ਸ਼੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਖਿਲਾਫ਼ ਕੋਰਟ ਵਿੱਚ ਦਾਅਵੇ ਕਰਾਏ ਤੇ ਸਤਿਗੁਰੂ ਜੀ ਦੇ ਕੰਮ ਕਰਨ ਵਿੱਚ ਦਖ਼ਲਅੰਦਾਜ਼ੀ ਕਰਨੀ ਸ਼ੁਰੂ ਕਰ ਦਿੱਤੀ।

ਸ਼੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਹਿਲ ਮਾਤਾ ਭੁਪਿੰਦਰ ਕੌਰ ਜੀ ਬਹੁਤ ਸੇਵਾ ਭਾਵ ਰੱਖਦੇ ਸਨ। ਬੀਬੀਆਂ ਦਾ ਪਹਿਲਾ ਜਪ-ਪ੍ਰਯੋਗ ਮਾਤਾ ਭੁਪਿੰਦਰ ਕੌਰ ਜੀ ਨੇ ਸ਼੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਆਗਿਆ ਲੈ ਕੇ ਕੀਤਾ ਸੀ। ਇਸ ਤਰ੍ਹਾਂ ਉਹਨਾਂ



Sri Satguru Jagjit Singh Ji eLibrary NamdhariElibrary@gmail.com

ਇਤਿਹਾਸ ਵਿੱਚ ਇਕ ਹੋਰ ਸੁਨਹਿਰੀ ਪੰਨਾ ਜੋੜਿਆ। ਭਾਵੇਂ ਬੀਬੀਆਂ ਨੂੰ ਅੰਮ੍ਰਿਤ ਸਤਿਗੁਰੂ ਰਾਮ ਸਿੰਘ ਜੀ ਨੇ ਸਭ ਤੋਂ ਪਹਿਲਾਂ ਛਕਾਇਆ ਸੀ ਪਰ ਬੀਬੀਆਂ ਦਾ ਤੇ ਸਿੰਘਾਂ ਦਾ ਵੱਖਰਾ ਜਪ-ਪ੍ਰਯੋਗ ਸਭ ਤੋਂ ਪਹਿਲਾਂ ਮਾਤਾ ਭੁਪਿੰਦਰ ਕੌਰ ਜੀ ਨੇ ਕਰਵਾਇਆ।

ਸਤਿਗੁਰੂ ਰਾਮ ਸਿੰਘ ਜੀ ਨੇ ਜਿਹੜੀ ਨੇਕ-ਮਰਿਯਾਦਾ ਸਥਾਪਿਤ ਕੀਤੀ ਸੀ, ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹਰ ਨਾਮਧਾਰੀ ਨੂੰ ਇਸ ਮਰਿਯਾਦਾ ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਦਾਜ-ਦਹੇਜ ਦੀ ਪ੍ਰਥਾ ਨੂੰ ਬਿਲਕੁਲ ਖ਼ਤਮ ਕਰ ਦਿੱਤਾ। ਬੀਬੀਆਂ ਨੂੰ ਹਾਰ ਸ਼ਿੰਗਾਰ ਤਿਆਗ ਕੇ ਸਾਦਾ ਜੀਵਨ ਜੀਊਣ ਦੀ ਜਾਂਚ ਦੱਸੀ।

ਸਤਿਗੁਰੂ ਪ੍ਰਤਾਪ ਸਿੰਘ ਵੇਲੇ ਗੁਜਰਾਂਵਾਲੇ ਵਿਚ ਇਕ ਮਸਤਾਨੀ ਮਾਈ ਐਨੀਆਂ ਉੱਚੀਆਂ ਅਧਿਆਤਮਿਕ ਸਿੱਖਰਾਂ ਨੂੰ ਛੂਹ ਚੁੱਕੀ ਸੀ ਕਿ ਜਦੋਂ ਜੀ ਚਾਹੇ ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਕਰ ਲੈਂਦੀ ਸੀ। ਸੂਬਾ ਗੰਡਾ ਸਿੰਘ ਜੀ ਦਿੱਲੀ ਵਾਲੇ ਦੱਸਦੇ ਸਨ ਕਿ ਇਕ ਦਿਨ ਸੱਚੇ ਪਾਤਸ਼ਾਹ ਜੀ ਆਸਾ ਦੀ ਵਾਰ ਵਿੱਚੋਂ ਉੱਠ ਕੇ ਮਾਈ ਦੇ ਘਰ ਨੂੰ ਟੁਰ ਪਏ, ਅੱਗੇ ਮਾਈ ਦਰਸ਼ਨਾਂ ਦੀ ਤਾਂਘ ਵਿੱਚ ਤੜਪ ਰਹੀ ਸੀ। ਖੁਸ਼ੀ-ਖੁਸ਼ੀ ਅੰਦਰ ਜਾ ਕੇ ਕਈ ਤੈਹਾਂ ਖੋਲ੍ਹ ਕੇ ਇਕ ਰੁਪਿਆ ਕੱਢ ਕੇ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਭੇਟ ਕੀਤਾ। ਸੱਚੇ ਪਾਤਸ਼ਾਹ ਜੀ ਨੇ ਫਿਰ ਦੀਵਾਨ ਵਿਚ ਆ ਕੇ ਦਰਸ਼ਨ ਦਿੱਤੇ। ਮਾਈ ਲਕਸ਼ਮੀ ਨੂੰ ਰੀਫ਼ਿਊਜ਼ੀਆਂ ਦੀ ਸੇਵਾ ਕਰਨ ਦਾ ਬਹੁਤ ਚਾਅ ਸੀ। ਇਸ ਤਰ੍ਹਾਂ ਹੋਰ ਅਣਗਿਣਤ ਮਾਈਆਂ ਨੇ ਵੀ ਸੱਚੇ ਪਾਤਸ਼ਾਹ ਜੀ ਦੇ ਆਦੇਸ਼ਾਂ ਤੇ ਚੱਲ ਕੇ ਆਪਣੇ ਜੀਵਨ ਸਫ਼ਲ ਕੀਤੇ।

ਸਤਿਗੁਰੂ ਪ੍ਰਤਾਪ ਸਿੰਘ ਜੀ ਪੂਰਬੀ ਸਭਿਅਤਾ ਦੇ ਆਲਮ ਬਰਦਾਰ ਤੇ ਸੱਚੀ-ਸੁੱਚੀ ਰਾਜਨੀਤੀ ਦੇ ਸੂਰਜ ਸਨ। ਦੋ ਸੰਸਾਰ ਯੁੱਧ ਹੋਏ, ਆਪ ਜੀ ਨੇ ਦੋਹਾਂ ਯੁੱਧਾਂ ਸਮੇਂ ਅੰਗਰੇਜ਼ ਸਰਕਾਰ ਦੀ ਕੋਈ ਸਹਾਇਤਾ ਨਹੀਂ ਕੀਤੀ, ਹਾਲਾਂਕਿ 1914 ਦੀ ਜੰਗ ਸਮੇਂ ਹਿੰਦੂ, ਮੁਸਲਮਾਨਾਂ, ਸਿੱਖਾਂ ਨੇ ਮੰਦਿਰਾਂ, ਮਸੀਤਾਂ ਤੇ ਗੁਰਦੁਆਰਿਆਂ ਵਿੱਚ ਅੰਗਰੇਜ਼ ਦੀ ਜਿੱਤ ਵਾਸਤੇ ਪ੍ਰਾਰਥਨਾਵਾਂ , ਦੁਆਵਾਂ ਤੇ ਅਰਦਾਸਾਂ ਕੀਤੀਆਂ। ਇਸ ਨਾ-ਫ਼ੁਰਮਾਨੀ ਬਦਲੇ ਸੰਤ ਖ਼ਾਲਸੇ ਦੇ ਬੀਰਾਂ ਨੂੰ ਕੋਹਲੂ ਵਿਚ ਪੀੜੇ ਜਾਣ ਵਾਲੇ ਤਿੱਲਾ ਵਾਂਗੂੰ ਨਪੀੜਿਆ ਗਿਆ।

ਜੋ ਸੰਮਤ 1929 ਦੇ ਵਿਚ ਲਾਹੌਰ ਕਾਂਗਰਸ ਦਾ ਸਲਾਨਾ ਜਲਸਾ ਹੋਇਆ ਤਾਂ ਨਾਮਧਾਰੀ ਮੋਹਰੀ ਸਨ, ਹਾਲਾਂਕਿ ਸਿੱਖਾਂ ਦੇ ਪ੍ਰਤੀਨਿੱਧ ਇਹ ਐਲਾਨ ਕਰ ਰਹੇ ਸਨ ਕਿ ਜਿਹੜਾ ਸਿੱਖ ਕਾਂਗਰਸ ਦੇ ਜਲਸੇ ਵਿਚ ਜਾਵੇਗਾ ਉਹ ਸਿੱਖ ਨਹੀਂ। ਜਿਵੇਂ ਮੁਸਲਿਮ-ਲੀਗੀਏ ਤਾਂ ਅੱਲ੍ਹਾ ਦਾ ਵਾਸਤਾ ਪਾ ਕੌਮੀ ਮੁਸਲਮਾਨਾਂ ਨੂੰ ਸ਼ਿਰਕਤ ਕਰਨੋਂ ਰੋਕ ਰਹੇ ਸਨ ਪਰ ਸਤਿਗੁਰੂ ਪ੍ਰਤਾਪ ਸਿੰਘ ਚੱਕਰਵਤੀ, ਸੰਤ ਅਣਖਾ ਸਿੰਘ, ਸੰਤ ਮੰਗਲ ਸਿੰਘ ਫਰਿਸ਼ਤਾ ਆਦਿ ਨੇ ਦਿਨ ਰਾਤ ਇਕ ਕਰ ਜਲਸੇ ਨੂੰ ਸਫ਼ਲ ਬਣਾਇਆ ਤੇ ਪੂਰਨ ਆਜ਼ਾਦੀ ਦਾ ਮਤਾ ਪਾਸ ਹੋਇਆ। ਮਾਤਾ ਜੀਵਨ ਕੌਰ ਨੇ ਸ਼ੈਸ਼ਨ ਦੇ ਦਿਨੀਂ ਹਜ਼ਾਰਾਂ ਵਲੰਟੀਅਰਾਂ ਨੂੰ ਪ੍ਰਸ਼ਾਦਾ ਛਕਾ ਡੈਲੀਗੇਟਾਂ ਨੂੰ ਪ੍ਰਸੰਨ ਕੀਤਾ ਤੇ ਜਦ ਪੂਰਨ ਆਜ਼ਾਦੀ ਦਾ ਮਤਾ ਪ੍ਰਵਾਨ ਚੜ੍ਹਿਆ ਤਿਹਾਉਲੇ ਦਾ ਕੜਾਹ ਪ੍ਰਸ਼ਾਦਿ ਬਿਨਾਂ ਵਿਤਕਾਰਾ



Sri Satguru Jagjit Singh Ji eLibrary NamdhariElibrary@gmail.com

ਹਿੰਦੂ, ਸਿੱਖ ਨੂੰ ਖੁੱਲੇ ਗੱਫ਼ੇ ਵਰਤਾਏ।

ਸ਼੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਤੋਂ ਸਦਕੜੇ ਜਾਈਏ ਜਿਹਨਾਂ ਸੰਮਤ 1945 ਵਿੱਚ ਜਦ ਸਭ ਰਾਜਸੀ ਪਾਰਟੀਆਂ ਕਚਕੌਲ ਲੈ ਸ਼ਿਮਲੇ ਕਾਨਫਰੰਸ ਵਿਚ ਗਈਆਂ ਤਾਂ ਆਪ ਨੇ ਉੱਚੀ ਬਾਂਹ ਕਰਕੇ ਪੰਡਿਤ ਨਹਿਰੂ ਨੂੰ ਕਿਹਾ, "ਨਾਮਧਾਰੀਆਂ ਦੀ ਕੋਈ ਮੰਗ ਨਹੀਂ, ਉਹਨਾਂ ਦੀ ਇਕੋ ਇਕ ਮੰਗ ਹੈ ਕਿ ਦੇਸ਼ ਆਜ਼ਾਦ ਹੋਵੇ ਤਾਂ ਪੰਡਿਤ ਜੀ ਨੇ ਕਿਹਾ 'ਗੁਰੂ ਜੀ ਯੇਹ ਭੀ ਕੋਈ ਕਹਿਨੇ ਕੀ ਬਾਤ ਹੈ'।"

ਜੇ ਸਤਿਗੁਰੂ ਐਡਾ ਅਲਬੇਲਾ ਸੀ ਤਾਂ ਸਿੱਖਾਂ ਨੇ ਵੀ ਉਹਨਾਂ ਦੇ ਪਾਏ ਪੂਰਨਿਆਂ 'ਤੇ ਚੱਲਦੇ ਨਿਸ਼ਕਾਮ ਤੇ ਨਿਰਸਵਾਰਥ ਹੋ ਲੜਾਈ ਲੜੀ। ਆਜ਼ਾਦੀ ਦੀ ਪ੍ਰਾਪਤੀ ਸਰਕਾਰ ਵੱਲ ਆਜ਼ਾਦੀ ਦੇ ਘੁਲਾਟੀਆਂ ਨੂੰ ਪੈਨਸ਼ਨਾਂ ਤੇ ਤਾਮਰ ਪੱਤਰਾਂ ਨਾਲ ਸਨਮਾਨਿਤ ਕੀਤਾ ਗਿਆ ਪਰ ਨਾਮਧਾਰੀ ਸਿੱਖ ਸ਼ੁਕਰਾਨੇ ਦਾ ਕਲਮਾ ਪੜ੍ਹਦੇ ਰਹੇ। ਪੰਡਿਤ ਮੁਨਸ਼ਾ ਸਿੰਘ ਜੀ ਨਾ-ਮਿਲਵਰਤਨ ਸਮੇਂ ਡਿਕਟੇਟਰ ਬਣੇ ਤੇ 10 ਸਾਲ ਦੀ ਕੈਦ ਹੋਈ। ਉਹ ਆਜ਼ਾਦੀ ਉਪਰੰਤ ਸ਼੍ਰੀ ਭੈਣੀ ਸਾਹਿਬ ਦਿਨ ਗੁਜ਼ਾਰ ਰਹੇ ਸਨ। ਗਿਆਨੀ ਜ਼ੈਲ ਸਿੰਘ ਜਦ ਪੰਜਾਬ ਦੇ ਚੀਫ਼ ਮਨਿਸਟਰ ਸਨ ਤਾਂ ਸ਼੍ਰੀ ਭੈਣੀ ਸਾਹਿਬ ਦਰਸ਼ਨਾਂ ਨੂੰ ਆਏ ਤੇ ਪੰਡਿਤ ਮਨਸ਼ਾ ਸਿੰਘ ਜੀ ਨੂੰ ਕਿਹਾ, ਪੰਡਿਤ ਜੀ ਇਕ ਵਾਰ ਚੰਡੀਗੜ੍ਹ ਆਉਂਦੇ ਹਨ ਤਾਂ ਜੀਵਨ ਭਰ ਪੈਨਸ਼ਨੀ ਮੌਜਾਂ ਨਾਲ ਦਿਨ ਗੁਜ਼ਾਰਦੇ, ਪਰ ਪੰਡਿਤ ਜੀ ਨੇ ਨਿਮਰਤਾ ਸਹਿਤ ਕਿਹਾ, "ਸਰਦਾਰ ਸਾਹਿਬ ਕੁਰਬਾਨੀ ਦਾ ਮੁੱਲ ਨਹੀਂ ਵੱਟਣਾ" - ਤੁਹਾਡਾ ਧੰਨਵਾਦ। ਤਾਂਹੀਏ ਤਾਂ ਪ੍ਰਸਿੱਧ ਦੇਸ਼ ਭਗਤ ਸ. ਸੋਹਣ ਸਿੰਘ ਭਕਨਾ ਨੇ ਕਿਹਾ, "ਕਿ ਨਾਮਧਾਰੀਆਂ ਦੀਆਂ ਕੁਰਬਾਨੀਆਂ ਤੱਕੜੀ ਦੇ ਇਕ ਪਲੜੇ ਵਿਚ ਪਾਈਆਂ ਜਾਣ ਤੇ ਦੂਜੇ ਪਾਸੇ ਸਾਰੇ ਦੇਸ਼ ਦੀਆਂ ਕੁਰਬਾਨੀਆਂ, ਜੇ ਨਾਮਧਾਰੀਆਂ ਵਾਲਾ ਪੱਲੜਾ ਭਾਰਾ ਨਾ ਹੋਵੇਗਾ ਤਾਂ ਘੱਟ ਵੀ ਨਹੀਂ ਹੋ ਸਕਦਾ।"

ਨਨਕਾਣੇ ਸਾਹਿਬ ਦੇ ਗੁਰਦੁਆਰੇ ਦੇ ਮਹੰਤ ਨਰੈਣ ਸਿੰਘ (ਦਾਸ) ਨੇ ਖ਼ੂਨੀ ਕਾਂਡ ਤੋਂ ਪਹਿਲਾਂ ਸੰਤ ਸੰਗਤ ਸਿੰਘ ਫਰਿਸ਼ਤੇ ਰਾਹੀਂ ਬੇਨਤੀ ਕਰ ਭੇਜੀ ਕਿ ਮੈਂ ਗੁਰਦੁਆਰੇ ਦੀਆਂ ਚਾਬੀਆਂ ਆਪ ਜੀ ਦੇ ਚਰਨਾਂ ਵਿਚ ਅਰਪਣ ਕਰਨਾ ਚਾਹੁੰਦਾ ਹਾਂ, ਪਰ ਆਪ ਜੀ ਵੱਲੋਂ ਸੰਦੇਸ਼ ਸੀ ਕਿ, "ਸਤਿਗੁਰੂ ਰਾਮ ਸਿੰਘ ਜੀ ਦੀ ਸੇਵਾ ਕਰ ਰਿਹਾ ਹਾਂ। ਗੁਰਦੁਆਰੇ ਦਾ ਧੰਨ ਵਿਹੁ ਸਮਾਨ ਹੁੰਦਾ ਹੈ।"

ਸਤਿਗੁਰੂ ਪ੍ਰਤਾਪ ਸਿੰਘ ਜੀ ਸਹੀ ਅਰਥਾਂ ਵਿਚ ਗਊ ਸੇਵਾ ਵਿਚ ਮੋਹਰੀ ਸਨ। ਆਪ ਜੀ ਦੀਆਂ ਗਊਆਂ ਪਸ਼ੂ ਪ੍ਰਦਰਸ਼ਨੀਆਂ ਵਿਚ ਪਹਿਲੇ ਜਾਂ ਦੂਜੇ ਨੰਬਰ 'ਤੇ ਆਉਂਦੀਆਂ। ਦੁੱਧ ਤੇ ਸ਼ਾਹੀਵਾਲ ਨਸਲ ਦੀ 74 ਪੌਂਡ ਦੁੱਧ ਦੇ ਕੇ ਭਾਰਤ ਵਰਸ਼ ਨੂੰ ਮਾਤ ਪਾਇਆ ਅਤੇ ਸਤਿਗੁਰੂ ਜੀ ਨੂੰ ਗੋਪਾਲ ਰਤਨ ਦੀ ਉਪਾਧੀ ਪ੍ਰਦਾਨ ਕੀਤੀ ਗਈ। ਭਾਰਤ ਦੇ ਪਹਿਲੇ ਦੇਵਤਾ ਰੂਪ ਰਾਸ਼ਟਰਪਤੀ ਡਾ: ਰਾਜਿੰਦਰ ਪ੍ਰਸਾਦ ਨੇ ਹਿਸਾਰ ਕੈਟਲ ਸ਼ੋਅ ਵਿੱਚ ਇਨਾਮ ਵੰਡਦਿਆਂ ਕਿਹਾ ਸੀ, 'ਕਿ ਗਊ ਪਾਲਣ ਦੀ ਜਾਂਚ ਸਿੱਖਣ ਵਾਸਤੇ ਸ਼੍ਰੀ ਭੈਣੀ ਸਾਹਿਬ ਜਾਓ।'

ਸ਼੍ਰੀ ਭੈਣੀ ਸਾਹਿਬ ਦੇ ਘੋੜੇ, ਗੋਰੇ ਤੇ ਗੋਰੀਆਂ ਦੇ ਘੋੜਿਆਂ ਤੇ ਘੋੜੀਆਂ ਨੂੰ ਜਿੱਤ, ਗਵਰਨਰੀ ਅਤੇ ਵਾਇਸਰਾਏ ਕੱਪ ਪ੍ਰਾਪਤ ਕਰਦੇ ਸਨ।



Sri Satguru Jagjit Singh Ji eLibrary NamdhariElibrary@gmail.com

# ਸ਼ੁੱਧ ਪਾਠ

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਸਮੇਂ ਵਿਚ ਦਸਮ ਗ੍ਰੰਥ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁੱਧ ਪਾਠ ਮੁਕਾਬਲੇ ਲਗਾਤਾਰ ਕਰਵਾ ਕੇ ਸ਼ੁੱਧ ਪਾਠ ਕਰਨ ਵਾਲੇ ਪਾਠੀ ਤਿਆਰ ਕਰਦੇ ਸਨ। ਸਤਿਗੁਰੂ ਜੀ ਨੇ ਇਕ ਸਮੇਂ ਕੁਝ ਸਿੱਖਾਂ ਨੂੰ ਸ਼ੁੱਧ ਪਾਠ ਸਿਖਾਇਆ ਅਤੇ ਸ਼ੁੱਧ ਪਾਠ ਕਰਨ ਦੀ ਵਿਧੀ ਦੱਸੀ। ਜਦੋਂ ਪਾਠੀ ਤਿਆਰ ਹੋ ਗਏ ਤਾਂ ਸਤਿਗੁਰੂ ਜੀ ਨੇ ਹੁਕਮ ਕੀਤਾ, ਤੁਸੀਂ ਮੈਨੂੰ ਸ਼ੁੱਧ ਪਾਠ ਸਿਖਾਉਣ ਦੀ ਕੀ ਦਕਸ਼ਣਾ ਦਿੰਦੇ ਹੋ ਸਿੱਖਾਂ ਅਰਜ਼ ਕੀਤੀ ਅਸੀਂ ਆਪ ਨੂੰ ਕੀ ਦੇ ਸਕਦੇ ਹਾਂ। ਆਪ ਸਮਰੱਥ ਹੋ। ਸਤਿਗੁਰੂ ਜੀ ਨੇ ਹੁਕਮ ਕੀਤਾ, 'ਮੈਂ ਤੁਹਾਨੂੰ ਗੁਰਬਾਣੀ ਦਾ ਸ਼ੁੱਧ ਪਾਠ ਕਰਨਾ ਸਿਖਾਇਆ ਹੈ। ਤੁਸੀਂ ਮੈਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਵਾਓ।'

ਸਤਿਗੁਰੂ ਰਾਮ ਸਿੰਘ ਫ਼ਰਮਾਉਂਦੇ ਸਨ

ਇੱਥੇ ਭਾਈ ਕਾਲਾ ਸਿੰਘ, ਇਕ ਸਾਡੇ ਮਹਾਤਮਾ ਹੋਏ ਹਨ। ਜਿਹਨਾਂ ਨੂੰ ਅਸੀਂ ਨਾਮਧਾਰੀਆਂ ਵਿੱਚ ਦੂਸਰੇ ਕਵੀ ਕਹਿ ਸਕਦੇ ਹਾਂ। ਪਹਿਲੇ ਚੰਦਾ ਸਿੰਘ ਜੀ ਸਨ ਇੱਕ ਜਿਹਨਾਂ ਦੇ ਨੇਤਰ ਨਹੀਂ ਸਨ, ਉਹਨਾਂ ਨੇ ਆਪਣਾ ਹਾਲ ਇਸ ਤਰ੍ਹਾਂ ਦੱਸਿਆ :-

ਚੰਦਾ ਸਿੰਘ ਸੂਰਮਾ ਰਹੇ ਸਧਾਰਨ
ਦੀਵਾਨ ਸਿੰਘ ਦੇ ਪਾਸ।

ਜਨਮ ਉਹਨਾਂ ਦੇ ਝੱਬਰਾਂ ਦਾ ਸੀ ਜ਼ਿਲ੍ਹੇ ਸ਼ੇਖੂਪੁਰੇ ਦਾ। ਉਹਨਾਂ ਨੇ ਪਹਿਲਾਂ ਬਾਰਾਂ-ਮਾਂਹ ਸਤਿਗੁਰਾਂ ਦਾ ਬਣਾਇਆ, ਜਿਸ ਤਰ੍ਹਾਂ ਸਤਿਗੁਰਾਂ ਨੇ ਪੰਥ ਚਲਾਇਆ, ਜਿਸ ਤਰ੍ਹਾਂ ਖੇਡ ਵਰਤੀ ਸਾਰੀ ਜੋ ਕੁਝ ਹੋਇਆ ਔਰ ਜਿਹੜੀ ਅੱਗੇ ਨੂੰ ਹੋਣ ਵਾਲੀ ਗੱਲ ਹੈ। ਇਹ ਤੁਕਾਂ ਜਿਹੜੀਆਂ ਹਨ। ਕਈ ਲੋਕ ਖਿਆਲ ਕਰਦੇ ਹਨ ਬਈ ਸੌ ਸਾਖ਼ੀ ਵਿਚ ਲਿਖਿਆ ਹੈ, "ਰੂਸ ਪੰਜਾਬੇ ਆਵੈ" ਇਹ ਸੌ ਸਾਖੀ ਦੀਆਂ ਤੁਕਾਂ ਨਹੀਂ ਹਨ, ਇਹ ਉਹਨਾਂ ਸੰਤਾਂ (ਚੰਦਾ ਸਿੰਘ) ਦੀਆਂ ਹਨ।

ਜਦ ਰੂਸ ਪੰਜਾਬ ਆਵੈ,
ਪਵੇ ਕਾਲ ਮੁਲਖ਼ ਰਲ ਜਾਵੈ,
ਦੁਨੀਆਂ ਮੇਰੇ ਅੰਨ ਕੇ ਹਾਵੈ।

ਇਸ ਤਰ੍ਹਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਸੰਗਤਾਂ ਨੂੰ ਗੁਰੂ ਦੇ ਲੜ ਲਾਉਂਦੇ ਹੋਏ ਆਜ਼ਾਦੀ ਦੇ ਸੰਗਰਾਮ ਵਿਚ ਜੂਝਦੇ ਹੋਏ ਮਿਤੀ 22 ਅਗਸਤ 1959 ਦੀ ਰਾਤ ਨੂੰ ਨਾਮਧਾਰੀ ਸੰਗਤਾਂ ਨੂੰ ਸਦਾ ਲਈ ਵਿਛੋੜਾ ਦੇ ਗਏ।

ਉਪਦੇਸ਼ ਸਤਿਗੁਰੂ ਜਗਜੀਤ ਸਿੰਘ ਜੀ।



Sri Satguru Jagjit Singh Ji eLibrary NamdhariElibrary@gmail.com

# ਸਤਿਗੁਰੂ ਜਗਜੀਤ ਸਿੰਘ ਜੀ



ਅਨੇਕਾਂ ਉਤਾਰਾਂ-ਚੜ੍ਹਾਵਾਂ, ਸੰਘਰਸ਼ਾਂ, ਹਾਨੀ-ਲਾਭ ਅਤੇ ਅਨੁਭਵਾਂ ਦੇ ਲੰਮੇ ਦੌਰ ਵਿਚੋਂ ਲੰਘ ਕੇ ਜੀਵਨ ਇਕ ਸ਼ਾਂਤ ਗੰਭੀਰ ਸਹਿਜ ਭਾਓ ਬਣ ਜਾਂਦਾ ਹੈ। ਇਹ ਸਹਿਜ ਭਾਓ ਇਕ ਅਜਿਹੇ ਅੰਮ੍ਰਿਤਮਈ ਸੋਮੇ ਦਾ ਰੂਪ ਧਾਰ ਜਾਂਦਾ ਹੈ ਜੋ ਆਪਣੀ ਛੋਹ ਨਾਲ ਕਿਸੇ ਦੇ ਵੀ ਕਿਲ-ਵਿਖ ਕੱਟਣ ਵਿੱਚ ਸਮਰੱਥ ਹੁੰਦਾ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਨੂੰ ਇਸ ਸਾਲ (75 ਵੇਂ) ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਦਿਆਂ ਨੇ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਸ਼ੁਰੂ ਕੀਤੇ ਅਧਿਆਤਮਿਕ ਉੱਚਤਾ, ਦੇਸ਼ ਸੇਵਾ, ਸਮਾਜ ਸੁਧਾਰ ਤੇ ਮਾਨਵ ਕਲਿਆਣ ਦੇ ਕਾਰਜਾਂ ਨੂੰ ਨਿਪੁੰਨਤਾ ਨਾਲ ਅਗਾਂਹ ਵਧਾਇਆ ਹੈ। ਇੱਥੇ ਆਪਦੇ ਜੀਵਨ ਉੱਪਰ ਇਕ ਸੰਖੇਪ ਜਿਹੀ ਝਾਤ ਪਾਉਣ ਦਾ ਯਤਨ ਅਗਲੀਆਂ ਪੰਗਤੀਆਂ ਵਿਚ ਕੀਤਾ ਜਾ ਰਿਹਾ ਹੈ।

**ਜਨਮ :** 20 ਨਵੰਬਰ ਸੰਨ 1920 ਨੂੰ ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਮਾਤਾ ਭੁਪਿੰਦਰ ਕੌਰ ਜੀ ਦੀ ਪ੍ਰਥਮ ਸੰਤਾਨ ਦੇ ਰੂਪ ਵਿਚ ਸ਼੍ਰੀ ਭੈਣੀ ਸਾਹਿਬ ਜ਼ਿਲ੍ਹਾ ਲੁਧਿਆਣਾ ਪੰਜਾਬ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਹੋਇਆ।

**ਵਿੱਦਿਆ :** ਸੰਨ 1857 ਤੋਂ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਚਲਾਈ ਅੰਗਰੇਜ਼ੀ ਸਕੂਲਾਂ ਤੇ ਵਿਦੇਸ਼ੀ ਕੱਪੜੇ ਦੇ ਬਾਈਕਾਟ ਦੀ ਲਹਿਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਆਗਮਨ ਤੱਕ ਅਜੇ ਚੱਲ ਹੀ ਰਹੀ ਸੀ। ਇਸ ਲਈ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੁਦੇਸ਼ੀ ਵਿੱਦਿਆ ਦਾ ਬੰਦੋਬਸਤ ਸ਼੍ਰੀ ਭੈਣੀ ਸਾਹਿਬ ਵਿਚ ਹੀ ਕੀਤਾ ਗਿਆ। ਆਪ ਦੀ ਸਿੱਖਿਆ ਪ੍ਰਾਪਤੀ ਨੂੰ ਧਿਆਨ ਵਿਚ ਰੱਖਦਿਆਂ ਹੋਇਆ ਪਿਤਾ ਸਤਿਗੁਰੂ ਪ੍ਰਤਾਪ ਜੀ ਨੇ ਸ਼੍ਰੀ ਭੈਣੀ ਸਾਹਿਬ ਵਿਚ ਇਕ ਵਿਦਿਆਲੇ ਦੀ ਸਥਾਪਨਾ ਕੀਤੀ ਜੋ ਪ੍ਰਾਚੀਨ ਬ੍ਰਹਮ-ਚਰਜ ਆਸ਼ਰਮਾਂ ਦੇ ਪੂਰਨਿਆਂ ਉੱਪਰ ਚਲਾਇਆ ਗਿਆ। ਇਸ ਵਿਦਿਆਲੇ



Sri Satguru Jagjit Singh Ji eLibrary NamdhariElibrary@gmail.com

ਵਿੱਚ ਗੁਰਮੁਖੀ ਅੱਖਰਾਂ ਰਾਹੀਂ ਸਿੱਖਿਆ ਦੀ ਵਿਵਸਥਾ ਸੀ। ਸਿੱਖਿਆ ਲਈ ਆਮ ਪ੍ਰਚਲਿਤ ਵਿਸ਼ਿਆਂ ਦੇ ਨਾਲ-ਨਾਲ ਗੁਰਮੁਖੀ ਜੀਵਨ, ਸ਼ਾਸ਼ਤਰੀ ਸੰਗੀਤ ਤੇ ਗੁਰਬਾਣੀ ਦੇ ਸ਼ੁੱਧ ਪਾਠ ਲਾਜ਼ਮੀ ਵਿਸ਼ੇ ਸਨ।

**ਅਨੁਸ਼ਾਸ਼ਨ ਦੀ ਸਿੱਖਿਆ:** ਆਪ ਦੇ ਸਹਿਪਾਠੀਆਂ ਨੂੰ ਕਿਸੇ ਗੱਲ ਵਿੱਚ ਕੋਈ ਖੁੱਲ ਭਾਵੇਂ ਮਿਲ ਜਾਂਦੀ ਪਰ ਆਪ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਪੁੱਤਰ ਹੋਣ ਕਾਰਨ ਬੜੇ ਹੀ ਕਰੜੇ ਅਨੁਸ਼ਾਸਨ ਵਿਚ ਰਹਿਣਾ ਪੈਂਦਾ ਸੀ। ਤੜਕੇ ਅੰਮ੍ਰਿਤ ਵੇਲੇ ਉੱਠ ਕੇ ਨਿੱਤ ਕਿਰਿਆ ਤੋਂ ਇਲਾਵੇ ਸਣਕੇਸੀ ਇਸ਼ਨਾਨ ਨਾਲ ਸਿਮਰਨ, ਬਾਣੀ ਦੇ ਪਾਠ ਤੇ ਕੀਰਤਨ ਦਾ ਅਜਿਹਾ ਨੇਮ ਸੀ ਜਿਸ ਨੇ ਆਪ ਜੀ ਨੂੰ ਜੀਵਨ ਭਰ ਲਈ ਇਹਨਾਂ ਕਰਮਾਂ ਦਾ ਪੱਕਾ ਨੇਮੀ ਬਣਾ ਦਿੱਤਾ। ਸ਼੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਦੀ ਅਰਥਾਂ ਸਮੇਤ ਵਿਧੀਵਤ ਪਾਠ ਦੀ ਸਿੱਖਿਆ ਦਾ ਅਭਿਆਸ ਆਪ ਨੂੰ ਨਿੱਤਨੇਮ ਨਾਲ ਕਰਨਾ ਪੈਂਦਾ ਸੀ। ਇਸ ਤੋਂ ਇਲਾਵਾ ਸ਼ਾਸ਼ਤਰੀ ਸੰਗੀਤ ਦੀ ਸਿੱਖਿਆ ਗੁਰਮਤਿ ਅਨੁਸਾਰ ਸੁੱਚ-ਸੋਧ ਤੇ ਸੰਜਮ ਵਿਚ ਰਹਿੰਦਿਆਂ ਬ੍ਰਹਮ ਚਰਜ ਦੀ ਪਾਲਣਾ, ਸਰੀਰ ਦੀ ਸਾਧਨਾ, ਕਸਰਤ, ਕੁਸ਼ਤੀ, ਕਬੱਡੀ, ਦੌੜ, ਘੋੜ ਸਵਾਰੀ ਤੇ ਖੂਹ ਗੇੜਨ ਦਾ ਅਭਿਆਸ ਹੁੰਦਾ। ਭੁੱਖ ਤ੍ਰੇਹ, ਗਰਮੀ-ਸਰਦੀ ਨੂੰ ਸਹਿਣ ਤੋਂ ਇਲਾਵਾ ਆਪਣੇ ਕੰਮ ਆਪ ਕਰਨ, ਭੋਜਨ ਬਨਾਉਣ ਤੇ ਸਾਧ ਸੰਗਤ ਦੀ ਸੇਵਾ ਵਾਲੇ ਜੀਵਨ ਦੀ ਤਿਆਰੀ ਸ਼ੁਰੂ ਤੋਂ ਹੀ ਕਰਵਾ ਦਿੱਤੀ ਗਈ ਸੀ।

**ਵਿਆਹ:** ਸਤਿਗੁਰੂ ਜਗਜੀਤ ਸਿੰਘ ਜੀ ਦੇ ਦੋ ਅਨੰਦ ਕਾਰਜ ਹੋਏ ਸਨ, ਆਪ ਜੀ ਦੀ ਪਹਿਲੀ ਪਤਨੀ ਰਾਜਿੰਦਰ ਕੌਰ ਜੀ ਦਾ ਥੋੜ੍ਹੇ ਚਿਰ ਬਾਅਦ ਹੀ ਪ੍ਰਲੋਕ ਵਾਸ ਹੋ ਗਿਆ। ਉਸਦੇ ਕੋਈ ਸੰਤਾਨ ਨਹੀਂ ਸੀ। ਉਸ ਤੋਂ ਬਾਅਦ 5 ਭਾਦਰੋਂ ਸੰਮਤ 2016 ਬਿਕਰਮੀ ਅਗਸਤ ਸੰਨ 1945 ਵਿਚ ਦੁਬਾਰਾ ਅਨੰਦ ਕਾਰਜ ਹੋਏ। ਜਿਹਨਾਂ ਨਾਲ ਇਹ ਵਿਆਹ ਹੋਇਆ ਉਹ ਅੱਜ ਕੱਲ੍ਹ ਮਾਤਾ ਚੰਦ ਕੌਰ ਜੀ ਦੇ ਨਾਮ ਨਾਲ ਜਾਣੇ ਜਾਂਦੇ ਸਨ।

**ਸੰਤਾਨ:-** ਸਤਿਗੁਰੂ ਜਗਜੀਤ ਸਿੰਘ ਜੀ ਦੇ ਸੰਤਾਨ ਵਜੋਂ ਇਕ ਸਪੁੱਤਰੀ ਨੇ ਜਨਮ ਲਿਆ, ਜਿਹਨਾਂ ਦਾ ਨਾਮ ਸਾਹਿਬ ਕੌਰ ਜੀ ਹੈ।





Sri Satguru Jagjit Singh Ji eLibrary NamdhariElibrary@gmail.com

**ਗੁਰਗੱਦੀ :-** ਸਤਿਗੁਰੂ ਪ੍ਰਤਾਪ ਸਿੰਘ ਜੀ ਦੇ 21 ਅਗਸਤ 1959 ਵਿੱਚ ਜੋਤੀ ਜੋਤ ਸਮਾਉਣ ਤੋਂ ਬਾਅਦ ਜਲਦੀ ਹੀ 22 ਅਗਸਤ 1959 ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਗੁਰਗੱਦੀ ਦਾ ਵਾਰਿਸ ਮੰਨ ਕੇ ਛੋਟੇ ਵੀਰ ਬਾਬਾ ਬੀਰ ਸਿੰਘ ਜੀ ਨੇ ਆਪ ਲਈ ਆਸਣ ਵਿਛਾਇਆ ਤੇ ਬਾਬਾ ਜਗਜੀਤ ਸਿੰਘ ਜੀ ਸਤਿਗੁਰੂ ਰੂਪ ਵਿਚ ਉਸ ਆਸਣ ਉੱਪਰ ਸੁਸ਼ੋਭਿਤ ਹੋਏ। ਬਾਬਾ ਬੀਰ ਸਿੰਘ, ਮਹਾਰਾਜ ਜੰਗ ਸਿੰਘ ਜੀ, ਮਹਾਰਾਜ ਨਿਹਾਲ ਸਿੰਘ ਜੀ ਤੇ ਹੋਰ ਸੰਗਤਾਂ ਨੇ ਆਪ ਦੇ ਸਿੱਖ ਹੋਣ ਦੇ ਰੂਪ ਵਿੱਚ ਮੱਥਾ ਟੇਕਿਆ।

**ਦਸਤਾਰਾਂ :** 10 ਸਤੰਬਰ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅੰਤਿਮ ਅਰਦਾਸ ਸਮੇਂ ਭੈਣੀ ਸਾਹਿਬ ਵਿੱਚ ਜੋ ਸਮਾਰੋਹ ਹੋਇਆ ਉਸ ਵਿੱਚ ਸਭ ਧਰਮਾਂ ਦੇ ਅਤੇ ਸਭ ਸਮਾਜਿਕ ਅਤੇ ਰਾਜਨੀਤਕ ਸੰਸਥਾਵਾਂ ਦੇ ਮੁਖੀ ਉਪਸਥਿਤ ਸਨ। ਬਾਬਾ ਬੀਰ ਸਿੰਘ ਨੇ ਪੰਥ ਵੱਲੋਂ ਆਪ ਜੀ ਨੂੰ ਦਸਤਾਰ ਭੇਟ ਕੀਤੀ। ਉਪਰੰਤ ਸਭ ਸੰਸਥਾਵਾਂ ਦੇ ਮੁਖੀਆਂ ਨੇ ਦਸਤਾਰਾਂ ਭੇਟ ਕੀਤੀਆਂ ਤੇ ਸੰਗਤਾਂ ਨੇ ਮੱਥਾ ਟੇਕਿਆ।

**ਸਵਾ-ਸਵਾ ਲੱਖ ਪਾਠ:** ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅੰਤਿਮ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਹੁਕਮ ਕੀਤਾ ਸੀ ਕਿ ਭਾਵੇਂ ਕੋਠਿਆਂ ਦੀਆਂ ਕੜੀਆਂ ਵਿਕ ਜਾਣ ਪਰ ਸ਼ੁਰੂ ਕੀਤੇ ਹੋਏ ਗੁਰੂ ਗ੍ਰੰਥ ਸਾਹਿਬ ਜੀ ਦੇ ਸਵਾ ਲੱਖ ਪਾਠ ਸੰਪੂਰਨ ਕਰਨੇ।

ਸੋ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਤਿਗੁਰੂ ਰੂਪ ਵਿੱਚ ਗੱਦੀ ਸੰਭਾਲਦਿਆਂ ਹੀ ਪਹਿਲੇ ਕੰਮ ਵਜੋਂ ਸਵਾ ਲੱਖ ਪਾਠਾਂ ਨੂੰ ਸੰਪੂਰਨ ਕਰਵਾ ਕੇ ਉਹਨਾਂ ਦਾ ਭੋਗ ਪੁਆਇਆ। ਉਸ ਤੋਂ ਬਾਅਦ ਆਪ ਨੇ ਹੋਰ ਸਵਾ ਲੱਖ ਪਾਠ ਆਪਣੇ ਵਲੋਂ ਕਰਵਾ ਕੇ ਉਹਨਾਂ ਦੇ ਭੋਗ ਪਾਏ ਅਤੇ ਇਸ ਵੇਲੇ ਆਪ ਜੀ ਵੱਲੋਂ ਇਸ ਤੋਂ ਇਲਾਵਾ ਆਪ ਜੀ ਨੇ ਸਵਾ ਲੱਖ ਪਾਠ ਚੰਡੀ ਦੀ ਵਾਰ ਦੇ ਵੀ ਕਰਵਾਏ।

**ਸਤਿਗੁਰੂ ਜਗਜੀਤ ਸਿੰਘ ਜੀ ਦੇ ਖ਼ਾਸ:** ਸ਼ਬਦਾਂ ਵਿੱਚ ਨਿਰਮਾਤਾ, ਸੁਭਾਅ ਵਿਚ ਨਿਆਂਸ਼ੀਲਤਾ, ਵਿਵੇਕ ਬੁੱਧੀ ਅਤੇ ਚਰਿੱਤਰ ਦੀ ਦ੍ਰਿੜਤਾ ਕਾਰਨ ਆਪ ਨੇ ਗੁਰਗੱਦੀ ਸੰਭਾਲਦਿਆਂ ਹੀ ਘਰ ਅੰਦਰ ਤੇ ਬਾਹਰ ਆਪਣੀ ਪਛਾਣ ਬਣਾ ਲਈ ਤੇ ਰੁੱਸਿਆ ਹੋਇਆਂ ਨੂੰ ਮਨਾ ਲਿਆ, ਵਿਰੋਧੀਆਂ ਨੂੰ ਦੋਸਤ ਬਣਾਇਆ ਤੇ ਹੰਕਾਰਿਆਂ ਨੂੰ ਨਿਮਰਤਾ ਨਾਲ ਜਿੱਤ ਲਿਆ।

ਆਪ ਜੀ ਦੇ ਸੁਭਾਅ ਵਿੱਚ ਇਕ ਇਹੋ ਜਿਹਾ ਸਾਂਵਾਪਨ ਅਤੇ ਮਿਲਾਪੜਾ ਪਨ ਸੀ ਕਿ ਆਪ ਲਈ ਕੋਈ ਧਰਮ, ਕੋਈ ਸਮਾਜਿਕ ਸੰਸਥਾ ਤੇ ਹਰ ਅੰਦੋਲਨ ਵਾਲੇ ਆਪ ਜੀ ਨੂੰ ਆਪਣਾ ਸਮਝ ਕੇ ਬੁਲਾਉਂਦੇ ਤੇ ਆਪਣੇ ਆਪ ਨੂੰ ਜਾਂ ਅੰਦੋਲਨ ਨੂੰ ਸਾਰਥਕ ਸਮਝਦੇ ਸਨ।

ਜਦੋਂ ਆਪ ਨੇ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲੀ ਤਾਂ ਉਹਨਾਂ ਦਿਨਾਂ ਵਿਚ ਵਿਸ਼ਵ ਸ਼ਾਂਤੀ ਅੰਦੋਲਨ ਚੱਲ ਰਿਹਾ ਸੀ। ਇੱਥੇ ਉਸ ਦੀ ਮੁੱਖ ਸੰਚਾਲਕ ਧਿਰ ਭਾਰਤ ਦੀ ਕਮਿਊਨਿਸਟ ਪਾਰਟੀ ਸੀ। ਸਤਿਗੁਰੂ ਜਗਜੀਤ ਸਿੰਘ ਜੀ ਕੂਕਾ ਅੰਦੋਲਨ ਦੇ ਸੁਭਾਅ, ਚਰਿੱਤਰ ਤੇ ਇਤਿਹਾਸ ਪੱਖੋਂ ਕਾਂਗਰਸ ਦੇ ਨੇੜੇ ਸਨ ਤਾਂ ਵੀ ਆਪ ਨੇ ਵਿਸ਼ਵ ਸ਼ਾਂਤੀ ਅੰਦੋਲਨ ਨੂੰ ਆਪਣਾ ਭਰਪੂਰ ਸਹਿਯੋਗ ਦਿੱਤਾ ਤੇ ਉਸ ਦੀਆਂ ਮੁਖੀ ਜ਼ਿੰਮੇਵਾਰੀਆਂ ਸੰਭਾਲੀਆਂ।

ਉਸ ਤੋਂ ਬਾਅਦ ਗਊ ਰਖਸ਼ਾ ਅੰਦੋਲਨ ਸ਼ੁਰੂ ਹੋਇਆ।



Sri Satguru Jagjit Singh Ji eLibrary NamdhariElibrary@gmail.com

ਉਸ ਦੀ ਸੰਚਾਲਕ ਮੁਖੀ ਧਿਰ ਆਰ ਐਸ ਐਸ ਜਾਂ ਜਨ ਸੰਘ ਸੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਉਸ ਅੰਦੋਲਨ ਵਿਚ ਵੀ ਵੱਧ ਚੜ੍ਹ ਕੇ ਹਿੱਸਾ ਲਿਆ। ਗਊ ਵੰਸ਼ ਦੀ ਸੇਵਾ ਲਈ ਸਥਾਪਿਤ ਗੋਸੰਵਰਧਨ ਸਮਿਤੀ ਵਲੋਂ ਸਤਿਗੁਰੂ ਜਗਜੀਤ ਸਿੰਘ ਨੂੰ ਗੋਪਾਲ ਰਤਨ ਦਾ ਸਨਮਾਨ ਭੇਂਟ ਕੀਤਾ ਗਿਆ।

ਉਸ ਦੌਰਾਨ ਵਿਸ਼ਵ ਧਰਮ ਦੀ ਸਾਂਝ ਤੇ ਏਕਤਾ ਲਈ ਵਿਸ਼ਵ ਧਰਮ ਅੰਦੋਲਨ ਚੱਲ ਰਿਹਾ ਸੀ ਜਿਸਦੇ ਪ੍ਰੇਰਕ ਮਹਾਰਾਜ ਕ੍ਰਿਪਾਲ ਸਿੰਘ ਦੀ ਰਾਧਾ ਸਵਾਮੀ ਅਤੇ ਮੁਨੀ ਸੁਸ਼ੀਲ ਕੁਮਾਰ ਜੈਨ ਮੱਤ ਵਾਲੇ ਸਨ। ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਅੰਦੋਲਨ ਵਿੱਚ ਵੀ ਪੂਰਾ ਹਿੱਸਾ ਪਾਇਆ।

ਇਸ ਦੇ ਨਾਲ-ਨਾਲ ਹੀ ਉਸ ਸਮੇਂ ਵਿਸ਼ਵ ਸ਼ਾਕਾਹਾਰ ਅੰਦੋਲਨ ਚੱਲ ਰਿਹਾ ਸੀ। ਸਾਰੇ ਮੁਲਕਾਂ ਦੇ ਸ਼ਾਕਾਹਾਰੀ ਇਕ ਮੇਜ਼ ਉੱਪਰ ਇਕੱਠੇ ਹੋ ਰਹੇ ਸਨ। ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਅੰਦੋਲਨ ਨੂੰ ਵੀ ਆਪਣਾ ਸੰਪੂਰਨ ਯੋਗਦਾਨ ਦਿੱਤਾ।

ਇਸ ਸਾਰੇ ਯੋਗਦਾਨ ਤੇ ਇਹਨਾਂ ਅੰਦੋਲਨਾਂ ਨਾਲ ਆਪਣੀ ਸਾਂਝ ਜਤਾਉਣ ਦਾ ਇਕੋ ਕਰਨ ਸੀ ਕਿ ਵੱਖ-ਵੱਖ ਨਾਵਾਂ, ਵੱਖ-ਵੱਖ ਝੰਡਿਆਂ ਤੇ ਵੱਖ-ਵੱਖ ਵਿਅਕਤੀਆਂ ਜਾਂ ਸੰਸਥਾਵਾਂ ਵਲੋਂ ਚੱਲਣ ਵਾਲੇ ਇਹ ਸਾਰੇ ਅੰਦੋਲਨ ਬੁਨਿਆਦੀ ਰੂਪ ਵਿਚ 'ਲੋਕ ਕਲਿਆਣ' ਦਾ ਸੁਨੇਹਾ ਦਿੰਦੇ ਸਨ। ਅਮਨ, ਅਹਿੰਸਾ ਤੇ ਅਧਿਆਤਮਿਕ ਜੀਵਨ ਲਈ ਯਤਨਸ਼ੀਲ ਸਨ।

**ਮਾਤ ਭਾਸ਼ਾ ਤੇ ਨਾਮਧਾਰੀ:-** ਸੰਨ 1857 ਵਿਚ ਆਜ਼ਾਦੀ ਦਾ ਅੰਦੋਲਨ ਸ਼ੁਰੂ ਕਰਨ ਵੇਲੇ ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ੀ ਵਿੱਦਿਆ ਤੇ ਵਿਦੇਸ਼ੀ ਵਸਤਾਂ ਦੇ ਬਾਈਕਾਟ ਦਾ ਰਾਹ ਅਪਣਾਇਆ ਸੀ। ਹਿੰਦੋਸਤਾਨ ਭਰ ਵਿੱਚ ਅੰਗਰੇਜ਼ਾਂ ਖਿਲਾਫ਼ ਜਿੰਨੀਆਂ ਵੀ ਲਹਿਰਾਂ ਚੱਲੀਆਂ, ਭਾਰਤ ਦੇ ਜਿਹਨਾਂ ਸੂਬਿਆਂ ਵਿਚ ਵੀ ਚੱਲੀਆਂ ਉਹਨਾਂ ਨਾਲੋਂ ਕੂਕਾ ਲਹਿਰ ਇਸ ਪੱਖੋਂ ਤੇ ਆਪਣੇ ਆਪ ਵਿਚ ਇਕੱਲੀ ਲਹਿਰ ਸੀ ਜਿਸ ਨੇ ਮੁੱਢ ਵਿਚ ਹੀ ਅੰਗਰੇਜ਼ੀ ਤਾਲੀਮ ਦਾ ਬਾਈਕਾਟ ਕੀਤਾ ਤੇ ਮਾਤ-ਭਾਸ਼ਾ ਨੂੰ ਅਪਨਾਉਣ ਦਾ ਯਤਨ ਕੀਤਾ।

ਭਾਰਤ ਦੇ ਬਾਕੀ ਸਾਰੇ ਹਿੱਸਿਆਂ ਵਿੱਚ ਅੰਗਰੇਜ਼ ਦੇ ਖਿਲਾਫ਼ ਜਿਹੜੀਆਂ ਮੁੱਢਲੀਆਂ ਲੜਾਈਆਂ ਹੋਈਆਂ ਉਹਨਾਂ ਵਿੱਚ ਅੰਗਰੇਜ਼ੀ ਤਾਲੀਮ ਜਾਂ ਵਿਰੋਧ ਦਾ ਉਦੋਂ ਤੱਕ ਕੋਈ ਸਵਾਲ ਹੀ ਨਹੀਂ ਸੀ। ਭਾਰਤ ਦੀਆਂ ਰਿਆਸਤਾਂ ਦੇ ਰਾਜੇ ਅੰਗਰੇਜ਼ਾਂ ਦੀ ਈਸਟ ਇੰਡੀਆ ਕੰਪਨੀ ਦੇ ਹਮਲਿਆਂ ਦੇ ਖਿਲਾਫ਼ ਲੜਦੇ ਰਹੇ ਤੇ ਹਾਰਦੇ ਰਹੇ ਅਤੇ ਜਿਉਂ-ਜਿਉਂ ਈਸਟ ਇੰਡੀਆ ਕੰਪਨੀ ਜਾਂ ਬਾਅਦ ਵਿਚ ਸਿੱਧੀ ਇੰਗਲਿਸਤਾਨ ਦੀ ਮਲਿਕਾ ਦੀ ਸਰਕਾਰ ਸਥਾਪਿਤ ਹੁੰਦੀ ਗਈ ਤਿਉਂ-ਤਿਉਂ ਹਰ ਸੂਬੇ, ਹਰ ਰਿਆਸਤ ਦੇ ਮੋਹਰੀਆਂ ਨੇ ਸਭ ਤੋਂ ਪਹਿਲਾਂ ਅੰਗਰੇਜ਼ੀ ਤਾਲੀਮ ਨੂੰ ਖੁਸ਼ੀ-ਖੁਸ਼ੀ ਅਪਣਾਇਆ। ਉਹਨਾਂ ਸਾਰੇ ਇਲਾਕਿਆਂ ਵਿਚ ਵੀਹਵੀਂ ਸਦੀ ਦੇ ਆਰੰਭ ਵਿਚ ਜਾ ਕੇ ਉਥੋਂ ਦੇ ਸਿਆਣਿਆਂ ਨੇ ਅੰਗਰੇਜ਼ੀ ਤਾਲੀਮ ਦੀ ਥਾਂ ਮਾਤ-ਭਾਸ਼ਾ ਵਿਚ ਤਾਲੀਮ ਦੀ ਗੱਲ ਸੋਚੀ। ਇਸ ਦੌਰ ਵਿਚ ਬੰਗਾਲ ਨੇ ਗੁਰੂਦੇਵ ਰਬਿੰਦਰ ਨਾਥ ਟੈਗੋਰ ਦੀ ਅਗਵਾਈ ਵਿਚ ਪਹਿਲਾ ਯਤਨ ਅਰੰਭਿਆ, ਪਰ ਸਤਿਗੁਰੂ ਰਾਮ ਸਿੰਘ ਜੀ ਦੇ ਕੂਕਾ ਅੰਦੋਲਨ ਦਾ ਸ਼੍ਰੀ ਗਣੇਸ਼ ਹੀ ਅੰਗਰੇਜ਼ ਤਾਲੀਮ ਦੇ ਬਾਈਕਾਟ ਅਤੇ ਪੰਜਾਬੀ ਭਾਸ਼ਾ ਵਿੱਚ ਵਿੱਦਿਆ ਹਾਸਿਲ ਕਰਨ ਦੀ ਪ੍ਰੇਰਨਾ ਨਾਲ ਹੋਇਆ।



Sri Satguru Jagjit Singh Ji eLibrary NamdhariElibrary@gmail.com

**ਭਾਸ਼ਾ ਧਰਮ ਨਹੀਂ ਹੁੰਦੀ:-** ਆਜ਼ਾਦੀ ਤੋਂ ਬਾਅਦ ਜਿਹੜੀ ਸਰਕਾਰ ਬਣੀ ਉਸ ਨੇ ਵੀ ਅੰਗਰੇਜ਼ਾਂ ਨੂੰ ਵਿਦਾ ਕਰ ਦਿੱਤਾ ਪਰ ਅੰਗਰੇਜ਼ੀ ਭਾਸ਼ਾ ਨੂੰ ਹਿੱਕ ਨਾਲ ਲਾ ਲਿਆ। ਨਤੀਜਾ ਇਹ ਹੋਇਆ ਕਿ ਅੰਗਰੇਜ਼ਾਂ ਦੇ ਜਾਣ ਦੇ ਬਾਅਦ ਆਜ਼ਾਦ ਭਾਰਤ ਵਿੱਚ ਵੀ ਸਭ ਸਹੂਲਤਾਂ ਤੇ ਉੱਚੇ ਅਹੁਦੇ ਅੰਗਰੇਜ਼ੀ ਪੜ੍ਹਿਆਂ ਲਈ ਰਾਖਵੇਂ ਹੋ ਗਏ ਤੇ ਉਹਨਾਂ ਦਾ ਪ੍ਰਤਾਪ ਪ੍ਰਭਾਵ ਜ਼ਿੰਦਗੀ ਦੇ ਹਰ ਖੇਤਰ ਵਿਚ ਵਧਦਾ ਹੀ ਗਿਆ।

ਹੌਲੀ-ਹੌਲੀ ਸਥਿਤੀ ਇਹ ਬਣ ਗਈ ਕਿ ਅੰਗਰੇਜ਼ੀ ਭਾਸ਼ਾ ਵਿਦੇਸ਼ੀ ਨਹੀਂ ਸਗੋਂ ਭਾਰਤ ਦੀ ਆਪਣੀ ਭਾਸ਼ਾ ਬਣ ਗਈ। ਇਸ ਹਾਲਤ ਵਿੱਚ ਨਾਮਧਾਰੀਆਂ ਨੂੰ ਵੀ ਸੋਚਣਾ ਪਿਆ ਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਿਰਣਾ ਕੀਤਾ ਕਿ ਆਜ਼ਾਦ ਭਾਰਤ ਵਿੱਚ ਆਪਣੇ ਆਪ ਨੂੰ ਅੰਗਰੇਜ਼ੀ ਤਾਲੀਮ ਦੇ ਵਿਰੁੱਧ ਵਿੱਚ ਖੜ੍ਹਿਆ ਰੱਖਣ ਦਾ ਹੁਣ ਕੋਈ ਕਾਰਨ ਨਹੀਂ। ਅੰਗਰੇਜ਼ ਜਾ ਚੁੱਕੇ ਹਨ ਪਰ ਅੰਗਰੇਜ਼ੀ ਮੋਹਰੀ ਭਾਸ਼ਾ ਦੇ ਰੂਪ ਵਿੱਚ ਕਾਇਮ ਹੈ। ਠੀਕ ਉਵੇਂ ਹੀ ਜਿਵੇਂ ਅੰਗਰੇਜ਼ਾਂ ਤੋਂ ਪਹਿਲਾਂ ਫ਼ਾਰਸੀ ਦਰਬਾਰੀ ਜਾਂ ਸਰਕਾਰੀ ਭਾਸ਼ਾ ਸੀ।

ਅਜੋਕੇ ਹਾਲਾਤ ਵਿੱਚ ਕੂਕਿਆਂ ਨੂੰ ਸਰਕਾਰੀ ਨੌਕਰੀਆਂ ਤੋਂ ਵਾਂਝਿਆ ਰੱਖਣ ਦਾ ਜਾਂ ਭਾਰਤ ਦੀ ਆਰਥਿਕ, ਵਿਗਿਆਨਕ ਤੇ ਤਕਨੀਕੀ ਤਰੱਕੀ ਤੋਂ ਆਪਣੇ ਆਪ ਨੂੰ ਵਿਰਵੇ ਰੱਖਣ ਦਾ ਇਹ ਅਰਥ ਹੋਵੇਗਾ ਕਿ ਕੂਕੇ ਭਾਰਤ ਦੀ ਸਮੁੱਚੀ ਤਰੱਕੀ ਤੇ ਖੁਸ਼ਹਾਲੀ ਦੀ ਧਾਰਾ ਤੋਂ ਦੂਰ ਰਹਿ ਜਾਣ। ਇਹ ਕਿਸੇ ਵੀ ਪੱਖ ਤੋਂ ਮੁਨਾਸਿਬ ਨਹੀਂ ਸੀ। ਖ਼ਾਸ ਕਰਕੇ ਇਹ ਸਮਝਦੇ ਹੁੰਦਿਆ ਕਿ ਕੋਈ ਵੀ ਭਾਸ਼ਾ ਆਪਣੀ ਹੋਂਦ ਦੇ ਕੇਵਲ ਇਸ ਸੁਭਾਅ ਕਾਰਨ ਵਧਦੀ ਫੁੱਲਦੀ ਹੈ ਕਿ ਉਹ ਆਪਸੀ ਬੋਲ ਚਾਲ ਦਾ ਮਾਧਿਅਮ ਹੈ। ਉਹ ਕੋਈ ਧਰਮ ਨਹੀਂ। ਭਾਸ਼ਾ ਲੋੜ ਅਨੁਸਾਰ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ। ਅੰਗਰੇਜ਼ਾਂ ਵੇਲੇ ਅੰਗਰੇਜ਼ੀ ਦਾ ਵਿਰੋਧ ਇਸ ਲਈ ਜ਼ਰੂਰੀ ਸੀ ਕਿ ਇਹ ਅੰਗਰੇਜ਼ਾਂ ਦੇ ਰਾਜ ਨੂੰ ਭਾਰਤ ਵਿੱਚ ਜਮਾਉਣ ਦਾ ਸਭ ਤੋਂ ਵੱਡਾ ਸਾਧਨ ਬਣ ਰਹੀ ਸੀ।

ਸੋ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਸਮਾਜ ਨੂੰ ਉੱਨਤ ਕਰਨ ਲਈ ਤੇ ਦੂਜੇ ਸਮਾਜਾਂ ਦੇ ਬਰਾਬਰ ਲਿਆਉਣ ਲਈ ਭੈਣੀ ਸਾਹਿਬ ਅਤੇ ਦਿੱਲੀ ਦੇ ਨਾਮਧਾਰੀ ਵਿਦਿਆਲਿਆਂ ਵਿੱਚ ਅੰਗਰੇਜ਼ੀ ਭਾਸ਼ਾ ਨੂੰ ਤਾਲੀਮ ਦਾ ਅਧਿਅਮ ਬਣਾਉਣਾ ਮਨਜ਼ੂਰ ਕਰ ਲਿਆ ਹੈ। ਸ੍ਰੀ ਜੀਵਨ ਨਗਰ ਡਿਗਰੀ ਕਾਲਜ ਬਣਾ ਦਿੱਤਾ ਗਿਆ ਹੈ ਤੇ ਸਤਿਗੁਰੂ ਨਾਮਧਾਰੀਆਂ ਨੂੰ ਉੱਚੀ ਤੋਂ ਉੱਚੀ ਤਾਲੀਮ ਹਾਸਿਲ ਕਰਨ ਦੀ ਪ੍ਰੇਰਨਾ ਦੇ ਰਹੇ ਸਨ।

**ਆਤਮ ਵਿਸ਼ਵਾਸ਼ ਨਾਲ ਤਰੱਕੀ ਕਰੋ:** ਸਤਿਗੁਰੂ ਜਗਜੀਤ ਸਿੰਘ ਜੀ ਨੇ ਜੋ ਇਕ ਚਮਤਕਾਰ ਪੂਰਨ ਕੀਤਾ ਹੈ। ਉਹ ਨਾਮਧਾਰੀਆਂ ਵਿੱਚ ਜ਼ਿੰਦਗੀ ਦੇ ਪ੍ਰਤੀ ਆਤਮ ਵਿਸ਼ਵਾਸ਼ ਜਗਾਉਣਾ। ਸਤਿਗੁਰੂ ਜੀ ਨੇ ਜਿੱਥੇ ਵੀ ਕੋਈ ਨਾਮਧਾਰੀ ਰਹਿੰਦਾ ਹੈ, ਉੱਥੇ ਹੀ ਉਸ ਨੂੰ ਆਪਣਾ ਕਾਰੋਬਾਰ ਜਮਾਉਣ ਤੇ ਵਧਾਉਣ ਲਈ ਤੇ ਉਤਸ਼ਾਹਿਤ ਕੀਤਾ ਤੇ ਉਸਦੀ ਹਰ ਲੋੜੀਂਦੀ ਸਹਾਇਤਾ ਕੀਤੀ ਹੈ। ਇਸ ਲਈ ਇਸ ਵਿਸ਼ਵਾਸ਼ ਨਾਲ ਸੋਹਣੇ ਸਾਫ਼ ਸੁਥਰੇ ਘਰ ਬਨਾਉਣ ਲਈ ਪ੍ਰੇਰਿਤ ਕੀਤਾ ਹੈ ਕਿ ਇਹ ਘਰ ਅੱਜ ਤੁਹਾਡੇ ਅਤੇ ਕੱਲ੍ਹ ਤੁਹਾਡੀ ਸੰਤਾਨ ਦੇ ਰਹਿਣ ਲਈ ਹਨ।

**ਉੱਨਤ ਖੇਤੀ, ਬਾਗ਼ਬਾਨੀ:** ਸਤਿਗੁਰੂ ਜਗਜੀਤ ਸਿੰਘ ਜੀ ਨੇ ਸ੍ਰੀ ਜੀਵਨ ਨਗਰ ਜ਼ਿਲ੍ਹਾ ਸਿਰਸਾ ਦੇ ਇਲਾਕੇ ਵਿੱਚ ਇਕੱਠੇ ਵਸਦੇ ਪੰਝੀ-ਤੀਹ ਪਿੰਡਾਂ ਦੇ ਨਾਮਧਾਰੀਆਂ ਨੂੰ



Sri Satguru Jagjit Singh Ji eLibrary NamdhariElibrary@gmail.com

ਉੱਨਤ ਖੇਤੀ ਦੀ ਪ੍ਰੇਰਨਾ ਦੇ ਕੇ ਉਹਨਾਂ ਦੀ ਆਮਦਨ ਜੀਵਨ ਪੱਧਰ ਵਿਚ ਭਾਰੀ ਵਾਧਾ ਕੀਤਾ ਹੈ। ਉੱਥੇ ਪਹਿਲਾਂ ਕੇਵਲ ਅਨਾਜ ਤੇ ਕੁਝ ਹੋਰ ਫ਼ਸਲਾਂ ਦੀ ਉਪਜ ਹੀ ਹੁੰਦੀ ਸੀ। ਸਤਿਗੁਰਾਂ ਨੇ ਕਿਸਾਨਾਂ ਨੂੰ ਕਣਕ ਦੇ ਨਾਲ-ਨਾਲ ਬਾਗ਼ਬਾਨੀ ਲਈ ਉਤਸ਼ਾਹਿਤ ਕੀਤਾ ਹੈ।

ਬਾਗ਼ਬਾਨੀ ਵਿਚ ਆਪ ਜੀ ਦੀ ਵਿਸ਼ੇਸ਼ ਰੁਚੀ ਰਹੀ ਹੈ। ਜੀਵਨ ਨਗਰ ਜੈਸੇ ਇਲਾਕੇ ਵਿੱਚ ਜਿੱਥੇ ਸਧਾਰਨ ਖੇਤੀ ਵੀ ਕਿਸੇ ਸਮੇਂ ਔਖੀ ਹੁੰਦੀ ਸੀ, ਉੱਥੇ ਕਿੰਨੂਆਂ ਦੇ ਬਾਗ਼ ਲਗਾਏ। ਸਰਕਾਰੀ ਭਾਈਚਾਰੇ ਦੇ ਵਿਚਾਰ ਸਨ ਕਿ ਇਸ ਧਰਤੀ ਵਿਚ ਫ਼ਲਾਂ ਦੀ ਖੇਤੀ ਹੋ ਹੀ ਨਹੀਂ ਸਕਦੀ। ਪਰੰਤੂ ਆਪ ਨੇ ਸਫ਼ਲਤਾ ਪੂਰਵਕ ਕਿੰਨੂਆਂ ਦੀ ਫ਼ਲ ਉਪਜਾ ਕੇ ਭਰਪੂਰ ਫ਼ਲ ਲਏ। ਇਸੇ ਤਰ੍ਹਾਂ ਇਲਾਕੇ ਵਿਚ ਅੰਗੂਰਾਂ ਦੇ ਬਹੁਤ ਸਾਰੇ ਬਾਗ਼ ਲਗਵਾ ਕੇ ਕਿਸਾਨਾਂ ਦੀ ਆਮਦਨ ਵਿਚ ਵਾਧਾ ਕੀਤਾ। ਅੰਗੂਰਾਂ ਦੀ ਖੇਤੀ ਵਿੱਚ ਵਿਸ਼ੇਸ਼ ਪ੍ਰਯੋਗ ਕਰਵਾ ਕੇ 24× ਮਿਠਾਸ ਵੱਧ ਤੱਕ ਦੇ ਅੰਗੂਰ ਪੈਦਾ ਕਰਵਾਏ ਹਨ।

ਨਾਮਧਾਰੀ ਫ਼ਾਰਮਜ ਬੰਗਲੌਰ ਵਿਚ ਠਾਕੁਰ ਉਦੈ ਸਿੰਘ ਨੂੰ ਭੇਜ ਕੇ ਬੀਜਾਂ ਦੀ ਉਪਜ ਕਰਵਾ ਕੇ ਵਿਦੇਸ਼ਾਂ ਨੂੰ ਭਾਰੀ ਮਾਤਰਾ ਵਿੱਚ ਐਕਸਪੋਰਟ (ਬਰਾਮਦ) ਕਰਵਾ ਰਹੇ ਹਨ। ਬੰਗਲੌਰ ਵਿੱਚ ਕਰੀਬ 40 ਤੋਂ ਵੱਧ ਕਿਸਮਾਂ ਦੇ ਅੰਬਾਂ, ਨਾਰੀਅਲ, ਅਨਾਨਾਸ, ਤਰਬੂਜ਼, ਟਮਾਟਰ, ਖ਼ਰਬੂਜ਼ੇ ਆਦਿ ਦੀ ਉਪਜ ਹੋ ਰਹੀ ਹੈ।

**ਸ਼੍ਰੀ ਭੈਣੀ ਸਾਹਿਬ ਦੀ ਉਸਾਰੀ:** ਸ਼੍ਰੀ ਭੈਣੀ ਸਾਹਿਬ ਵਿਖੇ ਸਲਾਨਾ ਮੇਲਿਆਂ ਦੀ ਗੱਲ ਤਾਂ ਦੂਰ, ਆਮ ਦਿਨਾਂ ਵਿਚ ਵੀ ਦਸ ਵੀਹ ਆਦਮੀਆਂ ਦੇ ਰਹਿਣ ਲਈ ਕੋਈ ਮੁਨਾਸਿਬ ਥਾਂ ਨਹੀਂ ਸੀ ਹੁੰਦੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਸ਼੍ਰੀ ਭੈਣੀ ਸਾਹਿਬ ਅੰਦਰ ਵੱਡੀ ਗਿਣਤੀ ਵਿਚ ਆਧੁਨਿਕ ਸੁੱਖ ਸਹੂਲਤਾਂ ਵਾਲੇ ਘਰ ਬਣਵਾ ਦਿੱਤੇ ਹਨ। ਇਹਨਾਂ ਘਰਾਂ ਤੋਂ ਇਲਾਵਾ ਆਪ ਨੇ ਸਤਿਗੁਰੂ ਪ੍ਰਤਾਪ ਸਿੰਘ ਸਿਮਰਤੀ ਮੰਦਰ ਬਣਵਾਇਆ ਹੈ ਜੋ ਆਪਣੇ ਰੂਪ, ਦਿੱਖ ਤੇ ਆਕਾਰ ਪ੍ਰਕਾਰ ਵੱਲੋਂ ਸਾਰੇ ਏਸ਼ੀਆਂ ਵਿੱਚ ਨਿਵੇਕਲਾ ਸਥਾਨ ਰੱਖਦਾ ਹੈ। ਇਹ ਹਾਲ ਸੌ ਫੁੱਟ ਚੌੜਾ ਤੇ ਦੋ ਸੌ ਫੁੱਟ ਲੰਬਾ ਹੈ। ਇਸ ਦੀ ਖ਼ੂਬੀ ਇਹ ਹੈ ਕਿ ਇਹਦੀ ਛੱਤ ਰੋੜੀ, ਬਜਰੀ ਤੇ ਸੀਮਿੰਟ ਦੀ ਹੋਣ ਦੇ ਬਾਵਜੂਦ ਹੇਠਾਂ ਕੋਈ ਥੰਮਲਾ ਪਿੱਲਰ) ਨਹੀਂ ਹੈ।

ਇਹ ਸਤਿਗੁਰੂ ਜਗਜੀਤ ਸਿੰਘ ਜੀ ਦੇ ਚੁੰਬਕੀ ਵਿਅਕਤੀਤਵ ਦਾ ਨਤੀਜਾ ਹੈ ਕਿ ਪੰਜਾਬ ਸਰਕਾਰ ਵੱਲੋਂ ਸ਼੍ਰੀ ਭੈਣੀ ਸਾਹਿਬ ਦੇ ਵਿਕਾਸ ਲਈ ਯੋਜਨਾ ਬਣਾਈ ਗਈ ਹੈ ਅਤੇ ਉੱਥੇ ਹੀ ਭਾਰਤ ਦਾ ਇੱਕ ਸ਼੍ਰੇਸ਼ਠ ਖੇਡ ਸਟੇਡੀਅਮ ਬਣਾਉਣ ਬਾਰੇ ਵੀ ਸੋਚਿਆ ਜਾ ਰਿਹਾ ਹੈ। ਸ਼੍ਰੀ ਭੈਣੀ ਸਾਹਿਬ ਵਿੱਚ ਇਕ ਸਰੋਵਰ ਹੈ ਜੋ ਆਮ ਤੌਰ 'ਤੇ ਅਣਗੌਲਿਆ ਹੀ ਰਹਿੰਦਾ ਸੀ। ਉਸ ਰਾਮ ਸਰੋਵਰ ਨੂੰ ਆਧੁਨਿਕ ਤੇ ਪਵਿੱਤਰ ਰੂਪ ਦਿੱਤਾ ਹੈ ਕਿ ਉਹ ਵੀ ਦਿੱਖ ਤੇ ਲੋੜ ਪੂਰਤੀ ਦੇ ਪੱਖੋਂ ਆਪਣੀ ਮਿਸਾਲ ਆਪ ਹੈ।

ਸਤਿਗੁਰਾਂ ਨੇ ਸਰੋਵਰ ਦੀ ਨੀਂਹ ਰੱਖੀ ਤੇ ਕਾਰਜ ਸ਼ੁਰੂ ਹੋ ਗਿਆ। ਸਭ ਤੋਂ ਪਹਿਲਾਂ 20 ਫੁੱਟ ਗੋਲ ਇਕ ਖ਼ੂਹ ਬਣਾ ਕੇ ਗਾਲਿਆ ਗਿਆ ਜਿਸ ਦੀ ਕੰਧ (ਚੁਗਿਰਦਾ) ਰੋੜੀ, ਸਰੀਏ ਦੀ ਦੋ ਫੁੱਟ ਚੌੜੀ ਸੀ। ਇਸ ਚੌਵੀ ਫੁੱਟ ਉੱਤੇ ਖ਼ੂਹ ਦਾ ਹੇਠਲਾ ਸਿਰਾ ਜ਼ਮੀਨ ਦੇ ਲੈਵਲ ਤੋਂ ਕਰੀਬ 64 ਫੁੱਟ ਹੇਠਾਂ ਹੈ। ਇਸ ਸਰੋਵਰ ਦੀ ਡਿਜ਼ਾਇਨ ਸਰਦਾਰ ਮੇਹਰਬਾਨ ਸਿੰਘ ਆਰਕੀਟੈਕਟ ਨੇ ਕੰਪਿਊਟਰ ਦੀ ਸਹਾਇਤਾ ਨਾਲ ਤਿਆਰ ਕੀਤਾ ਸੀ। ਸਰੋਵਰ ਵਿਚ ਜਲ ਦੀ ਸਤਹਿ ਇਸ ਵੇਲੇ ਸਾਰੇ ਸਾਲ ਦੀ ਔਸਤ 25 ਫੁੱਟ 'ਤੇ ਹੈ।



Sri Satguru Jagjit Singh Ji eLibrary NamdhariElibrary@gmail.com

ਧਰਤੀ ਵਿਚ ਗਾਲੇ ਖੂਹ ਦੇ ਉੱਪਰਲੇ ਸਿਰੇ ਤੋਂ ਸਰੋਵਰ ਦੀਆਂ ਪੌੜੀਆਂ ਸ਼ੁਰੂ ਹੁੰਦੀਆਂ ਹਨ। ਇਸ ਸਰੋਵਰ ਦੀ ਵਿਸ਼ੇਸ਼ ਗੱਲ ਹੈ ਕਿ ਇਸ ਵਿੱਚ ਬਿਰਧ ਤੇ ਅਪੰਗ ਵਿਅਕਤੀਆਂ ਦੇ ਜਾਣ ਵਾਸਤੇ ਕਾਰ ਦਾ ਰਸਤਾ ਵੀ ਬਣਾਇਆ ਗਿਆ ਹੈ। ਸਰੋਵਰ ਦਾ ਢਾਂਚਾ ਇਕ ਪਰਾਤ ਦੀ ਨਿਆਲੀ ਹੈ। ਜਿਵੇਂ ਪਰਾਤ ਜਲ ਉੱਪਰ ਤੈਰਦੀ ਹੋਵੇ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਸਰੋਵਰ ਦੇ ਨਿਰਮਾਣ ਸਮੇਂ ਇਸ ਗੱਲ ਦਾ ਧਿਆਨ ਰੱਖਿਆ ਹੈ ਕਿ ਖਰਚ ਭਾਵੇਂ ਕਿੰਨਾ ਮਰਜ਼ੀ ਹੋ ਜਾਵੇ, ਪਰ ਸਰੋਵਰ ਵਿਚਲਾ ਜਲ ਸੋਧੀਆਂ ਦੀ ਮਰਿਆਦਾ ਦੇ ਅਨੁਕੂਲ ਪ੍ਰਾਪਤ ਹੋਵੇ। ਇਸ ਪੂਰਤੀ ਲਈ ਸਰੋਵਰ ਦੇ ਦੁਆਲੇ 64 ਫੁੱਟ ਚੌੜਾ ਪਹਿਲੂ (ਚੌਂਤਰਾ) ਬਣਾਇਆ ਗਿਆ ਹੈ ਅਤੇ ਪਹਿਲੂ ਦੀ ਢਲਾਨ ਬਾਹਰ ਵਾਲੇ ਪਾਸੇ ਬਣੀ ਨਾਲੀ ਵੱਲ ਨੂੰ ਰੱਖੀ ਹੈ ਜਿਸ ਤਰ੍ਹਾਂ ਪਹਿਲੂ ਉੱਪਰ ਡਿੱਗੇ ਪਾਣੀ ਅਤੇ ਕਛਹਿਰੇ ਆਦਿ ਦਾ ਨੁੱਚੜਿਆ ਪਾਣੀ ਨਾਲੀ ਰਾਹੀਂ ਇਕ ਵੱਖਰੇ ਬਣੇ ਗੋਲ ਟੈਂਕ ਵਿੱਚ ਚਲਾ ਜਾਂਦਾ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਗੱਦੀ ਸੰਭਾਲਣ ਤੋਂ ਬਾਅਦ ਉਹਨਾਂ ਸਾਹਮਣੇ ਬਹੁਤ ਸਵਾਲ ਉੱਭਰ ਕੇ ਆਏ। ਉਹਨਾਂ ਵਿਚੋਂ ਇਕ ਸਵਾਲ ਸੀ, ਯਾਦਗਾਰਾਂ ਦੀ ਉਸਾਰੀ।

ਸੰਨ 1872 ਵਿਚ ਗਊਆਂ ਦੀ ਰੱਖਿਆ ਖ਼ਾਤਿਰ ਜ਼ਿਨ੍ਹਾਂ ਸੂਰਬੀਰ ਕੂਕਿਆਂ ਨੇ ਸ੍ਰੀ ਅੰਮ੍ਰਿਤਸਰ, ਲੁਧਿਆਣੇ, ਰਾਏਕੋਟ ਅਤੇ ਮਲੇਰਕੋਟਲੇ ਵਿਚ ਸ਼ਹੀਦੀਆਂ ਪਾਈਆਂ, ਉਹਨਾਂ ਸ਼ਹੀਦਾਂ ਦੀ ਯਾਦ ਕਾਇਮ ਰੱਖਣ ਵੱਲ ਢੇਰ ਚਿਰ ਨਾ ਪੰਜਾਬ ਦੀ ਕਿਸੇ ਸੰਸਥਾ ਨੇ ਧਿਆਨ ਦਿੱਤਾ ਅਤੇ ਨਾ ਹੀ ਸਰਕਾਰ ਨੇ। ਹਾਲਾਂਕਿ ਕੂਕਾ ਅੰਦੋਲਨ ਤੇ ਕੂਕੇ ਸਿੰਘਾਂ ਦੀਆਂ ਸ਼ਹੀਦੀਆਂ ਸਾਰੇ ਭਾਰਤ ਦੇਸ ਵਿੱਚ ਅੰਗਰੇਜ਼ਾਂ ਵਿਰੁੱਧ ਚੱਲੇ ਕਿਸੇ ਵੀ ਤਰ੍ਹਾਂ ਦੇ ਅੰਦੋਲਨ ਜਾਂ ਸੰਘਰਸ਼ ਨਾਲੋਂ ਪਹਿਲਾਂ ਦੀਆਂ ਅਤੇ ਗੌਰਵ ਪੂਰਨ ਹਨ ਪਰ ਪੰਜਾਬ ਦੀ ਕਿਸੇ ਵੀ ਧਿਰ ਨੇ ਆਪਣਾ ਇਸ ਗੌਰਵ ਪੂਰਨ ਇਤਿਹਾਸ ਦੇ ਇਤਿਹਾਸਕ ਪੁਰਸ਼ਾਂ ਨੂੰ ਉਹ ਸਨਮਾਨ ਨਹੀਂ ਦਿੱਤਾ ਜਿਸ ਨਾਲ ਸਾਰੇ ਭਾਰਤ ਵਿੱਚੋਂ ਪੰਜਾਬ ਦਾ ਸਿਰ ਉੱਚਾ ਦਿਸਦਾ ਰਹੇ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਗੱਦੀ ਸੰਭਾਲਣ ਤੋਂ ਬਾਅਦ ਆਪਣੀ ਸੰਮੋਹਰ ਸਖ਼ਸੀਅਤ ਦੇ ਪ੍ਰਭਾਵ ਨਾਲ ਪਹਿਲਾਂ ਭਾਰਤ ਦੇ ਰੱਖਿਆ ਮੰਤਰੀ ਬਾਬੂ ਜਗਜੀਵਨ ਰਾਮ ਜੀ ਨੇ ਮਲੇਰਕੋਟਲੇ ਦੇ ਸ਼ਹੀਦੀ ਸਥਾਨ ਵਾਲੀ ਜ਼ਮੀਨ ਭੇਂਟ ਕੀਤੀ ਤੇ ਫਿਰ ਪੰਜਾਬ ਦੇ ਅਕਾਲੀ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੇ ਅੰਮ੍ਰਿਤਸਰ ਸ਼ਹੀਦਾਂ ਦੀ ਯਾਦਗਾਰ ਲਈ ਫਾਂਸੀਆਂ ਵਾਲੀ ਥਾਂ 'ਤੇ ਕੁਝ ਜ਼ਮੀਨ ਨਾਮਧਾਰੀਆਂ ਨੂੰ ਅਰਪਣ ਕੀਤੀ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਸ੍ਰੀ ਬੇਅੰਤ ਸਿੰਘ ਨੇ ਪੰਜਾਬ ਦੇ ਉਹਨਾਂ ਸ਼ਹੀਦ ਸਪੂਤਾਂ ਦੀ ਯਾਦਗਾਰ ਬਣਾਉਣ ਲਈ ਲੁਧਿਆਣੇ ਵਿਚ ਸ਼ਹੀਦੀ ਸਥਾਨ ਵਾਲੀ ਜ਼ਮੀਨ ਅਰਪਣ ਕੀਤੀ ਤੇ ਅੰਮ੍ਰਿਤਸਰ ਵਿੱਚ ਵੀ ਹੋਰ ਜ਼ਮੀਨ ਦਿੱਤੀ। ਇਸ ਤੋਂ ਇਲਾਵਾ ਸਮਾਰਕ ਬਨਾਉਣ ਲਈ ਸਰਕਰ ਵਲੋਂ ਮਾਈਕ ਸਹਾਇਤਾ ਵੀ ਭੇਂਟ ਕੀਤੀ।

**ਰਾਈਆਂ ਮੁੜ ਮਿਲਿਆ:** ਪਿੰਡ ਰਾਈਆਂ ਜੋ ਕਿ ਭੈਣੀ ਸਾਹਿਬ ਦੇ ਨਾਲ-ਨਾਲ ਲਗਦਾ ਹੈ ਅਤੇ ਜਿੱਥੇ ਸਤਿਗੁਰੂ ਰਾਮ ਸਿੰਘ ਜੀ ਦਾ ਸੰਨ 1816 ਈ. ਵਿੱਚ ਪ੍ਰਕਾਸ਼ ਹੋਇਆ ਸੀ। ਉਹ ਸਥਾਨ ਵੀ ਕਾਫ਼ੀ ਲੰਮੀ ਅਦਾਲਤੀ ਜੱਦੋ ਜਹਿਦ ਤੋਂ ਬਾਅਦ ਨਾਮਧਾਰੀਆਂ ਦੇ ਗੁਰਦੁਆਰੇ ਦੇ ਕਬਜ਼ੇ ਲਈ ਹਾਸਿਲ ਕੀਤਾ। ਕਬਜ਼ਾ ਲੈਣ ਸਮੇਂ



Sri Satguru Jagjit Singh Ji eLibrary NamdhariElibrary@gmail.com

ਪਹਿਲੇ ਕਾਬਜ਼ਾਂ ਨੂੰ ਇਕ ਸ਼ਾਨਦਾਰ ਸਮਾਰੋਹ ਵਿੱਚ ਧਨ, ਮਾਲ ਤੇ ਕਾਰ ਨਾਲ ਸਨਮਾਨਿਤ ਕਰਕੇ ਇਸ ਥਾਂ ਤੋਂ ਵਿਦਾ ਕੀਤਾ। ਇਸ ਵੇਲੇ ਉਸ ਪ੍ਰਕਾਸ਼ ਸਥਾਨ ਤੇ ਭਜਨ ਬੰਦਗੀ ਦਾ ਪ੍ਰਵਾਹ ਚੱਲ ਰਿਹਾ ਹੈ ਅਤੇ ਤੀਰਥ ਰੂਪ ਵਿੱਚ ਜਾਣਿਆ ਜਾਂਦਾ ਹੈ।

**ਲੋੜਵੰਦਾਂ ਦੀ ਮਦਦ :** ਸ੍ਰੀ ਭੈਣੀ ਸਾਹਿਬ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਇੱਕ ਬਿਰਧ-ਸ਼ਾਲਾ ਬਣਵਾਈ ਹੈ ਜਿੱਥੇ ਜੀਵਨ ਦੇ ਅੰਤਿਮ ਪਹਿਰ ਵਿੱਚ ਬਿਰਧ ਲੋਕ ਆ ਕੇ ਨਿਵਾਸ ਕਰਦੇ ਹਨ। ਉਹਨਾਂ ਦੀ ਸੇਵਾ ਹੁੰਦੀ ਹੈ, ਦਵਾ-ਦਾਰੂ ਹੁੰਦਾ ਹੈ ਤੇ ਇਸ ਅਵਸਥਾ ਵਿਚ ਭਜਨ ਬੰਦਗੀ ਦਾ ਖੁੱਲ੍ਹਾ ਅਵਸਰ ਮਿਲਦਾ ਹੈ।

ਬਿਰਧਾਂ ਦੀ ਸੇਵਾ ਤੋਂ ਬਿਨਾਂ ਸਤਿਗੁਰੂ ਜੀ ਨੇ ਕਿਸੇ ਵੀ ਉਮਰ ਦੇ ਤੇ ਕਿਸੇ ਵੀ ਧਰਮ ਤੇ ਸੰਪਰਦਾਏ ਦੇ ਬੇਸਹਾਰਾਂ ਬੀਮਾਰਾਂ ਵੱਲ ਵੀ ਉਚੇਚਾ ਧਿਆਨ ਦਿੰਦੇ ਹਨ ਤੇ ਉਹਨਾਂ ਦੀ ਚੰਗੇ ਹਸਪਤਾਲਾਂ ਵਿਚ ਖਰਚ ਖੇਚਲ ਕਰਕੇ ਇਲਾਜ ਦੀ ਵਿਵਸਥਾ ਕੀਤੀ ਜਾਂਦੀ ਹੈ।

**ਨਾਮ ਜਪਾਉਣਾ:** ਅਧਿਆਤਮਕ ਪੱਖ ਤੋਂ ਸਤਿਗੁਰੂ ਜੀ ਦੇ ਜਿਸ ਇਕ ਮੁੱਖ ਕੰਮ ਦੀ ਪਰੰਪਰਾ ਚਲਦੀ ਆ ਰਹੀ ਹੈ। ਉਹ ਕੰਮ ਹੈ ਨਾਮ ਜਪਣਾ ਤੇ ਜਪਾਉਣਾ। ਆਪ ਦਾ ਦਿਨ ਤੜਕੇ ਅੰਮ੍ਰਿਤ ਵੇਲੇ ਦੋ ਵਜੇ ਤੋਂ ਸ਼ੁਰੂ ਹੋ ਜਾਂਦਾ ਹੈ। ਨਿੱਤ ਕਿਰਿਆ, ਇਸ਼ਨਾਨ, ਕਸਰਤ ਤੋਂ ਬਾਅਦ ਨਾਮ ਜਪਣਾ ਤੇ ਬਾਣੀ ਪੜ੍ਹਨਾ ਤੇ ਫਿਰ ਆਸਾ ਦੀ ਵਾਰ ਦਾ ਕੀਰਤਨ ਰੂਪ ਵਿੱਚ ਸੁਣਨਾ ਨਿੱਤ ਦਾ ਕਾਰਜਕਰਮ ਹੈ। 'ਅਲਪ ਅਹਾਰ ਸੁਲਪ ਸੀ ਨਿੰਦਾ' ਗੁਰੂ ਵਾਕ ਅਨੁਸਾਰ ਆਪ ਕੇਵਲ ਤਿੰਨ ਕੁ ਘੰਟੇ ਸੌਂਦੇ ਤੇ ਬਹੁਤ ਹਲਕਾ ਤੇ ਘੱਟ ਖਾਂਦੇ ਹਨ। ਸ਼ਾਮ ਨੂੰ ਆਪ ਜਿੱਥੇ ਵੀ ਹੋਣ ਸੰਗਤ ਨਾਲ ਰਲ਼ ਕੇ ਇਕ ਘੰਟਾ ਸਿਮਰਨ ਕਰਦੇ ਤੇ ਕੀਰਤਨ ਦੀਵਾਨ ਵਿਚ ਸੰਗਤ ਨੂੰ ਦਰਸ਼ਨ ਦਿੰਦੇ ਹਨ। ਇਸ ਤੋਂ ਇਲਾਵਾ ਰੋਜ਼ ਸੈਕੜਿਆਂ ਲੋਕਾਂ ਨੂੰ ਦਰਸ਼ਨ ਦੇ ਕੇ ਉਹਨਾਂ ਦੀਆਂ ਸਮੱਸਿਆਵਾਂ ਦਾ ਸਮਾਧਾਨ ਕਰਦੇ ਹਨ। ਦੇਸ਼ ਵਿਦੇਸ਼ ਦੀ ਸੰਗਤ ਨੂੰ ਨਾਮ ਜਪਾਉਣਾ ਦਾ ਜੋ ਇਕ ਹੋਰ ਵੱਡਾ ਸਿਲਸਿਲਾ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ਼ੁਰੂ ਕੀਤਾ ਹੈ, ਉਹ ਸਿਲਸਿਲਾ ਹੈ ਅਖੰਡ-ਵਰਨੀਆਂ ਦਾ। ਆਪੇ ਇਸ ਕੰਮ ਲਈ ਹੁਕਮ ਦਿੰਦੇ ਹਨ ਤੇ ਪ੍ਰੇਰਨਾ ਵੀ ਕਰਦੇ ਹਨ ਤੇ ਹਰ ਸ਼ਹਿਰ, ਹਰ ਪਿੰਡ ਵਿਚ ਨਾਮ ਸਿਮਰਨ ਦੀਆਂ "ਅਖੰਡ-ਵਰਨੀਆਂ" ਚੱਲ ਰਹੀਆਂ ਹਨ। ਨਾਮਧਾਰੀ ਸੰਗਤ ਆਪਣੀ ਆਦਮ ਗਿਣਤੀ ਅਨੁਸਾਰ ਰੌਲ਼ ਸਮਾਂ ਨੀਯਤ ਕਰ ਲੈਂਦੀ ਹੈ। ਕਿਤੇ ਇਕ ਘੰਟੇ ਦੀ ਰੌਲ਼ ਹਿੱਸੇ ਆਉਂਦੀ ਹੈ ਤੇ ਕਿਤੇ ਦੋ ਘੰਟਿਆਂ ਦੀ ਤੇ ਕਿਤੇ ਇਸ ਤੋਂ ਵੀ ਵੱਧ ਦੀ।

ਕਈ ਥਾਵਾਂ ਤੇ ਤਾਂ ਛੇ ਤੋਂ ਅੱਠ ਘੰਟੇ ਰੋਜ਼ ਨਾਮ ਦਾ ਯੁੱਗ ਚੱਲ ਰਿਹਾ ਹੈ। ਉਹਨਾਂ ਵਰਨੀਆਂ ਦੇ ਆਸਰੇ ਹਰ ਨਾਮਧਾਰੀ ਮਾਈ, ਭਾਈ, ਬੁੱਢਾ, ਬਾਲ ਇਸ ਨਾਮ ਯੱਗ ਵਿਚ ਹਿੱਸਾ ਲੈਂਦਾ ਹੈ। ਵਰਨੀਆਂ ਦਾ ਸਿਲਸਿਲਾ ਵਿਦੇਸ਼ਾਂ ਵਿੱਚ ਵੱਸਦੇ ਨਾਮਧਾਰੀਆਂ ਵਿਚ ਵੀ ਆਪ ਨੇ ਸ਼ੁਰੂ ਕਰ ਦਿੱਤਾ ਹੈ। ਇਸ ਵੇਲੇ ਥਾਈਲੈਂਡ ਵਿਚ ਨਾਮ ਦੀ ਅਖੰਡ-ਵਰਨੀ ਚੱਲ ਰਹੀ ਹੈ।

**ਵਿਦੇਸ਼ਾਂ ਵਿਚ:** ਥਾਈਲੈਂਡ ਦੇ ਅਫ਼ਰੀਕਾ ਦੇਸ਼ਾਂ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਚਰਨ ਪਾਉਂਦੇ ਤੇ ਸੰਗਤ ਨੂੰ ਦਰਸ਼ਨ ਦਿੰਦੇ ਰਹਿੰਦੇ ਸਨ। ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪੂਰਨਿਆਂ 'ਤੇ ਚੱਲਦਿਆਂ ਹੋਇਆਂ ਇਸ ਕਾਰਜ ਨੂੰ ਇੰਗਲੈਂਡ, ਕਨੇਡਾ ਤੇ ਅਮਰੀਕਾ ਤੱਕ ਵਧਾ ਲਿਆ ਹੈ। ਆਪ ਅਕਸਰ


Sri Satguru Jagjit Singh Ji eLibrary NamdhariElibrary@gmail.com

ਇਹਨਾਂ ਦੇਸ਼ਾਂ ਵਿਚ ਜਾਂਦੇ, ਸਿੱਖ ਸੰਗਤਾਂ ਨੂੰ ਦਰਸ਼ਨ ਦਿੰਦੇ ਤੇ ਨਾਮ ਸਿਮਰਨ ਵਾਲੇ ਪਾਸੇ ਲਗਾਉਂਦੇ ਹਨ।

**ਵਿਦਿਅਕ ਜਥਾ:** ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਸਮੇਂ ਵਿਚ ਜੋ ਇਕ ਬਹੁਤ ਹੀ ਮਹਤੱਵਪੂਰਨ ਕਾਰਜ ਕੀਤਾ ਹੈ ਉਹ ਹੈ ਨਵੀਂ ਪੀੜ੍ਹੀ ਦੇ ਨੌਜਵਾਨਾਂ ਨੂੰ ਗੁਰਮੁੱਖ ਜੀਵਨ ਜਿਉਣ ਵਾਲੇ ਪਾਸੇ ਲਗਾਉਣਾ। ਆਪ ਨੇ ਸੰਨ 1962 ਸਮੇਂ ਸ਼੍ਰੀ ਭੈਣੀ ਸਾਹਿਬ ਅੰਦਰ ਸਾਰੇ ਨੌਜਵਾਨਾਂ ਨੂੰ ਬੁਲਾ ਕੇ ਉਹਨਾਂ ਦਾ ਇਕ ਸੰਗਠਨ ਬਣਾਇਆ। ਉਸ ਸੰਗਠਨ ਦਾ ਨਾਮ ਰੱਖਿਆ "ਨਾਮਧਾਰੀ ਵਿਦਿਅਕ ਜਥਾ।"

ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਤੋਂ ਬਾਅਦ ਸ਼ਾਇਦ ਉਹ ਪਹਿਲਾ ਮੌਕਾ ਸੀ। ਜਦੋਂ ਭੈਣੀ ਸਾਹਿਬ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਪੜ੍ਹੇ ਲਿਖੇ ਨਾਮਧਾਰੀ ਨੌਜਵਾਨਾਂ ਨੂੰ ਬੁਲਾ ਕੇ ਨਾਮਧਾਰੀ ਇਤਿਹਾਸ, ਕੂਕਾ ਅੰਦੋਲਨ ਤੇ ਆਜ਼ਾਦੀ ਤੋਂ ਬਾਅਦ ਦੀਆਂ ਪ੍ਰਸਥਿਤੀਆਂ ਵਿੱਚੋਂ ਉਪਜੇ ਸਵਾਲਾਂ ਨੂੰ ਉਹਨਾਂ ਨਾਲ ਸਾਂਝਿਆਂ ਕੀਤਾ। ਇਹਨਾਂ ਨੌਜਵਾਨਾਂ ਦੇ ਮੁੱਖੋਂ ਇਹ ਜਾਨਣ ਦੀ ਕੋਸ਼ਿਸ਼ ਕੀਤੀ ਕਿ ਉਹ ਇਸ ਸਭ ਬਾਰੇ ਕਿਵੇਂ ਸੋਚਦੇ ਹਨ। ਕੀ ਉਹਨਾਂ ਦੇ ਕੋਈ ਸ਼ੰਕੇ ਹਨੈ ਕੋਈ ਸਵਾਲ ਹਨੈ ਨਾਮਧਾਰੀ ਸਮਾਜ ਦੀ ਉੱਨਤੀ ਬਾਰੇ ਕੋਈ ਤਜਵੀਜ਼ਾਂ ਹਨ। ਇਹਨਾਂ ਨੌਜਵਾਨਾਂ ਨਾਲ ਉਹ ਬੈਠਕ ਹੀ ਕੁਝ ਸਮੇਂ ਨਾਮਧਾਰੀ ਵਿੱਦਿਅਕ ਜਥੇ ਦੀ ਕਾਇਮੀ ਦਾ ਆਧਾਰ ਬਣੀ।

ਉਦੋਂ ਤੋਂ ਵਿੱਦਿਅਕ ਜਥੇ ਦੇ ਮੈਂਬਰ ਹਰ ਸਾਲ ਕਿਸੇ ਨਾ ਕਿਸੇ ਸਥਾਨ ਤੇ ਆਪਣਾ ਸੰਮੇਲਨ ਕਰਦੇ ਹਨ। ਸੰਮੇਲਨ ਵਿਚ ਨਾਮ ਸਿਮਰਨ ਤੇ ਕਥਾ ਕੀਰਤਨ ਤੋਂ ਇਲਾਵਾ ਕਈ ਤਰ੍ਹਾਂ ਦੇ ਕਾਰਜ ਕਰਮ ਰੱਖੇ ਜਾਂਦੇ ਹਨ। ਉਹਨਾਂ ਕਾਰਜ ਕਰਮਾਂ ਵਿੱਚ ਗੁਰਮਤਿ ਸਬੰਧੀ ਲੇਖ ਮੁਕਾਬਲੇ, ਭਾਸ਼ਨ ਮੁਕਾਬਲੇ, ਆਦਿ ਸ਼੍ਰੀ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਦੇ ਸ਼ੁੱਧ ਪਾਠ ਮੁਕਾਬਲੇ, ਕਾਦਯ ਤੇ ਕੰਠ ਸੰਗੀਤ ਦੇ ਮੁਕਾਬਲੇ ਅਤੇ ਖੇਡਾਂ ਦੇ ਮੁਕਾਬਲੇ ਹੁੰਦੇ ਹਨ। ਇਹਨਾਂ ਤੋਂ ਬਿਨਾਂ ਦਸਤਾਰ ਬੰਨ੍ਹਣ ਦੇ ਮੁਕਾਬਲੇ ਵੀ ਹੁੰਦੇ ਹਨ ਤੇ ਗੁਰਮਤਿ ਬਾਰੇ ਸਵਾਲ ਜਵਾਬ ਵੀ ਹੁੰਦੇ ਹਨ।

**ਸੰਗੀਤ:** ਸਤਿਗੁਰੂ ਜਗਜੀਤ ਸਿੰਘ ਜੀ ਨੂੰ ਬਚਪਨ ਤੋਂ ਹੀ ਆਪ ਜੀ ਦੇ ਪਿਤਾ ਸ਼੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ਼ਾਸ਼ਤਰੀ ਸੰਗੀਤ ਦੀ ਸਿੱਖਿਆ ਦਿਵਾਈ ਸੀ। ਉਸ ਵੇਲੇ ਦੀ ਆਰੰਭਕ ਸੰਗੀਤ ਸਿੱਖਿਆ ਕਾਰਨ ਆਪ ਦੇ ਸੰਸਕਾਰਾਂ ਵਿੱਚ ਸੰਗੀਤ ਨੇ ਇਕ ਇਹੋ ਜਿਹਾ ਪ੍ਰਭਾਵ ਜਮਾਇਆ ਹੈ ਕਿ ਸੰਗੀਤ ਤੋਂ ਬਿਨਾਂ ਆਪ ਜੀਵਨ ਦੀ ਕਲਪਨਾ ਵੀ ਨਹੀਂ ਕਰ ਸਕਦੇ। ਸ਼ਾਸ਼ਤਰੀ ਸੰਗੀਤ ਦੇ ਰਾਗਾਂ, ਧੁਨਾਂ ਤੇ ਤਾਲਾਂ ਵਿੱਚ ਆਪ ਨੇ ਵਿਸ਼ੇਸ਼ ਪ੍ਰਕਾਰ ਦਾ ਦਖਲ ਹਾਸਿਲ ਕਰ ਲਿਆ ਹੈ। ਆਪ ਦੇ ਦਰਬਾਰ ਵਿੱਚ ਸਤਿਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਚੱਲੀਆਂ ਆ ਰਹੀਆਂ ਧੁਨਾਂ ਤੇ ਰੀਤਾਂ ਅਨੁਸਾਰ ਗੁਰਬਾਣੀ ਦਾ ਕੀਰਤਨ ਹੁੰਦਾ ਹੈ। ਆਪ ਗਾਉਂਦੇ ਤੇ ਸੁਣਦੇ ਨਾ ਸਿਰਫ਼ ਅੱਕਦੇ ਥੱਕਦੇ ਨਹੀਂ ਸਗੋਂ ਆਪ ਇੰਝ ਮਹਿਸੂਸ ਕਰਦੇ ਹਨ ਕਿ ਆਪ ਦਾ ਥਕੇਵਾਂ ਤੇ ਛੋਟੇ ਮੋਟੇ ਸਰੀਰਕ ਕਸ਼ਟ ਵੀ ਸੰਗੀਤ ਦੇ ਮਾਹੌਲ ਵਿਚ ਹੀ ਦੂਰ ਹੁੰਦੇ ਹਨ। ਆਪ ਅਕਸਰ ਭਾਰਤ ਦੇ ਪ੍ਰਸਿੱਧ ਸੰਗੀਤਕਾਰਾਂ ਨੂੰ ਸੁਣਦੇ ਤੇ ਆਪ ਗਾ ਕੇ ਸੁਣਾਉਂਦੇ ਹਨ।

ਆਪ ਜੀ ਦੇ ਸੰਗੀਤ ਦਰਬਾਰ ਦੀ ਸ਼ੋਭਾ ਵਿੱਚ ਉਸਤਾਦ ਭਾਈ ਹਰਨਾਮ ਸਿੰਘ ਜੀ, ਊਧੋ ਖਾਂ ਸਾਹਿਬ, ਭਾਈ ਕਾਲੂ ਜੀ, ਭਾਈ ਨਸੀਰ ਜੀ, ਭਾਈ ਤਾਬਾ ਜੀ, ਪੰਡਿਤ



Sri Satguru Jagjit Singh Ji eLibrary NamdhariElibrary@gmail.com

ਮਹਾਂਦੇਵ ਕੱਥਕ, ਉਸਤਾਦ ਵਲਾਇਤ ਖਾਂ, ਉਸਤਾਦ ਅਮਜਦ ਅਲੀ ਖਾਂ, ਉਸਤਾਦ ਬਿਸਮਿਲਾਂ ਖਾਂ, ਹਰੀ ਪ੍ਰਸ਼ਾਦ ਚੌਰਸੀਆ, ਪੰਡਿਤ ਸ਼ਿਵ ਕੁਮਾਰ ਸ਼ਰਮਾ, ਪੰਡਿਤ ਕਿਸ਼ਨ ਮਹਾਰਾਜ, ਪੰਡਿਤ ਸਾਮਤਾ ਪ੍ਰਸ਼ਾਦ, ਮਿਸ਼ਰਾ ਬੰਧੂ ਰਾਜਨ ਸਾਜਨ, ਉਸਤਾਦ ਪਿਆਰਾ ਸਿੰਘ, ਪੰਡਿਤ ਰਾਮ ਨਰਾਇਣ, ਪੰਡਿਤ ਬਿਰਜੂ ਮਹਾਰਾਜ, ਉਸਤਾਦ ਮਹਿੰਦਰ ਸਿੰਘ ਆਦਿ ਨੇ ਆਪਣਾ ਹਿੱਸਾ ਪਾਇਆ ਹੈ।

ਸੰਗੀਤ ਵਿਧਾ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦਾ ਇਕ ਵਿਸ਼ੇਸ਼ ਸ਼ੌਕ ਵੀ ਹੈ ਅਤੇ ਦਖ਼ਲ ਵੀ। ਆਪ ਜੀ ਦੀ ਸ਼ਾਸ਼ਤਰੀ ਸੰਗੀਤ ਪ੍ਰਤੀ ਲਗਨ ਇਸ ਹੱਦ ਤੱਕ ਪੁੱਜ ਗਈ ਹੈ ਕਿ ਆਪ ਸ਼ਬਦਾਂ ਦੀਆਂ ਧੁਨਾਂ ਦੀ ਖ਼ੁਦ ਸਿਰਜਣਾ ਕਰਦੇ, ਵੱਖ-ਵੱਖ ਰਾਗਾਂ ਵਿੱਚ ਪ੍ਰਚੱਲਤ ਤਾਲ ਤੇ ਮਾਤਰਾਵਾਂ ਤੋਂ ਅਲੱਗ ਹੱਟ ਕੇ ਘੱਟ ਜਾਂ ਵੱਧ ਮਾਤਰਾਵਾਂ ਵਿਚ ਧੁਨਾਂ ਬਣਾਉਂਦੇ ਹਨ। ਜਿਵੇਂ ਕਿ ਪ੍ਰਚੱਲਤ ਬਾਰਾਂ ਜਾਂ ਚੌਦਾਂ ਮਾਤਰਾ ਦੀ ਥਾਂ ਆਪ ਪੌਣੇ ਬਾਰਾਂ ਜਾਂ ਸਵਾ ਚੌਦਾਂ ਮਾਤਰਾ ਵਿੱਚ ਧੁਨਾਂ ਦੀ ਸਿਰਜਣਾ ਕਰਦੇ ਤਾਲ ਬਣਾਉਂਦੇ ਜਾਂ ਮਿਲਾਉਂਦੇ, ਪ੍ਰਸਿੱਧ ਸੰਗੀਤਕਾਰਾਂ ਨੂੰ ਸੁਣਾਉਂਦੇ ਅਤੇ ਨਾਮਧਾਰੀ ਸੰਗੀਤ ਸਿੱਖਿਆ ਰਸੀਆਂ ਨੂੰ ਸਿਖਾਉਂਦੇ ਹਨ।

ਆਪ ਨੇ ਅਨੇਕਾਂ ਨਾਮਧਾਰੀ ਬੱਚਿਆਂ ਨੂੰ ਭਾਰਤ ਦੇ ਸਭ ਤੋਂ ਪ੍ਰਸਿੱਧ ਸੰਗੀਤ ਗੁਰੂਆਂ ਵਲੋਂ ਸਿੱਖਿਆ ਦਿਵਾਉਣ ਦੀ ਵਿਵਸਥਾ ਕੀਤੀ ਹੈ ਜਿਸ ਲਈ ਆਪ ਲੱਖਾਂ ਰੁਪਏ ਖਰਚ ਕਰਦੇ ਹਨ। ਸ਼੍ਰੀ ਭੈਣੀ ਸਾਹਿਬ ਵਿਚ ਵੀ ਬੱਚਿਆਂ ਬੱਚੀਆਂ ਨੂੰ ਸੰਗੀਤ ਸਿੱਖਿਆ ਸਿਖਾਈ ਜਾਂਦੀ ਹੈ। ਉਹਨਾਂ ਨੂੰ ਉਸਤਾਦ ਹਰਭਜਨ ਸਿੰਘ ਤੇ ਉਸਤਾਦ ਮਹਿੰਦਰ ਸਿੰਘ ਅੰਮ੍ਰਿਤਸਰ ਵਾਲੇ ਸੰਗੀਤ ਸਿੱਖਿਆ ਦੇ ਰਹੇ ਹਨ। ਇੰਝ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ਼ਾਸ਼ਤਰ ਤੰਤੀ ਸਾਜ਼, ਸੰਗੀਤ ਤੇ ਕੰਠ ਸੰਗੀਤ ਵਾਲੇ ਕਈ ਗਰੁੱਪ ਤਿਆਰ ਕਰਵਾ ਦਿੱਤੇ ਹਨ ਜੋ ਗੁਰਬਾਣੀ ਦਾ ਕੀਰਤਨ ਵੀ ਕਰਦੇ ਹਨ ਤੇ ਵਾਦਯ ਯੰਤਰਾਂ ਰਾਹੀਂ ਆਪਣੀ ਕਲਾ ਦਾ ਪ੍ਰਦਰਸ਼ਨ ਵੀ ਕਰਦੇ ਹਨ। ਵਿਦੇਸ਼ਾਂ ਵਿੱਚ ਬੱਚਿਆਂ ਨੂੰ ਸੰਗੀਤ ਸਿਖਾਉਣ ਦੀ ਅਤੇ ਗੁਰਮਤਿ ਸੰਗੀਤ ਦੇ ਗੁਣ ਗਾਉਣ ਦੀ ਵਿਵਸਥਾ ਕੀਤੀ ਹੈ।

ਭਾਰਤੀ ਸੰਗੀਤ ਦੀ ਐਸੀ ਵਿਵਿਧ ਰੂਪ ਤਾਂ ਅਲੱਗ-ਅਲੱਗ ਸੰਗੀਤ ਘਰਾਨਿਆਂ ਦੇ ਐਸਾ ਸੰਗਮ ਕੇਵਲ ਭੈਣੀ ਸਾਹਿਬ ਵਿੱਚ ਹੀ ਸੰਭਵ ਹੋ ਸਕਦਾ ਹੈ, ਕਿਉਂਕਿ ਭੈਣੀ ਸਾਹਿਬ ਦਾ ਸੰਗੀਤ ਕਲਾਂ ਕੇਂਦਰ ਅਜਾਤ ਹੈ, ਅਮਜ਼ਹਬ ਹੈ ਜਾਂ ਇਉਂ ਕਹਿ ਲਵੋ ਕਿ ਭੈਣੀ ਸਾਹਿਬ ਵਿਚ ਸੰਗੀ ਦਾ ਇਕ ਦਰਿਆ ਵਹਿੰਦਾ ਹੈ ਜਿਸ ਵਿਚ ਸਭ ਸੰਗੀਤ ਗੁਰੂਆਂ ਦੇ ਕੰਠ ਤਾਨਪੂਰੇ, ਸਿਤਾਰ, ਸਰੋਦ, ਦਿਲਰੁਬਾ, ਬਾਂਸੁਰੀ, ਸਾਰੰਗੀ, ਪਖਾਵਜ, ਸੰਤੂਰ ਆਦਿ ਵਿਚ ਨਿਕਲਦੇ ਸੁਰਾਂ ਨੇ ਪਵਿੱਤਰ ਇਸ਼ਨਾਨ ਕੀਤਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਸਤਿਗੁਰੂ ਅਰਜਨ ਦੇਵ ਜੀ ਦੇ ਵੇਲੇ ਹੋਏ ਰਬਾਬੀਆਂ ਦੇ ਪਰੰਪਰਾਗਤ ਖ਼ਜ਼ਾਨੇ ਤੋਂ ਲੈ ਕੇ ਹੁਣ ਤੱਕ ਦੀ ਸ਼ਾਨਦਾਰ ਸੰਗੀਤ ਵਿਰਾਸਤ ਨੂੰ ਸਭ ਨਾਲ ਸਾਂਝਿਆਂ ਕਰਦੇ, ਇਕ ਐਸੇ ਸਰੂਪ ਵਿਚ ਮੌਜੂਦ ਹਨ ਜਿਸ ਨੂੰ ਕੇਵਲ ਨਾਦ ਰੂਪ ਹੀ ਆਖਿਆ ਜਾ ਸਕਦਾ ਹੈ।

**ਖੇਡਾਂ:** ਪਿਛਲੇ ਦੋ ਦਹਾਕਿਆਂ ਤੋਂ ਹੀ ਸਤਿਗੁਰੂ ਜੀ ਨਾਮਧਾਰੀ ਨੌਜਵਾਨਾਂ ਉੱਪਰ ਇਕ ਪ੍ਰਯੋਗ ਕਰ ਰਹੇ ਹਨ। ਉਹਨਾਂ ਨੂੰ ਖੇਡਣ ਦੀ ਪ੍ਰੇਰਨਾ ਦੇਣੀ, ਚੰਗੇ ਉਸਤਾਦ ਖਿਡਾਰੀਆਂ ਕੋਲੋਂ ਹਾਕੀ, ਬੈਡਮਿੰਟਨ ਤੇ ਕਬੱਡੀ ਆਦਿ ਦੀ ਸਿੱਖਿਆ ਦਿਵਾਉਣੀ।



Sri Satguru Jagjit Singh Ji eLibrary NamdhariElibrary@gmail.com

ਇਸ ਪ੍ਰਯੋਗ ਦੇ ਨਤੀਜੇ ਵਜੋਂ ਨਾਮਧਾਰੀ ਹਾਕੀ ਟੀਮ ਨੇ ਭਾਰਤ ਅਤੇ ਭਾਰਤ ਤੋਂ ਬਾਹਰ ਆਪਣੀ ਖੇਡ ਕਲਾ ਦੇ ਜ਼ੌਹਰ ਵਿਖਾ ਕੇ ਸਨਮਾਨ ਖੱਟਿਆ ਹੈ। ਨਾਮਧਾਰੀ ਹਾਕੀ ਟੀਮ ਭਾਰਤ ਦੁਨੀਆਂ ਦੇ ਕਿਸੇ ਵੀ ਚੰਗੀ ਤੋਂ ਚੰਗੀ ਟੀਮ ਦੇ ਮੁਕਾਬਲੇ ਵਿਚ ਖੇਡਦੀ ਹੈ ਅਤੇ ਜਿੱਤਾਂ ਹਾਸਿਲ ਕਰਦੀ ਹੈ। ਨਾਮਧਾਰੀ ਹਾਕੀ ਟੀਮ ਦੇ ਖਿਡਾਰੀ ਓਲਪਿੰਕ ਟੀਮ ਵਿਚ ਵੀ ਗਏ ਹਨ ਤੇ ਉਹਨਾਂ ਨੇ ਨਾਮ ਰੋਸ਼ਨ ਕੀਤਾ ਹੈ। ਇਸ ਨਾਮਧਾਰੀ ਟੀਮ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਹ ਆਪਣੇ ਗੁਰਮੁਖੀ ਬਾਣੇ ਵਿਚ ਹੀ ਮੈਚ ਖੇਡਦੀ ਹੈ। ਸਿੱਧੀ ਦਸਤਾਰ, ਬੁਨਿਆਨ ਤੇ ਲੱਕ ਗੁਰਸਿੱਖਾਂ ਵਾਲੇ ਕਛਹਿਰੇ ਨਾਲ। ਪੂਰਨ ਸ਼ਾਕਾਹਾਰੀ ਤੇ ਗੁਰਮੁਖੀ ਸਫ਼ੇਦ ਬਾਣੇ ਵਾਲੀ ਇਹ ਟੀਮ ਜਦੋਂ ਮੈਦਾਨ ਵਿਚ ਉਤਰਦੀ ਹੈ ਤਾਂ ਇਸ ਦੀ ਦਿੱਖ ਸਭ ਟੀਮਾਂ ਨਾਲੋਂ ਨਿਆਰੀ ਹੁੰਦੀ ਹੈ।

**ਸਾਹਿਤ:-** ਸਤਿਗੁਰੂ ਜਗਜੀਤ ਸਿੰਘ ਜੀ ਨੇ ਗੁਰਮਤਿ ਸਾਹਿਤ ਵੱਲ ਉਚੇਚਾ ਧਿਆਨ ਦਿੱਤਾ ਹੈ। ਗੁਰਬਾਣੀ, ਗੁਰਮਤਿ ਸਤਿਗੁਰੂ ਸਾਹਿਬਾਨ ਤੇ ਸੰਤਾਂ ਦੇ ਜੀਵਨ ਨਾਲ ਸੰਬੰਧਤ ਕਈ ਸਾਰੀਆਂ ਪੰਜਾਬੀ, ਹਿੰਦੀ, ਅੰਗਰੇਜ਼ੀ ਪੁਸਤਕ ਆਪ ਦੇ ਸਮੇਂ ਵਿੱਚ ਹੀ ਲਿਖੀਆਂ ਗਈਆਂ ਤੇ ਛੱਪ ਕੇ ਪਾਠਕਾਂ ਦੇ ਹੱਥਾਂ ਵਿਚ ਪੁੱਜ ਚੁੱਕੀਆਂ ਹਨ। ਨਾਮਧਾਰੀ ਮਤ ਅਨੁਸਾਰ ਛੱਪਣ ਵਾਲੇ ਪੱਤਰਾਂ ਜਿਵੇਂ ਮਾਸਿਕ "ਵਰਿਆਮ", ਸਪਤਾਹਿਕ "ਵਰਤਮਾਨ ਹਿੰਦੋਸਤਾਨ" ਆਦਿ ਦੀ ਆਪ ਸਹਾਇਤਾ ਕਦੇ ਹਨ। ਨਾਮਧਾਰੀ ਪੰਥ ਦੀ ਨਿੱਜੀ ਸਪਤਾਹਿਕ "ਸਤਿਯੁੱਗ" ਨੂੰ ਆਪ ਨੇ ਦਿੱਲੀ ਤੋਂ ਪ੍ਰਕਾਸ਼ਿਤ ਕਰਵਾਉਣਾ ਸ਼ੁਰੂ ਕੀਤਾ ਹੈ।

ਸਾਹਿਤ ਨਾਲ ਆਪ ਜੀ ਦਾ ਮੋਹ ਦੱਸਦਾ ਹੈ ਕਿ 1983 ਈ. ਵਿਚ ਵਿਸ਼ਵ ਪੰਜਾਬੀ ਕਾਨਫਰੰਸ ਦਾ ਤੀਸਰਾ ਸਮਾਗਮ ਹੋਇਆ ਹੈ ਜੋ ਕਿ ਬੈਂਕੌਕ ਥਾਈਲੈਂਡ ਵਿਖੇ ਹੋਇਆ ਸੀ। ਉਸ ਕਾਨਫਰੰਸ ਦੀ ਸਰਪ੍ਰਸਤੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਿੱਸੇ ਆਈ ਸੀ ਅਤੇ ਉਸ ਤੋਂ ਬਾਅਦ ਵਿਸ਼ਵ ਪੰਜਾਬੀ ਕਾਨਫਰੰਸ ਦਾ ਚੌਥਾ ਸਮਾਗਮ ਸੰਨ 1993 ਵਿਚ ਦਿੱਲੀ ਵਿਖੇ ਸਮਾਗਮਾਂ ਰਾਹੀਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਵਲੋਂ ਆਰੰਭ ਕੀਤੇ ਪੰਜਾਬੀ ਬੋਲੀ, ਪੰਜਾਬੀ ਸਾਹਿਤ ਤੇ ਪੰਜਾਬੀ ਸੱਭਿਆਚਾਰ ਦੀ ਉੱਨਤੀ ਵਾਲੇ ਕਾਰਜ ਨੂੰ ਅਗਾਂਹ ਵਧਾਉਣ ਦਾ ਕੰਮ ਕੀਤਾ ਹੈ। ਪੰਜਾਬੀ ਸਾਹਿਤ ਦੇ ਅਨੇਕਾਂ ਰਚਨਾਕਾਰਾਂ ਨੂੰ ਭਾਵੇਂ ਉਹ ਨਾਮਧਾਰੀ ਹਨ ਜਾਂ ਕਿਸੇ ਵੀ ਮੱਤ ਦੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਆਸ਼ੀਰਵਾਦ, ਪ੍ਰੇਰਨਾ ਤੇ ਸਹਾਇਤਾ ਹਾਸਿਲ ਰਹਿੰਦੀ ਹੈ। ਇਸ ਨਾਲ ਸਤਿਗੁਰੂ ਸਾਹਿਬਾਨ ਦੀ ਬਾਣੀ ਅਨੁਸਾਰ ਸਰਬ ਸਾਂਝੀ ਲੋਕ ਕਲਿਆਣ ਦੀ ਭਾਵਨਾ ਦਾ ਵਿਕਾਸ ਹੁੰਦਾ ਹੈ ਤੇ ਲੇਖਕ ਸੌੜੀ ਰਾਜਨੀਤੀ ਤੋਂ ਉੱਪਰ ਉੱਠਣ ਦੀ ਕੋਸ਼ਿਸ਼ ਕਰਦੇ ਹਨ।

ਕੋਈ ਵੀ ਸਾਤਿਹ ਸਭਾ ਜਾਂ ਸਾਹਿਤ ਕੇਂਦਰ ਸ੍ਰੀ ਭੈਣੀ ਸਾਹਿਬ ਜਾ ਕੇ ਸਤਿਗੁਰੂ ਜਗਜੀਤ ਸਿੰਘ ਜੀ ਹੋਰਾਂ ਤੋਂ ਕੋਈ ਵੀ ਸਹਾਇਤਾ ਦੀ ਮੰਗ ਕਰਦੀ ਹੈ, ਅਵੱਸ਼ ਹੀ ਪੂਰੀ ਹੁੰਦੀ ਹੈ। ਕੇਂਦਰੀ ਪੰਜਾਬੀ ਸਾਹਿਤ ਸਭਾ ਦੀ ਚੋਣ ਮੌਕੇ ਲੁਧਿਆਣੇ ਪੰਜਾਬੀ ਭਵਨ ਵਿੱਚ ਸਾਰੇ ਪੰਜਾਬ ਦੇ ਲਿਖਾਰੀ ਇਕੱਠੇ ਹੁੰਦੇ ਹਨ। ਉੱਥੇ ਕਈ ਵਾਰ ਇਸ ਨਾਮਧਾਰੀ ਸਮਾਜ ਵੱਲੋਂ ਲੰਗਰ ਵੀ ਲਾਇਆ ਜਾਂਦਾ ਹੈ ਜਿਹੜਾ ਇਹ ਦਰਸਾਉਂਦਾ ਹੈ ਕਿ ਨਾਮਧਾਰੀਆਂ ਨੂੰ ਸਾਹਿਤ ਨਾਲ ਕਿੰਨਾ ਮੋਹ ਹੈ।


Sri Satguru Jagjit Singh Ji eLibrary NamdhariElibrary@gmail.com

**ਸਿੱਖੀ:** ਗੁਰਸਿੱਖ ਦੇ ਸਰੂਪ ਬਾਰੇ ਆਪ ਦੀ ਹਮੇਸ਼ਾ ਇਹ ਕੋਸ਼ਿਸ਼ ਰਹਿੰਦੀ ਹੈ ਕਿ ਉਹ ਸਾਬਤ ਸੂਰਤ ਰਹੇ। ਰੋਮਾਂ ਨੂੰ ਕੱਟ ਕੇ ਉਹਨਾਂ ਦਾ ਨਿਰਾਦਾਰ ਨਾ ਕਰੇ। ਦਾਹੜਾ ਖੁੱਲੇ ਰੱਖੇ ਤੇ ਕੇਸਾਂ ਨੂੰ ਰੰਗੇ ਵੀ ਨਾ। ਕੱਛ, ਕੜਾ, ਕੇਸ, ਕਿਰਪਾਨ ਤੇ ਕੰਘੇ ਦਾ ਧਾਰਨੀ ਹੋਣ। ਗੁਰਮੁਖੀ ਪਹਿਰਾਵੇ, ਸਿੱਧੀ ਗੁਰਮੁਖੀ ਦਸਤਾਰ, ਕਲੀਆਂ ਵਾਲਾ ਕੁੜਤਾ, ਚੂੜੀਦਾਰ ਪਜਾਮਾ, ਗੁਰਸਿੱਖਾਂ ਵਾਲਾ ਰੇਬ ਕਛਹਿਰਾ, ਸੱਧ-ਸੋਧ ਸੰਜਮ ਵਾਲਾ ਸਿੱਖ ਆਪ ਨੂੰ ਭਾਉਂਦਾ ਹੈ, ਇਸੇ ਤਰ੍ਹਾਂ ਇਸਤਰੀਆਂ ਨੂੰ ਵੀ ਪਹਿਰਾਵੇ ਅਤੇ ਕਕਾਰਾਂ ਦੇ ਧਾਰਨੀ ਬਣਨ ਦੀ ਸਿੱਖਿਆ ਦਿੰਦੇ ਹਨ। ਆਪ ਸਤਿਗੁਰੂ ਜਗਜੀਤ ਸਿੰਘ ਜੀ ਦੀ ਮਰਿਆਦਾ ਦੇ ਇੰਨੇ ਪੱਕੇ ਹਨ ਕਿ ਇਕ ਵਾਰ 16 ਜੁਲਾਈ ਸੰਨ 1991 ਵਿਚ ਆਪ ਜੀ ਨੂੰ ਆਸਟਰੇਲੀਆ ਦੇਸ਼ ਦੇ ਐਡੀਲੇਡ ਸ਼ਹਿਰ ਵਿਚ ਬਾਈਪਾਸ ਸਰਜਰੀ ਦਾ ਓਪਰੇਸ਼ਨ ਕਰਵਾਉਣ ਲਈ ਡਾਕਟਰਾਂ ਦੀ ਰਾਇ ਦੀ ਉਲੰਘਣਾ ਕਰਨੀ ਪੈ ਗਈ । ਜਿਸ ਬਾਰੇ ਕਈ ਮਹੱਤਵਪੂਰਨ ਤੱਥ ਆਸਟਰੇਲੀਆ ਤੇ ਭਾਰਤ ਦੀਆਂ ਉੱਘੀਆਂ ਅਖ਼ਬਾਰਾਂ ਵਿਚ ਛਪੇ ਲੇਖ ਦੀ ਰੋਸ਼ਨ ਵਿਚ ਇਉਂ ਹੈ ਕਿ 71 ਸਾਲਾ ਸਤਿਗੁਰੂ ਜਗਜੀਤ ਸਿੰਘ ਜੀ ਕੁਝ ਸ਼ਰਤਾਂ ਤੇ ਇਹ ਓਪਰੇਸ਼ਨ ਕਰਵਾਉਣ ਲਈ ਸਹਿਮਤ ਹੋ ਗਏ ਜਿਹਨਾਂ ਵਿਚੋਂ ਪ੍ਰਮੁੱਖ ਇਹ ਸੀ ਕਿ ਉਹ ਚੀਰਫਾੜ ਸਮੇਂ ਆਪਣੀ ਛਾਤੀ ਦੇ ਰੋਮਾਂ ਨੂੰ ਕਦਾਚਿਤ ਨਹੀਂ ਕਟਵਾਉਣਗੇ ਅਤੇ ਓਪਰੇਸ਼ਨ ਸਮੇਂ ਉਹਨਾਂ ਦੀ ਦਸਤਾਰ ਹਰ ਹਾਲਤ ਵਿੱਚ ਉਹਨਾਂ ਦੇ ਕੇਸਾਂ ਨੂੰ ਢਕੀ ਰੱਖਣ ਲਈ ਸਿਰ 'ਤੇ ਬੱਝੀ ਰਹੇਗੀ। ਕੁਝ ਹੋਰ ਧਾਰਮਿਕ ਸ਼ਰਤਾਂ ਵੀ ਬੜੀਆਂ ਕਠਿਨ ਸਨ। ਜਿਵੇਂ ਉਹਨਾਂ ਨੂੰ ਖ਼ੂਨ ਨਹੀਂ ਚੜ੍ਹਾਇਆ ਜਾਏਗਾ ਅਤੇ ਕਛਹਿਰਾ ਨਹੀਂ ਉਤਾਰਿਆ ਜਾਵੇਗਾ। ਓਪਰੇਸ਼ਨ ਸਮੇਂ ਉਹਨਾਂ ਨੂੰ ਸ਼ਰਾਬ ਵਰਗਾ ਨਸ਼ਾ ਪੈਦਾ ਕਰਨ ਵਾਲੀਆਂ ਬੇਹੋਸ਼ੀ ਦੀਆਂ ਦਵਾਈਆਂ ਨਹੀਂ ਦਿੱਤੀਆਂ ਜਾਣਗੀਆਂ ਤੇ ਨਾ ਹੀ ਉਹਨਾਂ ਦੇ ਜ਼ਖ਼ਮਾਂ 'ਤੇ ਲਗਾਈਆਂ ਜਾਣਗੀਆਂ। ਇਹਨਾਂ ਸਖ਼ਤ ਸ਼ਬਦਾਂ ਦੀ ਹੱਦਬੰਦੀ ਵਿੱਚ ਰਹਿੰਦਿਆਂ ਹੋਇਆ ਓਪਰੇਸ਼ਨ ਕਰਨ ਲਈ ਕਈ ਦੇਸ਼ਾਂ ਦੇ ਉੱਘੇ ਸਰਜਨਾਂ ਨਾਲ ਸੰਪਰਕ ਸਥਾਪਿਤ ਕੀਤਾ ਗਿਆ। ਭਾਰਤ ਸਮੇਂ ਸਾਰੇ ਨਾਮਵਰ ਸਰਜਨਾਂ ਨੇ ਦੱਸਿਆ ਕਿ ਇਹਨਾਂ ਸ਼ਰਤਾਂ ਤੇ ਆਪਣੀ ਅਸਮਰੱਥਾ ਪ੍ਰਗਟ ਕੀਤੀ। ਇੰਨੇ ਵਿੱਚ ਆਸਟਰੇਲੀਆ ਦੇ ਰਾਇਲ ਐਡਵਡ ਹਸਪਤਾਲ ਦੇ ਸਰਜਨ ਡਾ: ਰਾਸ ਨੇ ਇਹਨਾਂ ਸ਼ਰਤਾਂ ਦੀ ਇੰਨ-ਬਿੰਨ ਪਾਲਣਾ ਕਰਕੇ ਓਪਰੇਸ਼ਨ ਕਰਨ ਲਈ ਆਪਣੀ ਸਹਿਮਤੀ ਦੇ ਦਿੱਤੀ। 16 ਜੁਲਾਈ ਨੂੰ ਓਪਰੇਸ਼ਨ ਹੋਇਆ ਜੋ ਕਿ ਸਫ਼ਲ ਹੋਇਆ। ਆਸਟਰੇਲੀਆਈ ਅਖ਼ਬਾਰ "ਟੈਲੀਵਿਜ਼ਨ", "ਮਿਰਚ" ਅਤੇ "ਦੀ ਨਿਊਜ਼" ਅਨੁਸਾਰ ਦੁਨੀਆਂ ਦੇ ਬਹੁਤ ਨਾਮਾਨਗਾਰਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਪੁੱਛਿਆ ਕਿ ਇਹਨਾਂ ਸ਼ਰਤਾਂ ਕਾਰਨ ਉਹਨਾਂ ਦੇ ਬਚਨ ਦੇ ਮੌਕੇ ਬਹੁਤ ਘੱਟ ਗਏ ਸਨ। ਕੀ ਉਹਨਾਂ ਨੂੰ ਇਸ ਗੱਲ ਨਾਲ ਕੋਈ ਪ੍ਰੇਸ਼ਾਨੀ ਨਹੀਂ ਹੋਈ ਤਾਂ ਸਤਿਗੁਰਾਂ ਨੇ ਉੱਤਰ ਦਿੱਤਾ ਕਿ ਗੁਰੂ ਦੇ ਸਿੱਖ ਨੂੰ ਆਪਣੀ ਜਾਨ ਨਾਲੋਂ ਅਸੂਲ ਪਿਆਰੇ ਹੁੰਦੇ ਹਨ। ਰੋਮਾਂ ਦੀ ਬੇਅਦਬੀ ਨਾ ਹੋਣ ਦੇਣ ਕਾਰਨ ਐਨੀ ਵੱਡੀ ਹਸਤੀ ਵਲੋਂ ਆਪਣੀ ਜਾਨ ਖਤਰੇ ਵਿੱਚ ਪਾ ਲੈਣਾ ਅਜੋਕੇ ਸਮੇਂ ਵਿਚ ਰੋਮਾਂ ਦੇ ਸਤਿਕਾਰ ਦੀ ਅਦੁੱਤੀ ਮਿਸਾਲ ਵਜੋਂ ਇਤਿਹਾਸ ਦੇ ਪੰਨਿਆਂ ਵਿੱਚ ਅੰਕਿਤ ਹੋਇਆ ਹੈ।



Sri Satguru Jagjit Singh Ji eLibrary NamdhariElibrary@gmail.com

# ਕੂਕਿਆਂ (ਨਾਮਧਾਰੀਆਂ) ਦਾ ਦੇਸ਼ ਦੀ ਆਜ਼ਾਦੀ ਵਿੱਚ ਯੋਗਦਾਨ

ਉਹ ਕੌਮਾਂ ਸਦਾ ਲਈ ਆਪਣੀ ਪਹਿਚਾਣ ਗੁਆ ਦਿੰਦੀਆਂ ਹਨ ਜੋ ਆਪਣੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਭੁੱਲ ਜਾਂਦੀਆਂ ਹਨ। ਭਾਰਤ ਤੀ ਆਜ਼ਾਦੀ ਲਈ ਜਿਹੜੀ ਕੁਰਬਾਨੀ ਕੂਕਿਆਂ (ਨਾਮਧਾਰੀਆਂ) ਨੇ ਦਿੱਤੀ, ਉਸ ਦੀ ਬਹੁਤ ਘੱਟ ਮਿਸਾਲ ਵੇਖਣ ਨੂੰ ਮਿਲਦੀ ਹੈ। ਇਹਨਾਂ ਕੁਰਬਾਨੀਆਂ ਨੇ ਭਾਰਤ ਦੀ ਕਿਸਮਤ ਨੂੰ ਹੀ ਬਦਲ ਕੇ ਰੱਖ ਦਿੱਤਾ।

ਭਾਰਤ ਵਿੱਚ ਕੂਕਾ (ਨਾਮਧਾਰੀ) ਲਹਿਰ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਸਨ, ਜਿਹਨਾਂ ਨੇ ਇਸ ਦਾ ਮੁੱਢ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਭੈਣੀ ਸਾਹਿਬ ਵਿਖੇ 21 ਅਪ੍ਰੈਲ 1857 ਈਸਵੀ ਨੂੰ ਵਿਸਾਖੀ ਵਾਲੇ ਦਿਨ ਸ਼ੁਭ ਅਵਸਰ ਤੇ ਬੰਨਿਆ। ਉਸ ਸਮੇਂ ਭਾਰਤ ਬਰਤਾਨਵੀ ਸਰਕਾਰ ਦੀਆਂ ਜ਼ੰਜ਼ੀਰਾਂ ਵਿੱਚ ਜਕੜਿਆ ਹੋਇਆ ਸੀ। ਭਾਰਤੀ ਲੋਕ ਅੰਗਰੇਜ਼ਾਂ ਵੱਲੋਂ ਚਲਾਏ ਸਮਾਜ ਦੇ ਬੁਰੇ ਰੀਤੀ ਰਿਵਾਜ਼ਾਂ ਵਿੱਚ ਫਸੇ ਹੋਏ ਸਨ।

ਸਤਿਗੁਰੂ ਰਾਮ ਸਿੰਘ ਨੇ ਲੋਕਾਂ ਨੂੰ ਭਾਰਤ ਦੀ ਆਜ਼ਾਦੀ ਵਾਸਤੇ ਅਤੇ ਬੁਰੇ ਰੀਤੀ ਰਿਵਾਜ਼ਾਂ ਵਿਚੋਂ ਬਾਹਰ ਨਿਕਲਣ ਲਈ ਪ੍ਰੇਰਿਤ ਕੀਤਾ। ਉਸ ਸਮੇਂ ਇਹ ਪ੍ਰਥਾ





ਆਜ਼ਾਦੀ ਲਈ ਜੂਝੇ ਮਰਜੀਵੜੇ ਨਾਮਧਾਰੀ

Sri Satguru Jagjit Singh Ji eLibrary NamdhariElibrary@gmail.com

ਪ੍ਰਚਲਿਤ ਸੀ ਕਿ ਲੜਕੀਆਂ ਨੂੰ ਜਨ ਸਮੇਂ ਹੀ ਮਾਰ ਦਿੱਤਾ ਜਾਂਦਾ ਸੀ। ਜਿਵੇਂ ਕਿ ਅੱਜ ਵੀ ਕੀਤਾ ਜਾਂਦਾ ਹੈ ਕਿਉਂਕਿ ਉਹਨਾਂ ਦੇ ਵਿਆਹਾਂ ਉੱਪਰ ਕਾਫ਼ੀ ਪੈਸਾ ਖਰਚ ਕਰਨਾ ਪੈਂਦਾ ਸੀ ਪਰ ਸਤਿਗੁਰੂ ਰਾਮ ਸਿੰਘ ਨੇ ਸਮੂਹਿਕ ਵਿਆਹਾਂ ਦਾ ਸਿਲਸਿਲਾ ਅਰੰਭਿਆ, ਜਿਹਨਾਂ ਉੱਪਰ ਖਰਚਾ ਵੀ ਘੱਟ ਆਉਂਦਾ ਸੀ। ਇਹਨਾਂ ਵਿਆਹਾਂ ਨੂੰ ਆਨੰਦ ਕਾਰਜ ਕਿਹਾ ਜਾਂਦਾ ਸੀ।

ਭਾਵੇਂ ਕੂਕਾ ਲਹਿਰ ਦਾ ਪ੍ਰਤੱਖ ਮਨੋਰਥ ਸਿੱਖ ਧਰਮ ਵਿੱਚ ਸਮਾਂ ਬੀਤਣ ਨਾਲ ਦਾਖਲ ਹੋ ਚੁੱਕੇ ਵਿਕਾਰਾਂ ਨੂੰ ਦੂਰ ਕਰਕੇ ਇਸ ਦੀ ਮੁੱਢਲੀ ਪਵਿੱਤਰਤਾ ਨੂੰ ਪੁਨਰ ਸੁਰਜੀਤ ਕਰਨਾ ਸੀ। ਫਿਰ ਵੀ ਗੁਪਤ ਰੂਪ ਵਿਚ ਕੂਕਿਆਂ ਦਾ ਟੀਚਾ ਅੰਗਰੇਜ਼ਾਂ ਦਾ ਤਲਾਮੂਲ ਪੁੱਟ ਕੇ ਉਹਨਾਂ ਨੂੰ ਆਪਣੇ ਦੇਸ਼ ਵਿਚੋਂ ਕੱਢ ਕੇ ਮਹਾਰਾਜ ਦਲੀਪ ਸਿੰਘ ਦੇ ਰਾਜ ਦੀ ਪੁਨਰ ਸਥਾਪਨਾ ਤੋਂ ਜ਼ਰਾ ਵੀ ਘੱਟ ਨਹੀਂ ਸੀ।

ਸਰਕਾਰੀ ਤੌਰ 'ਤੇ ਕੂਕਿਆਂ ਬਾਰੇ ਉੱਘ-ਸੁੱਘ ਸੰਨ 1863 ਈਸਵੀ ਵਿੱਚ ਸਿਆਲਕੋਟ ਦੇ ਡਿਪਟੀ ਕਮਿਸ਼ਨਰ ਦੀ ਇਤਲਾਹ ਤੋਂ ਲੱਗੀ ਜਿਸ ਵਿੱਚ ਉਸਨੇ ਲਿਖਿਓ ਸੀ ਕਿ ਆਪਣੇ ਦੋ ਸੌ ਸਾਥੀਆਂ ਸਮੇਤ ਕੂਕਾ ਆਗੂ ਰਾਮ ਸਿੰਘ ਇਸ ਇਲਾਕੇ ਵਿੱਚ ਵਿਚਰ ਰਿਹਾ ਹੈ ਜੋ ਪੰਜ ਹਜ਼ਾਰ ਸਿੱਖਾਂ ਦੀ ਗੱਲ ਮਾਣ ਨਾਲ ਕਰਦਾ ਹੈ ਅਤੇ ਕਿਸੇ ਵੀ ਹਾਕਮ ਦੇ ਕਹਿਣੇ ਨਹੀਂ ਲਗਦਾ।

ਆਪਣੀਆਂ ਸਰਗਰਮੀਆਂ ਵਿੱਚ ਤੇਜ਼ੀ ਲਿਆਉਣ ਅਤੇ ਜਥੇਬੰਦੀ ਨੂੰ ਹੋਰ ਸ਼ਕਤੀਸ਼ਾਲੀ ਬਣਾਉਣ ਦੇ ਮਨੋਰਥ ਨਾਲ ਗੁਰੂ ਰਾਮ ਸਿੰਘ ਨੇ ਸਾਰੇ ਦੇਸ਼ ਨੂੰ 22 ਇਲਾਕਿਆਂ ਵਿੱਚ ਵੰਡ ਦਿੱਤਾ ਅਤੇ ਹਰੇਕ ਇਲਾਕੇ ਨੂੰ ਯੋਗ ਅਤੇ ਸੁਘੜ ਵਿਅਕਤੀ ਦੇ ਸਪੁਰਦ ਕਰ ਦਿੱਤਾ ਜਿਸ ਨੂੰ ਸੂਬਾ ਕਿਹਾ ਜਾਂਦਾ ਸੀ। ਸਰਕਾਰੀ ਅਧਿਕਾਰੀ ਇਹਨਾਂ ਨੂੰ ਬਹੁਤ ਖ਼ਤਰਨਾਕ ਵਿਅਕਤੀ ਸਮਝਦੇ ਸਨ।

ਛੇਤੀ ਹੀ ਕੂਕਿਆਂ (ਨਾਮਧਾਰੀਆਂ) ਦੀ ਗਿਣਤੀ ਵੱਧਣੀ ਸ਼ੁਰੂ ਹੋ ਗਈ। ਆਮ ਲੋਕਾਂ ਤੇ ਕੂਕਾ ਪ੍ਰਚਾਰ ਦਾ ਅਜਿਹਾ ਜਾਦੂ ਹੋਣ ਲੱਗਿਆ ਕਿ ਉਹ ਸੈਂਕੜਿਆਂ ਦੀ ਗਿਣਤੀ ਵਿੱਚ ਕੂਕਾ ਬਣਨ ਲੱਗ ਪਏ। ਕੂਕਾ ਬਾਦਸ਼ਾਹ ਸਮਝਿਆ ਜਾਣ ਵਾਲਾ ਮਹਾਰਾਜਾ ਪਟਿਆਲੇ ਦਾ ਸਬੰਧੀ ਸਰਦਾਰ ਮੰਗਲ ਸਿੰਘ ਬਿਸ਼ਨਪੁਰੀਆ ਕੂਕਾ ਸੂਬਾ ਸੀ। ਸਰਦਾਰ ਹੀਰਾ ਸਿੰਘ ਅਤੇ ਲਹਿਣਾ ਸਿੰਘ ਵੀ ਨਾਮਧਾਰੀ ਬਣਨ ਤੋਂ ਪਹਿਲਾਂ ਅਮੀਰ ਸਰਦਾਰ ਹੁੰਦੇ ਸਨ ਅਤੇ ਕੂਕਾ ਬਣ ਜਾਣ ਪਿੱਛੋਂ ਦਰਬਾਰੀ ਨੌਕਰੀਆਂ ਛੱਡ ਕੇ ਆਏ ਸਨ। ਸਰਕਾਰ ਨੇ ਮੁੱਢ ਵਿੱਚ ਕੂਕਾ ਲਹਿਰ ਦਾ ਕੋਈ ਸਹੁ (ਪ੍ਰਵਾਹ) ਨਹੀਂ ਕੀਤਾ, ਪਰੰਤੂ ਛੇਤੀ ਹੀ ਉਸ ਨੇ ਇਸ ਨੂੰ ਆਪਣੀ ਮੂਰਖਤਾ ਅਨੁਭਵ ਕੀਤੀ।

ਅਜਿਹੀ ਜਥੇਬੰਦੀ ਲਈ ਬਰਤਾਨਵੀ ਸਰਕਾਰ ਨੂੰ ਵੰਗਾਰਨਾ ਬਿਲਕੁਲ ਅਸੰਭਵ ਸੀ। ਆਪਣੇ ਉਦੇਸ਼ ਦੀ ਪੂਰਤੀ ਲਈ ਗੁਰੂ ਰਾਮ ਸਿੰਘ ਜੀ ਨੇ ਅਹਿੰਸਾ ਅਤੇ ਅਸਹਿਯੋਗ ਦੇ ਹਥਿਆਰ ਅਪਣਾਏ। ਸਤਿਗੁਰੂ ਰਾਮ ਸਿੰਘ ਨੇ ਆਪਣੇ ਨਾਲ ਰਲਦੀ ਸੋਚ ਵਾਲੀਆਂ ਗੁਆਂਢੀ ਰਿਆਸਤਾਂ ਨਾਲ ਦੋਸਤੀ ਤੇ ਮੇਲ ਮਿਲਾਪ ਦੀ ਗੱਲ ਸੋਚੀ।



Sri Satguru Jagjit Singh Ji eLibrary NamdhariElibrary@gmail.com

ਉਹ ਕਸ਼ਮੀਰ ਫ਼ੌਜ ਵਿੱਚ ਆਪਣੀ ਵੱਖਰੀ ਰਜਮੈਂਟ ਖੜੀ ਕਰਨ ਵਿੱਚ ਸਫ਼ਲ ਹੋ ਗਏ। ਉਹਨਾਂ ਨੇ ਆਪਣੇ ਗੁਆਂਢੀ ਦੇਸ਼ਾਂ (ਨੇਪਾਲ, ਅਫ਼ਗਾਨਿਸਤਾਨ, ਰੂਸ) ਨਾਲ ਵੀ ਸਬੰਧ ਜੋੜੇ।

ਪੰਜਾਬ ਵਿੱਚ ਕੂਕਿਆਂ ਦੀ ਗਿਣਤੀ ਅਤੇ ਸ਼ਕਤੀ ਤੋਂ ਰਾਣਾ ਜੰਗ ਬਹਾਦਰ ਵੀ ਬਹੁਤ ਪ੍ਰਭਾਵਿਤ ਸੀ। ਭਾਵੇਂ ਕੂਕਿਆਂ ਨੇ ਆਪਣੇ ਰਾਜਸੀ ਉਦੇਸ਼ ਨੂੰ ਗੁਪਤ ਰੱਖਣ ਦਾ ਯਤਨ ਕੀਤਾ, ਫਿਰ ਵੀ ਸੂਝਵਾਨ ਅਫ਼ਸਰਾਂ ਵਿੱਚੋਂ ਕੁਝ ਨੇ ਮੁੱਢ ਤੋਂ ਹੀ ਉਹਨਾਂ ਦੀ ਕਾਰਗੁਜ਼ਾਰੀ 'ਤੇ ਸ਼ੱਕ ਕਰਨਾ ਸ਼ੁਰੂ ਕਰ ਦਿੱਤਾ ਸੀ। ਆਪਣੇ ਅਸਧਾਰਨ ਤੌਰ ਤੇ ਛੋਟੇ ਸੰਘਰਸ਼ ਕਾਲ ਵਿੱਚ ਹੀ ਕੂਕਿਆਂ ਤੇ ਬਰਤਾਨਵੀ ਸਰਕਾਰ ਵਿਰੁੱਧ ਵਿਦਰੋਹ ਕੀਤੇ ਅਤੇ ਨਵੇਂ ਰਾਜ ਨੂੰ ਸ਼ਰੇਆਮ ਨਿੰਦਣ ਅਤੇ ਆਪਣੀ ਸਰਕਾਰ ਦੀ ਸਥਾਪਤੀ ਦੇ ਐਲਾਨ ਲਈ ਹਰ ਮੌਕੇ ਦਾ ਲਾਹਾ ਲਿਆ। ਉਹਨਾਂ ਨੇ ਪਹਿਲਾਂ ਅਜਿਹਾ ਯਤਨ ਸੰਨ 1869 ਵਿੱਚ ਕੀਤਾ ਜਦ ਉਹਨਾਂ ਵਿਚੋਂ ਸਿਰਸਾ ਤੇ ਫਿਰੋਜ਼ਪੁਰ ਜ਼ਿਲ੍ਹਿਆਂ ਦੇ ਕਾਫ਼ੀ ਗਿਣਤੀ ਦੇ ਬੰਦਿਆਂ ਨੇ ਰਾਜ ਸੱਤਾ ਨੂੰ ਵੰਗਾਰਨ ਤੋਂ ਪਹਿਲਾਂ ਜਾਂ ਤਾਂ ਆਪਣੀਆਂ ਜਾਇਦਾਦਾਂ ਵੇਚ ਦਿੱਤੀਆਂ ਜਾਂ ਫੂਕ ਦਿੱਤੀਆਂ। ਇਸ ਯਤਨ ਨੂੰ "ਭਾਰਤ ਛੱਡੋ ਅੰਦੋਲਨ" ਦਾ ਪੂਰਵਗਾਮੀ ਕਿਹਾ ਜਾ ਸਕਦਾ ਹੈ, ਕੂਕਿਆਂ ਨੇ ਨਾਹਰਾ ਲਾਇਆ ਸੀ:-

"ਇੱਥੋਂ ਚੁੱਕ ਲੈ ਫ਼ਰੰਗੀਆਂ ਛਾਉਣੀ –
ਖ਼ਾਲਸੇ ਨੇ ਰਾਜ ਕਰਨਾ।"

ਦੂਜਾ ਕਦਮ ਇਹ ਉਠਾਇਆ ਗਿਆ ਕਿ ਸਰਕਾਰ ਵੱਲੋਂ ਪਹਿਲਾਂ ਸੰਕੇਤ ਕੀਤੇ ਜਾ ਚੁੱਕੇ ਸਿੱਖ ਧਰਮ ਅਸਥਾਨਾਂ ਦੀ ਪਵਿੱਤਰਤਾ ਭੰਗ ਕਰਨ ਦੀ ਸਰਕਾਰ ਵੱਲੋਂ ਪਾਈ ਗਈ ਵੰਗਾਰ ਦੇ ਜਵਾਬ ਵਿੱਚ ਕੂਕਿਆਂ ਨੇ ਅੰਮ੍ਰਿਤਸਰ, ਰਾਏਕੋਟ ਦੇ ਬੁੱਚੜਖ਼ਾਨਿਆਂ ਉੱਪਰ 14-15 ਜੂਨ ਅਤੇ 15 ਜੁਲਾਈ ਸੰਨ 1871 ਨੂੰ ਹਮਲੇ ਕੀਤੇ। ਉਹਨਾਂ ਨੇ ਬੁੱਚੜਾਂ ਨੂੰ ਮਾਰ ਕੇ ਗਊਆਂ ਨੂੰ ਆਜ਼ਾਦ ਕਰਵਾਉਣ ਦੇ ਮਨਸ਼ੇ ਨਾਲ, ਗਊਆਂ ਦੇ ਰੱਸੇ ਖੋਲ ਦਿੱਤੇ ਅਤੇ ਆਪ ਰੂਪੋਸ਼ ਹੋ ਗਏ।

ਬਰਤਾਨਵੀ ਸਰਕਾਰ ਇਸ ਕਾਰਜ ਲਈ ਅਸਲ ਵਿਅਕਤੀਆਂ ਨੂੰ ਫੜ ਨਾ ਸਕੀ, ਪਰ ਕੁਝ ਕੂਕਿਆਂ ਨੂੰ ਫੜ ਲਿਆ। ਅੰਮ੍ਰਿਤਸਰ ਦੇ ਮੁਕੱਦਮੇ ਵਿੱਚ ਤਿੰਨ ਕੂਕਿਆਂ ਨੂੰ 15 ਸਤੰਬਰ 1871 ਈਸਵੀ ਨੂੰ ਫਾਂਸੀ 'ਤੇ ਲਟਕਾ ਦਿੱਤਾ ਅਤੇ ਦੋ ਨੂੰ ਕਾਲੇ ਪਾਣੀ ਦੀ ਸਜ਼ਾ ਸੁਣਾਈ ਗਈ। ਰਾਏਕੋਟ ਦੇ ਬੁੱਚੜ-ਬਧ ਦੇ ਮੁਕੱਦਮੇ ਵਿਚ 5 ਅਗਸਤ ਸੰਨ 1871 ਨੂੰ ਤਿੰਨ ਕੂਕਿਆਂ ਨੂੰ ਫ਼ਾਂਸੀ ਦਿੱਤੀ ਗਈ ਅਤੇ ਦੋ ਹੋਰ ਨੂੰ ਲੁਧਿਆਣਾ ਵਿੱਚ ਫ਼ਾਂਸੀ ਦੀ ਸਜ਼ਾ ਦਿੱਤੀ ਗਈ।

ਕੂਕਿਆਂ ਨੇ ਆਪਣੇ ਵਤਨੀ ਲੋਕਾਂ ਨੂੰ ਕੌਮੀ ਮੁਕਤੀ ਲਈ ਜਾਗ੍ਰਿਤ ਕੀਤਾ। ਜਦੋਂ ਇੰਡੀਅਨ ਕਾਂਗਰਸ ਨੇ ਸੱਚ-ਮੁੱਚ ਦੇਸ਼ ਦੀ ਸੁਤੰਤਰਤਾ ਲਈ ਲੜਨ ਵਾਲੀ ਜਨਤਕ ਲਹਿਰ ਦਾ ਰੂਪ ਧਾਰਨ ਕੀਤਾ ਤਾਂ ਕੂਕਿਆਂ ਨੇ ਕਾਂਗਰਸ ਦੇ ਪ੍ਰੋਗਰਾਮਾਂ ਰਾਹੀਂ ਆਪਣੇ ਉਦੇਸ਼ ਦੀ ਪੂਰਤੀ ਹੁੰਦੀ ਵੇਖੀ ਤਾਂ ਉਹ ਸੰਗਠਨ ਰੂਪ ਵਿੱਚ ਸ਼ਾਮਿਲ ਹੋ ਗਏ।



Sri Satguru Jagjit Singh Ji eLibrary NamdhariElibrary@gmail.com

ਕਾਂਗਰਸ ਦਾ 44ਵਾਂ ਇਤਿਹਾਸਕ ਵਾਰਸ਼ਿਕ ਸਮਾਗਮ ਸੰਨ 1929 ਵਿੱਚ ਲਾਹੌਰ ਵਿੱਚ ਬੁਲਾਇਆ ਗਿਆ ਜਿੱਥੇ ਪੂਰਨ ਸਵਰਾਜ ਦਾ ਮਤਾ ਪੇਸ਼ ਕੀਤਾ ਗਿਆ ਅਤੇ ਸਰਬਸੰਮਤੀ ਨਾਲ ਪਾਸ ਕੀਤਾ ਗਿਆ।

ਨਾਮਧਾਰੀਆਂ ਨੇ ਇਸ ਸਮਾਗਮ ਦੇ ਚੁਣੇ ਗਏ ਪ੍ਰਧਾਨ ਪੰਡਿਤ ਜਵਾਹਰ ਲਾਲ ਨਹਿਰੂ ਦੇ ਜਲੂਸ ਵਿੱਚ ਘੋੜਿਆਂ ਦਾ ਪ੍ਰਬੰਧ ਕੀਤਾ ਅਤੇ ਆਪ ਜਲੂਸ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਬਹੁਤ ਸਾਰੇ ਕ੍ਰਾਂਤੀਕਾਰੀ ਨਾਮਧਾਰੀਆਂ ਦੇ ਸੰਘਰਸ਼ ਅਤੇ ਕੁਰਬਾਨੀਆਂ ਤੋਂ ਪ੍ਰਭਾਵਿਤ ਹੋਏ। ਇਸ ਸਮੇਂ ਕਈਆਂ ਨੇ ਤਾਂ ਇੱਥੋਂ ਤੀਕ ਵੀ ਕਿਹਾ ਕਿ "ਯੂਰੋਪ ਵਿੱਚ ਇਕ ਈਸਾ ਸੂਲੀ ਚੜ੍ਹਿਆ ਸੀ, ਉਸ ਨੂੰ ਭੁਲਾਇਆ ਨਹੀਂ ਜਾ ਸਕਦਾ ਪਰੰਤੂ ਇੱਥੇ ਤਾਂ 66 ਈਸਾ ਹੱਸ-ਹੱਸ ਕੇ ਸ਼ਹੀਦੀਆਂ ਪ੍ਰਾਪਤ ਕਰ ਗਏ ਹਨ। ਸੋ ਇਹਨਾਂ ਨੂੰ ਕਿਵੇਂ ਭੁਲਾਇਆ ਜਾ ਸਕਦਾ ਹੈ।" ਇਹਨਾਂ ਵਿੱਚ ਸੁਤੰਤਰਤਾ ਸੰਗਰਾਮ ਨੂੰ ਸਮਰਪਿਤ ਗਦਰ ਪਾਰਟੀ ਦਾ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਅਤੇ ਸ੍ਰ. ਭਗਤ ਸਿੰਘ ਬਿਲਗਾ ਵੀ ਸ਼ਾਮਿਲ ਸੀ।

ਕੌਮੀ ਮੁਕਤੀ ਲਈ ਸਿਰ ਤੋੜ ਯਤਨ ਸਦਕਾ ਹਰੇਕ ਵਿਅਕਤੀ ਤੇ ਸੰਗਠਨ ਨੂੰ ਕੂਕਿਆਂ ਨੇ ਸਹਿਯੋਗ ਦੇਣਾ ਜਾਰੀ ਰੱਖਿਆ। ਉਹਨਾਂ ਦੀਆਂ ਕੁਰਬਾਨੀਆਂ ਨੂੰ ਧਿਆਨ ਵਿਚ ਰੱਖਦਿਆਂ ਪੰਡਿਤ ਨਹਿਰੂ ਦੋ ਵਾਰ ਭੈਣੀ ਸਾਹਿਬ (ਲੁਧਿਆਣਾ) ਆ ਚੁੱਕੇ ਸਨ, ਸਗੋਂ ਆਜ਼ਾਦੀ ਦੀ ਇਸ ਬਹੁਮੰਜ਼ਿਲੀ ਇਮਾਰਤ ਦੇ ਨੀਂਹ ਪੱਥਰ ਵੀ ਰੱਖੇ ਸਨ। ਜਿਹਨਾਂ ਦੀਆਂ ਕੁਰਬਾਨੀਆਂ ਸਦਕਾ ਭਾਰਤ 15 ਅਗਸਤ ਸੰਨ 1947 ਵਿੱਚ ਆਜ਼ਾਦ ਹੋਇਆ। ਹੁਣ ਨਾਮਧਾਰੀ ਕਹਿੰਦੇ ਹਨ :-

"ਵਤਨ ਕੋ ਫਿਰ ਕਹੀ ਗਿਰਵੀ ਨਾ ਰੱਖ ਦੇਣਾ ਐ ਵਤਨ ਵਾਲੋ,
ਸ਼ਹੀਦੋਂ ਨੇ ਬੜੀ ਮੁਸ਼ਕਿਲ ਸੇ ਯੇ ਕਰਜ਼ੇ ਉਤਾਰੇ ਹੈ।"


Sri Satguru Jagjit Singh Ji eLibrary NamdhariElibrary@gmail.com

# ਪੰਜਾਬ ਵਿੱਚ ਮਹਾਨ ਇਨਕਲਾਬ ਦੀ ਪਹਿਲੀ ਜਥੇਬੰਦੀ ਕੂਕਾ ਲਹਿਰ

ਸਿੱਖਾਂ ਵਿੱਚ ਇਕ ਉਪ ਫਿਰਕਾ ਹੈ ਜੋ ਨਾਮਧਾਰੀ ਜਾਂ ਕੂਕਾ ਅਖਵਾਉਂਦਾ ਹੈ। ਇਹਦਾ ਇਤਿਹਾਸ ਕੋਈ ਬਹੁਤਾ ਪੁਰਾਣਾ ਨਹੀਂ ਹੈ। ਪਿਛਲੀ ਸਦੀ ਦੇ ਅੱਧ ਤੋਂ ਬਾਅਦ ਇਹਦਾ ਆਰੰਭ ਹੋਇਆ ਸੀ। ਅੱਜ ਇਹ ਇਕ ਸੰਕੁਚਿਤ ਫਿਰਕਾ ਦਿਸਦਾ ਹੈ ਪਰ ਇਹਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਇਕ ਕੱਟੜ ਇਨਕਲਾਬੀ ਸਨ। ਇਕ ਮਸ਼ਹੂਰ ਰੱਬ ਭਗਤ ਸਮਾਜ ਦੇ ਦੋਸ਼ ਤੱਕ ਦੇ ਇਕ ਵਿਦਰੋਹੀ ਸਮਾਜ ਸੁਧਾਰਕ ਬਣ ਗਿਆ ਅਤੇ ਇਕ ਸੱਚੇ ਸਮਾਜ ਸੁਧਾਰਕ ਵਾਂਗ ਜਦੋਂ ਕਰਮ ਖੇਤਰ ਵਿੱਚ ਨਿੱਤਰੇ ਤਾਂ ਉਹਨਾਂ ਵੇਖਿਆ ਕਿ ਦੇਸ਼ ਦੀ ਉੱਨਤੀ ਲਈ ਗ਼ੁਲਾਮੀ ਦੀਆਂ ਬੇੜੀਆਂ ਨੂੰ ਕੱਟਣਾ ਸਭ ਤੋਂ ਜ਼ਰੂਰੀ ਹੈ। ਵਿਦੇਸ਼ੀ ਰਾਜ ਵਿਰੁੱਧ ਇਨਕਲਾਬ ਦੀ ਤਿਆਰੀ ਦੌਰਾਨ ਹੀ ਜੋ ਕੁਝ ਝਗੜਾ ਫਸਾਦ ਹੋ ਗਿਆ। ਉਸ ਤੋਂ ਹਾਕਮ ਨੂੰ ਸਾਰੀ ਲਹਿਰ ਕੁਚਲਣ ਦਾ ਚੰਗਾ ਮੌਕਾ ਮਿਲ ਗਿਆ ਅਤੇ ਸਭ ਯਤਨਾਂ ਦਾ ਨਿਸਫ਼ਲਤਾ ਤੋਂ ਬਿਨਾਂ ਹੋਰ ਕੋਈ ਸਿੱਟਾ ਨਾ ਨਿਕਲ ਸਕਿਆ।

ਕੂਕਾ (ਨਾਮਧਾਰੀ) ਲਹਿਰ ਦਾ ਇਤਿਹਾਸ ਹਾਲੇ ਤੱਕ ਲੋਕਾਂ ਦੇ ਸਾਹਮਣੇ ਨਹੀਂ ਆਇਆ। ਕਿਸੇ ਨੇ ਇਸ ਨੂੰ ਅਹਿਮੀਅਤ ਵਾਲਾ ਨਹੀਂ ਸਮਝਿਆ। ਅਸੀਂ ਕੂਕਿਆਂ ਨੂੰ ਭੁੱਲੜ ਅਤੇ ਮੂਰਖ ਕਹਿ ਕੇ ਆਪਣੇ ਫ਼ਰਜ਼ ਤੋਂ ਲਾਂਭੇ ਹੋ ਜਾਂਦੇ ਹਾਂ। ਸਵਾਰਥ ਜਾਂ ਲੋਭ ਲਈ ਉਹਨਾਂ ਆਪਣੀਆਂ ਜਾਨਾਂ ਦਿੱਤੀਆਂ ਹੁੰਦੀਆਂ ਤਾਂ ਅਸੀਂ ਅਣਗਹਿਲੀ ਵਿਖਾ ਸਕਦੇ ਸਾਂ, ਪਰ ਉਹਨਾਂ ਅੰਦਰ ਦੇਸ ਪ੍ਰੇਮ ਕੁੱਟ-ਕੁੱਟ ਕੇ ਭਰਿਆ ਹੋਇਆ ਸੀ। ਉਹ ਤਾਂ ਤੋਪ ਦੇ ਸਾਹਮਣੇ ਵੀ ਹੱਸ ਦਿੰਦੇ ਸਨ ਤੇ ਆਨੰਦ ਨਾਲ ਸਤਿ ਸ਼੍ਰੀ ਅਕਾਲ ਦੇ ਆਕਾਸ਼ ਗੁੰਜਾਊ ਜੈਕਾਰਿਆਂ ਨਾਲ ਆਕਾਸ਼-ਪਾਤਾਲ ਇਕ ਕਰ ਦਿੰਦੇ ਸਨ। ਉਹਨਾਂ ਦੇ ਮੱਥਿਆਂ ਤੇ ਧੂੰਧ, ਫ਼ਿਕਰ ਜਾਂ ਪਛਤਾਵੇ ਦੀ ਰੇਖਾ ਵੀ ਨਹੀਂ ਦਿਸਦੀ ਸੀ। ਕੀ ਉਹ ਭੁੱਲ ਜਾਣ ਵਾਲੇ ਹਨ? ਉਹਨਾਂ ਦਾ ਅਪਰਾਧ ਸ਼ਾਇਦ ਅਸਫ਼ਲਤਾ ਤੋਂ ਬਿਨਾਂ ਕੁਝ ਵੀ ਨਹੀਂ ਸੀ, ਪਰ ਸਕਾਟਲੈਂਡ ਦੇ ਸਰਦਾਰ ਵਿਲੀਅਮ ਵਾਲਿਸ ਵੀ ਤਾਂ ਅਸਫ਼ਲ ਹੋ ਕੇ ਮੌਤ ਦੀ ਸਜ਼ਾ ਦਾ ਭਾਗੀ ਬਣ ਗਿਆ ਸੀ। ਉਹਦੀ ਤਾਂ ਅੱਜ ਸਾਰਾ ਇੰਗਲੈਂਡ ਪੂਜਾ ਕਰਦਾ ਹੈ। ਫਿਰ ਵੀ ਸਾਡੇ ਅਸਫ਼ਲ ਦੇਸ਼ ਭਗਤ ਹੀ ਇਸ ਤਰ੍ਹਾਂ ਕਿਉਂ ਭੁਲਾ ਕੇ ਘੁੱਪ ਹਨ੍ਹੇਰੇ ਵਿਚ ਸੁੱਟ ਦਿੱਤੇ ਜਾਣ।

ਅਸੀਂ ਸਮਝਦੇ ਹਾਂ ਕਿ ਸਾਡੇ ਦੇਸ਼ ਵਾਸਤੇ ਨਿਸ਼ਕਾਮ ਭਾਵ ਮਰ ਮਿੱਟਣ ਵਾਲੇ



Sri Satguru Jagjit Singh Ji eLibrary NamdhariElibrary@gmail.com

ਲੋਕਾਂ ਨੂੰ ਭੁਲਾ ਦੇਣਾ ਬੜੀ ਵੱਡੀ ਅਹਿਸਾਨ ਫ਼ਰਾਮੋਸ਼ੀ ਵਾਲੇ ਹੋਵੇਗੀ। ਅਸੀਂ ਉਹਨਾਂ ਦੀ ਯਾਦ ਵਿੱਚ ਕੋਈ ਵੱਡਾ ਥੰਮ ਨਹੀਂ ਖੜ੍ਹਾ ਕਰ ਸਕਦੇ ਤਾਂ ਕਿ ਆਪਣੇ ਦਿਲ ਵਿੱਚ ਥੋੜ੍ਹੀ ਜਿਹੀ ਥਾਂ ਦੇਣੋਂ ਵੀ ਝਿਜਕੀਏ। ਆਸਵੰਦਾਂ ਦਾ ਸੰਖੇਪ ਇਤਿਹਾਸ ਲਿਖਣ ਦੀ ਇਹ ਕੋਸ਼ਿਸ਼ ਹੈ। ਇਸ ਨਾਲ ਜੇ ਲੋਕਾਂ ਨੂੰ ਉਹਨਾਂ ਦੇ ਸਬੰਧ ਵਿਚ ਠੀਕ-ਠੀਕ ਗੱਲਾਂ ਦਾ ਗਿਆਨ ਹੋ ਜਾਏ ਅਤੇ ਵਧੇਰੇ ਜਾਣਨ ਦੀ ਇੱਛਾ ਪੈਦਾ ਹੋ ਜਾਏ ਤਾਂ ਇਹ ਕੋਸ਼ਿਸ਼ ਕਾਮਯਾਬ ਸਮਝਾਂਗਾ।

ਨਾਮਧਾਰੀਆਂ ਦੇ ਇਸ ਛੋਟੇ ਜਿਹੇ ਇਤਿਹਾਸ ਨੂੰ ਅਸੀਂ ਤਿੰਨ ਹਿੱਸਿਆਂ ਵਿੱਚ ਵੰਡ ਸਕਦੇ ਹਾਂ। ਪਹਿਲੇ ਸਤਿਗੁਰੂ ਰਾਮ ਸਿੰਘ ਜੀ ਦਾ ਸਖਸ਼ੀ ਚਰਿੱਤਰ, ਦੂਜਾ ਕੂਕਾ ਬਗ਼ਾਵਤ ਅਤੇ ਤੀਜਾ ਬਗ਼ਾਵਤ ਦੇ ਬਾਅਦ।

ਸਤਿਗੁਰੂ ਰਾਮ ਸਿੰਘ ਬੜੇ ਪ੍ਰਤਾਪੀ ਅਤੇ ਪ੍ਰਭਾਵਸ਼ਾਲੀ ਵਿਅਕਤੀ ਸਨ। ਉਹਨਾਂ ਦੇ ਅਸਾਧਾਰਨ ਆਤਮ ਬਲ ਬਾਰੇ ਬਹੁਤ ਸਾਰੀਆਂ ਗੱਲਾਂ ਪ੍ਰਸਿੱਧ ਹਨ। ਕਹਿੰਦੇ ਹਨ ਕਿ ਉਹ ਜਿਸਦੇ ਕੰਨ ਵਿਚ ਸਿੱਖਿਆ ਦਾ ਮੰਤਰ ਪੜ੍ਹ ਦਿੰਦੇ ਸਨ, ਉਹੀ ਉਹਨਾਂ ਦਾ ਪਰਮ ਭਗਤ ਅਤੇ ਚੇਲਾ ਹੋ ਜਾਂਦਾ ਸੀ। ਜਦ ਇਹ ਗੱਲ ਪ੍ਰਸਿੱਧ ਹੋਈ ਤਾਂ ਦੋ ਬਦਮਾਸ਼ ਅੰਗਰੇਜ਼ ਉਹਨਾਂ ਦੀ ਸ਼ਕਤੀ ਦੀ ਪ੍ਰੀਖਿਆ ਲੈਣ ਗਏ। ਉਹਨਾਂ ਕਿਹਾ ਸੀ, 'ਵੇਖਾਂਗੇ ਸਾਡੇ 'ਤੇ ਕੀ ਅਸਰ ਪੈਂਦਾ ਹੈ' ਪਰ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਅਤੇ ਸਿੱਖਿਆ ਲੈ ਕੇ ਉਹ ਉਹਨਾਂ ਦੇ ਸੱਚੇ ਭਗਤ ਬਣ ਗਏ ਅਤੇ ਇੰਝ ਉਹਨਾਂ ਦੇ ਸਖਸ਼ੀ ਦੋਸ਼ ਵੀ ਦੂਰ ਹੋ ਗਏ।

ਸਰਕਾਰ ਨੇ ਵੀ ਪਰਖਣਾ ਚਾਹਿਆ। ਇਕ ਸਬ ਇੰਸਪੈਕਟਰ ਨੂੰ ਭੇਜਿਆ, ਉਹ ਵੀ ਬੜਾ ਖੁਸ਼ ਸੀ। ਉਸ ਨੂੰ ਆਸ ਸੀ ਕਿ ਸਾਰੇ ਭੇਦ ਖੋਲ ਕੇ ਕੁਝ ਇਨਾਮ ਪ੍ਰਾਪਤ ਕਰੇਗਾ। ਸਤਿਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਵਾਪਿਸ ਆ ਗਿਆ। ਆਉਂਦਿਆ ਹੀ ਅਸਤੀਫ਼ਾ ਦੇ ਦਿੱਤਾ। ਅਫ਼ਸਰ ਨੇ ਪੁੱਛਿਆ, "ਅਸਤੀਫ਼ਾ ਕਿਉਂ ਦਿੰਦੇ ਓ" ਉੱਤਰ ਦਿੱਤਾ, "ਸਤਿਗੁਰੂ ਜੀ ਦਾ ਇਹੀ ਹੁਕਮ ਹੈ। ਉਹ ਕਹਿੰਦੇ ਹਨ ਕਿ ਵਿਦੇਸ਼ੀ ਹਾਕਮਾਂ ਦੀ ਨੌਕਰੀ ਬਿਲਕੁਲ ਨਾ ਕਰੋ।" ਅਜਿਹੀਆਂ ਅਨੇਕਾਂ ਵਾਰਦਾਤਾਂ ਹਨ। ਕੁਝ ਵੀ ਹੋਵੇ, ਐਨਾ ਤਾਂ ਮੰਨਣਾ ਹੀ ਪਵੇਗਾ ਕਿ ਗੁਰੂ ਜੀ ਰੱਬ ਦੇ ਭਗਤ ਅਤੇ ਉੱਚੇ ਇਖ਼ਲਾਕ ਸਦਕਾ ਇਕ ਮਹਾਨ ਸ਼ਕਤੀਸ਼ਾਲੀ ਮਹਾਂਪੁਰਖ ਸਨ। ਸਰਕਾਰ ਇਹ ਗੱਲ ਦੇਖ ਕੇ ਘਬਰਾਈ ਅਤੇ ਉਸ ਨੂੰ ਸਾਰੇ ਅੰਦੋਲਨ ਨੂੰ ਦਬਾਉਣ ਦੀ ਚਿੰਤਾ ਹੋਣੀ ਸੁਭਾਵਿਕ ਹੀ ਸੀ।



Sri Satguru Jagjit Singh Ji eLibrary NamdhariElibrary@gmail.com

# ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ

ਦੇਸ਼ ਦੇ ਆਜ਼ਾਦੀ ਸੰਗਰਾਮ ਵਿੱਚ ਜਿੱਥੇ ਸਰਦਾਰ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਨਾਲ ਗਦਰ ਲਹਿਰ, ਅਕਾਲੀ ਲਹਿਰ, ਗੁਰਦੁਆਰਾ ਸੁਧਾਰ, ਬੱਬਰ ਅਕਾਲੀ ਲਹਿਰ, ਅਸਹਿਯੋਗ ਅੰਦੋਲਨ ਦਾ ਭਰਪੂਰ ਯੋਗਦਾਨ ਸਵੀਕਾਰਿਆ ਜਾਂਦਾ ਹੈ। ਉੱਥੇ ਜਨਵਰੀ ਸੰਨ 1872 ਦੌਰਾਨ 66 ਨਾਮਧਾਰੀ ਸਿੰਘਾਂ (ਕੂਕਿਆਂ) ਵਲੋਂ ਮਲੇਰਕੋਟਲੇ 'ਚ ਦਿੱਤੀ ਅਦੁੱਤੀ ਕੁਰਬਾਨੀ ਨੂੰ ਇਤਿਹਾਸਕਾਰਾਂ ਨੇ ਸਨਮਾਨ ਯੋਗ ਥਾਂ ਦਿੱਤੀ ਹੈ। ਇਹਨਾਂ 66 ਨਾਮਧਾਰੀ ਸ਼ਹੀਦਾਂ ਵਿਚੋਂ ਲਗਭਗ ਚੌਥਾ ਹਿੱਸਾ ਸ਼ਹੀਦੀਆਂ ਲੈਣ ਦਾ ਮਾਣ ਰਾਮਪੁਰਾ ਫੂਲ ਦੇ ਇਲਾਕੇ ਨੂੰ ਜਾਂਦਾ ਹੈ। ਇਸੇ ਲਈ ਮਹਾਰਾਜਾ ਕੈਪਟਨ ਅਮਰਿੰਦਰ ਸਿੰਘ ਦੇ ਜੱਦੀ ਪਿੰਡ ਮਹਿਰਾਜ (ਰਾਮਪੁਰਾ ਫੂਲ) ਦੇ ਕੂਕਾ ਸ਼ਹੀਦ



ਵਰਿਆਮ ਸਿੰਘ ਯਾਦਗਾਰੀ ਕਮੇਟੀ ਅਤੇ ਸਮੂਹ ਨਾਮਧਾਰੀ ਸਾਧ ਸੰਗਤ ਵੱਲੋਂ ਸ਼ਹੀਦ ਵਰਿਆਮ ਸਿੰਘ ਅਤੇ ਇਲਾਕੇ ਦੇ ਡੇਢ ਦਰਜਨ ਹੋਰਨਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਪਿਛਲੇ 20 ਸਾਲਾਂ ਤੋਂ ਰਾਮਪੁਰਾ ਫੂਲ ਵਿਖੇ ਸਮਾਗਮ ਕੀਤੇ ਜਾ ਰਹੇ ਹਨ। 28, 29, 30 ਜਨਵਰੀ 2005 ਈਸਵੀ ਦੇ ਸਮਾਗਮ ਵਿੱਚ ਵੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਖੇਡ ਸਟੇਡੀਅਮ ਵਿਖੇ 20ਵਾਂ ਯਾਦਗਾਰੀ ਸਮੂਹ ਨਾਮਧਾਰੀ



Sri Satguru Jagjit Singh Ji eLibrary NamdhariElibrary@gmail.com

ਸ਼ਹੀਦੀ ਸਮਾਗਮ ਦੇ ਅੰਤਲੇ ਦਿਨ (30 ਜਨਵਰੀ 2003) ਪੰਜਾਬ ਪ੍ਰਦੇਸ਼ ਕਾਂਗਰਸ ਐਚ.ਐਚ. ਹੰਸਪਾਲ ਵੀ ਹੋਰਨਾਂ ਸਮੇਤ ਨਾਮਧਾਰੀ ਸ਼ਹੀਦਾਂ ਅੱਗੇ ਸਿਰ ਝੁਕਾਉਣ ਪੁੱਜੇ। ਸ਼ਹੀਦ ਯਾਦਗਾਰੀ ਕਮੇਟੀ ਨੂੰ ਜਿੱਥੇ ਗ਼ਿਲਾ ਹੈ ਕਿ ਸਮੇਂ ਦੀਆਂ ਸਰਕਾਰਾਂ ਨੇ ਸ਼ਹੀਦਾਂ ਦੀ ਯਾਦ ਤਾਜ਼ਾ ਰੱਖਣ ਲਈ ਰਾਮਪੁਰਾ ਫੂਲ ਵਿਖੇ ਨਾਮਧਾਰੀ ਸਿੰਘ ਨੂੰ ਕੋਈ ਜਗ੍ਹਾ ਅਲਾਟ ਨਹੀਂ ਕੀਤੀ, ਉੱਥੇ ਐਤਕੀਂ ਪੂਰੀ ਆਸ ਵੀ ਸੀ ਕਿ ਉਹਨਾਂ ਦਾ ਆਪਣਾ ਹੀ ਸਰਕਾਰੀ ਪ੍ਰਤੀਨਿਧ ਵਜੋਂ ਸਮਾਗਮ ਵਿੱਚ ਸ਼ਾਮਿਲ ਸੀ।

ਮਲੇਰਕੋਟਲਾ ਵਿਖੇ ਜਿਹਨਾਂ 66 ਨਾਮਧਾਰੀ ਸਿੰਘਾਂ ਨੂੰ ਅੰਗਰੇਜ਼ੀ ਹਾਕਮਾਂ ਵੱਲੋਂ ਜਨਵਰੀ ਸੰਨ 1872 ਈਸਵੀ ਦੌਰਾਨ ਤੋਪਾਂ ਨਾਲ ਤੂੰਬਾ-ਤੂੰਬਾ ਕਰਕੇ ਉਡਾਇਆ ਗਿਆ। ਅਸਲ ਵਿੱਚ ਇਹਨਾਂ ਸੂਰਮਿਆਂ ਦੀ ਰਗ-ਰਗ ਵਿੱਚ ਨਾਮਧਰੀ ਲਹਿਰ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਦਾ ਪਿਆਰ ਸਮਾਇਆ ਹੋਇਆ ਸੀ।

ਇਹਨਾਂ ਸਾਰੇ ਨਾਮਧਾਰੀਆਂ ਵਿੱਚ ਮਹਿਰਾਜ ਪਿੰਡ ਦੇ ਸ਼ਹੀਦ ਮੋਗਾ ਸਿੰਘ, ਹਰਨਾਮ ਸਿੰਘ, ਅਤਰ ਸਿੰਘ, ਜੋਧ ਸਿੰਘ, ਨੇੜਲੇ ਪਿੰਡ ਗਿੱਲ ਕੱਪੜਾ ਦੇ ਕੇਸਰ ਸਿੰਘ, ਵਰਿਆਮ ਸਿੰਘ, ਲਾਗਲੇ ਪਿੰਡ ਮੰਡੀਕ ਲਾਂ ਦੇ ਸ਼ਹੀਦ ਸੂਬਾ ਗਿਆਨੀ ਰਤਨ ਸਿੰਘ, ਹਰਨਾਮ ਸਿੰਘ, ਪਿੰਡ ਚੋਅਕੇ ਦੇ ਸ਼ਹੀਦ ਮਹਾਂ ਸਿੰਘ ਢਿਲੋਂ, ਪਿੱਥੋਂ ਦੇ ਸ਼ਹੀਦ ਮੰਗਲ ਸਿੰਗ, ਮਸਤਾਨ ਸਿੰਘ, ਗੁਰਮੁਖ ਸਿੰਘ ਤੋਂ ਇਲਾਵਾ ਪਿੰਡ ਪੀਰਕੋਟ ਅਤੇ ਰਾਮਨਗਰ ਦੇ ਅਨੇਕਾਂ ਸ਼ਹੀਦਾਂ ਦਾ ਨਾਂ ਵੀ ਇਤਿਹਾਸ ਅੰਦਰ ਦਰਜ ਹੈ।



Sri Satguru Jagjit Singh Ji eLibrary NamdhariElibrary@gmail.com

# ਸਲਾਮ ਹੈ ਉਨ ਸ਼ਹੀਦੋਂ ਕੋ

ਨਾਮਧਾਰੀ ਸਿੱਖਾਂ ਵੱਲੋਂ ਭਾਰਤ ਦੇਸ਼ ਦੀ ਆਜ਼ਾਦੀ ਲਈ ਦਿੱਤੀਆਂ ਕੁਰਬਾਨੀਆਂ ਅਦੁੱਤੀ ਤੇ ਅਕਥਨੀਯ ਹਨ। ਸ੍ਰੀ ਰਾਬਿੰਦਰ ਨਾਥ ਟੈਗੋਰ ਦੇ ਸ਼ਬਦਾਂ ਵਿੱਚ :-

"ਵੱਖੀਆਂ ਦੀਆਂ ਪਸਲੀਆਂ ਬਾਲ ਕੇ ਕੂਕਿਆਂ ਨੇ ਉਹ ਸ਼ਮ੍ਹਾਂ ਜਲਾਈ ਰੱਖੀ, ਜਿਸਦੇ ਸਿੱਟੇ ਦੇ ਤੌਰ 'ਤੇ ਅਮਨ, ਆਜ਼ਾਦੀ, ਜਮਹੂਰੀਅਤ ਤੇ ਸਾਂਝੀਵਾਲਤਾ ਨੂੰ ਨੂਰੀ ਲੋਅ ਤੇ ਰੁਸ਼ਨਾਈ ਪ੍ਰਾਪਏ ਹੋਈ।"

ਸਤਿਗੁਰੂ ਰਾਮ ਸਿੰਘ ਜੀ ਨੇ 12 ਅਪ੍ਰੈਲ ਸੰਨ 1857 ਈਸਵੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ 'ਸੰਤ ਖ਼ਾਲਸੇ' ਦੀ ਸਿਰਜਨਾ ਇਕ ਐਸੇ ਸਮਾਜ ਦੇ ਨਿਰਮਾਣ ਲਈ ਕੀਤੀ ਸੀ, ਜਿੱਥੇ ਹਰ ਭਾਰਤੀ ਤਨ, ਮਨ, ਧਨ ਕਰਕੇ ਪੂਰਨ ਆਜ਼ਾਦ ਹੋਵੇ। ਲੋਕਾਂ ਦੇ ਮਨਾਂ ਵਿੱਚ ਦੇਸ਼ ਧਰਮ ਲਈ ਪਿਆਰ ਪ੍ਰਭੂ-ਚਿੰਤਨ, ਗਊ ਗ਼ਰੀਬ ਦੀ ਰੱਖਿਆ ਲਈ ਤੱਤਪਰਤਾ, ਤਿਆਗ, ਨਿਮਰਤਾ ਅਤੇ ਸੇਵਾ ਭਾਵ ਆਪ ਮੁਹਾਰੇ ਉਪਜਣ। ਨਿਮਾਣੇ ਉੱਤੇ ਜਬਰ ਜ਼ੁਲਮ ਹੁੰਦਾ ਵੇਖ ਕੇ ਮਨੁੱਖੀ ਆਤਮਾ ਕੁਰਲਾ ਉੱਠੇ। ਇਸੇ ਲਈ ਸਭ ਤੋਂ ਪਹਿਲਾਂ ਗੁਰੂ ਜੀ ਨੇ ਲੋਕਾਂ ਦੇ ਮਨੋਬਲ ਉੱਚਾ ਚੁੱਕਣ ਅਤੇ ਸਵੈਮਾਨ ਉੱਤਪੰਨ ਕਰਨ ਲਈ ਚੁਅੱਖਰੇ ਨਾਮ ਦਾ ਪ੍ਰਚਾਰ ਕੀਤਾ। ਗੁਰਬਾਣੀ ਪੜ੍ਹਨ ਲਾਇਆ। ਕਿਉਂ ਜੁ ਧਰਮੀ ਮਨ ਵਿੱਚ ਹੀ ਸਦਗੁਣਾਂ ਦਾ ਵਾਸਾ ਹੁੰਦਾ, ਨਿਰਮਲ ਕਰਮ ਉਪਜਾਏ ਹਨ। ਮਨੁੱਖ ਨਿਸ਼ਕਪਟ, ਨਿਡਰ ਤੇ ਨਿਰਪੱਖ ਹੋ ਅੱਤਿਆਚਾਰ, ਧਰਮ ਹੀਣਤਾ ਵਿਰੁੱਧ ਆਵਾਜ਼ ਬੁਲੰਦ ਕਰਨ ਜੋਗਾ ਹੋ ਜਾਂਦਾ ਹੈ। ਗੁਰੂ ਜੀ ਨੇ ਆਪਣੇ ਸੰਦੇਸ਼ਾਂ ਦੇ ਪ੍ਰਚਾਰ ਪ੍ਰਸਾਰ ਲਈ ਸੂਬੇ, (ਪ੍ਰਚਾਰਕ) ਥਾਪੇ। ਇਹਨਾਂ ਸੂਬਿਆਂ ਨੇ ਲੋਕਾਂ ਵਿੱਚ ਅਧਿਆਤਮਕਤਾ ਦੇ ਗੁਣਾਂ ਦਾ ਵਾਦ ਛੇੜਿਆ। ਦੇਸੀ ਭਾਸ਼ਾ ਬੋਲਣ, ਦੇਸੀ ਕੱਪੜਾ, ਪਹਿਨਣ ਅਤੇ ਦੇਸੀ ਚੀਜ਼ਾਂ ਦੀ ਵਰਤੋਂ ਕਰਨ ਲਈ ਪ੍ਰੇਰਨਾ ਦਿੱਤੀ। ਆਪ ਜੀ ਨੇ ਆਪਸੀ ਝਗੜਿਆਂ ਨੂੰ ਦੇਸੀ ਪੰਚਾਇਤਾਂ ਵਿਚ ਬਿਨਾਂ ਖਰਚਿਓਂ ਨਿਪਟਾਉਣ ਦੇ ਲਾਭ ਦੱਸੇ ਅਤੇ ਨਾਲੋ ਨਾਲ ਲੋਕਾਂ ਨੂੰ ਵਿਦੇਸ਼ੀ ਵਿੱਦਿਅਕ ਅਦਾਰਿਆਂ, ਵਸਤੂਆਂ, ਸੁੱਖ-ਸੁਵਿਧਾਵਾਂ, ਨੌਕਰੀਆਂ ਅਤੇ ਕਾਨੂੰਨੀ ਅਦਾਲਤਾਂ ਦਾ ਪੂਰਨ ਬਾਈਕਾਟ ਕਰਨ ਲਈ ਤਿਆਰ ਕੀਤਾ।



Sri Satguru Jagjit Singh Ji eLibrary NamdhariElibrary@gmail.com

ਇਤਿਹਾਸਕਾਰ ਸੱਯਦ ਮੁਹੰਮਦ ਲਤੀਫ਼ ਅਨੁਸਾਰ "ਸਤਿਗੁਰੂ ਰਾਮ ਸਿੰਘ ਅਤੇ ਉਸਦੇ ਮੁਰੀਦਾਂ (ਨਾਮਧਾਰੀਆਂ) ਦੇ ਮੁੱਦੇ ਮਹਿਜ਼ ਧਾਰਮਿਕ ਹੀ ਨਹੀਂ ਸਨ। ਸਗੋਂ ਇਕ ਧਾਰਮਿਕ, ਸੁਧਾਰ ਅਤੇ ਸਦਾਚਾਰਕ ਨਸੀਹਤਾਂ ਦੇ ਬਾਣੇ ਵਿੱਚ ਡੂੰਘੇ ਰਾਜਨੀਤਕ ਮਨਸੂਬੇ ਸਨ।"

ਨਾਮਧਾਰੀ ਪ੍ਰਚਾਰ ਐਨਾ ਸਰਲ ਪਰ ਅਸਰਦਾਇਕ ਸੀ ਕਿ ਬਹੁਤ ਥੋੜ੍ਹੇ ਸਮੇਂ ਵਿੱਚ ਲੱਖਾਂ ਦੀ ਗਿਣਤੀ ਵਿੱਚ ਲੋਕਾਂ ਨੇ ਆਪਣਾ ਜੀਉਣਾ ਮਰਨਾ ਗੁਰੂ ਰਾਮ ਸਿੰਘ ਜੀ ਦੇ ਨਾਮ ਕਰ ਦਿੱਤਾ। ਯਾਨਿ ਕਿ ਆਪਣੀ ਜ਼ਿੰਦਗੀ ਦਾ ਇੰਤਕਾਲ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਕਰਵਾ ਦਿੱਤਾ। ਨਾਮਧਾਰੀ ਸਿੱਖ ਅੰਗਰੇਜ਼ ਦੀ ਕੁਟਿਲ ਨੀਤੀ ਤੋਂ ਜਾਣੂ ਹੋ ਗਏ ਕਿ ਅੰਗਰੇਜ਼ਾਂ ਵੱਲੋਂ ਖੋਲੇ ਗਊ-ਕਸ਼ੀ ਦੇ ਬੁੱਚੜਖ਼ਾਨੇ ਮਹਿਜ਼ ਕਤਲਗਾਹ ਨਹੀਂ ਸਗੋਂ ਭਾਰਤੀ ਸੱਭਿਅਤਾ ਦੇ ਮੌਤ ਘਰ ਸਨ। ਇਹ ਅਣਖੀ ਭਾਰਤੀਆਂ ਲਈ ਵੰਗਾਰ ਸੀ।

ਅੱਜ 135-140 ਕੁ ਸਾਲ ਬਾਅਦ ਵੀ ਜਦੋਂ ਕੋਈ ਦੇਸ਼ ਭਗਤ ਉਹ ਬੋਹੜ ਜਿਸ ਨਾਲ ਸੂਬਾ ਗਿਆਨੀ ਰਤਨ ਸਿੰਘ ਤੇ ਸੰਤ ਰਤਨ ਸਿੰਘ ਨੇ ਸ਼ਹੀਦੀ ਝੂਟੇ ਲਏ ਸਨ, ਵੇਖਦਾ ਹੈ ਤਾਂ ਸਿਰ ਸ਼ਰਧਾ ਨਾਲ ਝੁਕ ਜਾਂਦਾ ਹੈ ਤੇ ਦਿਲ ਵਿੱਚੋਂ ਇਹ ਆਪ ਮੁਹਾਰੇ ਹੀ ਨਿਕਲ ਜਾਂਦਾ ਹੈ :-

"ਸ਼ਲਾਮ ਹੈ ਉਨ ਸ਼ਹੀਦੋਂ ਕੋ ਜੋ ਖੋ ਗਏ,
ਵਤਨ ਕੋ ਜਗਾ ਕਰ, ਜੋ ਖ਼ੁਦ ਸੋ ਗਏ।"


Sri Satguru Jagjit Singh Ji eLibrary NamdhariElibrary@gmail.com

# ਇਸਤਰੀਆਂ ਦਾ ਮੁਕਤੀਦਾਤਾ

ਹੈਰਾਨੀ ਹੋਈਦਾ ਹੈ ਇਹ ਸੋਚ ਕੇ ਕਿ ਜਦੋਂ ਬਰਤਾਨਵੀ ਸਾਮਰਾਜ ਭਾਰਤ ਵਿੱਚ ਪੈਰ ਪਸਾਰ ਕੇ ਬੈਠ ਹੀ ਨਹੀਂ ਰਿਹਾ ਸੀ, ਸਗੋਂ ਖ਼ਾਲਸਾ ਰਾਜ ਦੇ ਮਹਾਰਾਜਾ ਰਣਜੀਤ ਸਿੰਘ ਦੇ ਜਾਨਸ਼ੀਨਾਂ ਨੂੰ ਆਪਣੀ ਤਿਕੜਮਾਂ ਦਾ ਸ਼ਿਕਾਰ ਬਣਾ ਕੇ, ਦਸ ਸਾਲ ਦੇ ਅੰਦਰ-ਅੰਦਰ ਹੀ ਇਸ ਤਰ੍ਹਾਂ ਦੀਆਂ ਜੜ੍ਹਾਂ ਖੋਖਲੀਆਂ ਕਰਨ ਵਿੱਚ ਕਾਮਯਾਬ ਹੋ ਗਿਆ ਅਤੇ ਜਦੋਂ ਸੰਨ 1849 ਈਸਵੀ ਤੋਂ ਦਾਸਤਾ ਦੀਆਂ ਘਨਘੋਰ ਘਟਾਵਾਂ ਭਾਰਤ ਭੂਮੀ 'ਤੇ ਛਾ ਗਈਆਂ, ਉਦੋਂ ਸਤਿਗੁਰੂ ਰਾਮ ਸਿੰਘ ਜੀ ਨੇ ਮੁੜ ਸੁਤੰਤਰਤਾ ਪ੍ਰਾਪਤ ਕਰਨ ਦਾ ਹੰਭਲਾ ਮਾਰਨਾ ਕਿਵੇਂ ਸੋਚ ਲਿਆ ਅਤੇ ਕਿਵੇਂ ਤਜਵੀਜ਼ ਕਰਾ ਲਿਆ। ਉਹ ਅਮੋਘ ਅਸਤਰ ਜਿਸ ਦੀਆਂ ਦੁਨੀਆਂ ਭਰ ਵਿੱਚ ਕਿਸੇ ਪਹਿਲਾਂ ਮਿਸਾਲ ਨਹੀਂ ਮਿਲਦੀ। ਅਮੋਘ ਅਸਤਰ ਸੀ ਵਿਦੇਸ਼ੀਆਂ ਨਾਲ ਸੰਪੂਰਨ ਨਾ-ਮਿਲਵਰਤਣ।

ਜਿਸ ਸਮੇਂ ਉਹਨਾਂ ਭਾਰਤ ਸੁਤੰਤਰਤਾ ਦਾ ਆਪਣਾ ਪ੍ਰੋਗਰਾਮ ਐਲਾਨਿਆ ਉਦੋਂ ਕਿਸੇ ਨੂੰ ਵੀ ਇਹ ਆਸ ਨਹੀਂ ਸੀ ਕਿ ਬਰਤਾਨਵੀ ਰਾਜ ਦੀ ਜ਼ਬਰਦਸਤ ਪਕੜ ਦੀਆਂ ਜਾਨ-ਲੇਵਾ ਤਾਰਾਂ ਨੂੰ ਇਹ ਝੰਜੋੜ ਦੇਵੇਗਾ ਕਿ ਉਹਨਾਂ ਦੀ ਕਸ ਆਉਣ ਵਾਲੇ ਦਿਨਾਂ ਵਿੱਚ ਘੱਟ ਤੋਂ ਘੱਟ ਹੀ ਹੁੰਦੀ ਚਲੀ ਜਾਵੇਗੀ ਤੇ ਕਿਹਨੂੰ ਪਤਾ ਸੀ ਕਿ ਪਿੱਛੋਂ ਜਾ ਕੇ ਇਕ ਦਿਨ ਸਤਿਗੁਰੂ ਰਾਮ ਸਿੰਘ ਜੀ ਦੇ ਪੂਰਨਿਆਂ 'ਤੇ ਚੱਲ ਕੇ ਮਹਾਤਮਾ ਗਾਂਧੀ ਦੇਸ਼ ਦੀ ਬੰਦ ਖਲਾਸੀ ਦੇ ਆਗੂ ਰੂਪ ਵਿੱਚ ਉੱਘੇ ਸਿਆਸੀ ਲੀਡਰ ਹੋ ਕੇ ਨਿਕਲਣਗੇ ਤੇ ਅੰਤ ਦੇਸ਼ ਦੀ ਆਜ਼ਾਦੀ ਅਹਿੰਸਕ ਕੋਸ਼ਿਸ਼ਾਂ ਨਾਲ ਹੀ ਪ੍ਰਵਾਨ ਚੜ੍ਹ ਜਾਵੇਗੀ। ਭਾਵੇਂ ਕਿ ਅਹਿੰਸਕ ਕੋਸ਼ਿਸ਼ਾਂ ਦੇ ਨਾਲ-ਨਾਲ ਗ਼ਰਮਖਿਆਲੀਏ ਭਗਤ ਸਿੰਘ, ਊਧਮ ਸਿੰਘ, ਕਰਤਾਰ ਸਿੰਘ ਸਰਾਭਾ ਅਤੇ ਹੋਰ ਅਨੇਕਾਂ ਸ਼ਹੀਦਾਂ ਨੇ ਆਜ਼ਾਦੀ ਲਿਆਉਣ ਵਿੱਚ ਅਹਿਮ ਯੋਗਦਾਨ ਪਾਇਆ। ਇਹਨਾਂ ਸ਼ਹੀਦਾਂ ਨੇ ਆਪਣੇ ਤਨ ਜਲਾ ਕੇ ਰੋਸ਼ਨੀ ਕੀਤੀ ਜਿਸ ਦੀ ਚਾਨਣੀ ਵਿੱਚ ਭਾਰਤੀ ਸੁੱਤੀ ਪਈ ਕੌਮ ਨੂੰ ਆਜ਼ਾਦੀ ਦਾ ਰਾਹ ਦਿੱਸ ਪਿਆ।

**ਗੱਲ ਸਿਰਫ਼ ਐਨੀ ਨਹੀਂ:** ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਦੇਸ਼ ਨੂੰ ਸੁਤੰਤਰ ਕਰਵਾਉਣ ਦੇ ਜੋ ਆਧਾਰ ਬਣਾਏ, ਉਹਨਾਂ ਵਿੱਚ ਇਕ ਸਭ ਤੋਂ ਵੱਧ ਮਹੱਤਵਪੂਰਨ ਆਧਾਰ ਸੀ ਔਰਤਾਂ ਨੂੰ ਬਰਾਬਰੀ ਦੇਣ ਦੀ।



Sri Satguru Jagjit Singh Ji eLibrary NamdhariElibrary@gmail.com

ਸਮੁੱਚੇ ਦੇਸ਼ ਦਾ ਖ਼ਾਸ ਕਰਕੇ ਪੁਰਾਣੇ ਖ਼ਾਲਸਾ ਰਾਜ ਤੇ ਰਿਆਸਤੀ ਅਤੇ ਬਰਤਾਨਵੀ ਪੰਜਾਬ ਦਾ ਧਿਆਨ ਇਸ ਪਾਸੇ ਖਿੱਚਿਆ ਕਿ ਮਾਨਵਤਾ ਦਾ ਅੱਧਾ ਹਿੱਸਾ ਇਸਤਰੀ ਜਾਤੀ ਦਾ ਲਗਾਤਾਰ ਜਿਸ ਦੁਰਦਸ਼ਾ ਦਾ ਸ਼ਿਕਾਰ ਹੋ ਰਿਹਾ ਹੈ, ਇਸ ਨੂੰ ਅੱਖੋਂ ਪਰੋਖੇ ਕਿਉਂ ਕੀਤਾ ਜਾਵੈ

ਸਿੱਖ ਸਤਿਗੁਰੂਆਂ ਦੇ ਮੋਢੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿੱਚ ਇਸਤਰੀ ਦੀ ਭੰਡੀ ਨੂੰ ਇਹ ਕਹਿ ਕੇ ਨਿੰਦਿਆ ਸੀ, "ਸੋ ਕਿਉਂ ਮੰਦਾ ਆਖੀਏ, ਜਿਤੁ ਜੰਮਹਿ ਰਾਜਾਨ"। ਭਾਵ ਜੇ ਔਰਤਾਂ ਦੁਆਰਾ ਹੀ ਸਾਡੇ ਸਰੀਰ ਦੀ ਰਚਨਾ ਤੇ ਪਦਾਇਸ਼ ਹੁੰਦੀ ਹੈ ਤੇ ਇਹਨਾਂ ਔਰਤਾਂ ਨਾਲ ਹੀ ਸਾਡੇ ਮੰਗਣੇ ਵਿਆਹ ਹੁੰਦੇ ਹਨ, ਸੰਸਾਰ ਵਿਚ ਸਾਡੀ ਹੋਰ ਲੋਕਾਂ ਨਾਲ ਸਾਂਝ ਦੋਸਤੀ ਵੀ ਔਰਤਾਂ ਕਾਰਨ ਅਤੇ ਇਸੇ ਦੁਆਰਾ ਜਗਤ ਵਿਹਾਰ ਵਿੱਚ ਸਾਡੀਆਂ ਨਵੀਆਂ ਪੀੜ੍ਹੀਆਂ ਦਾ ਪ੍ਰਵੇਸ਼ ਹੁੰਦਾ ਹੈ। ਜੇ ਇਕ ਇਸਤਰੀ (ਘਰਵਾਲੀ) ਦੀ ਮੌਤ ਹੋ ਜਾਵੇ ਤਾਂ ਦੂਜੀ ਦੀ ਭਾਲ ਕਰਨੀ ਪੈਂਦੀ ਹੈ ਤਾਂ ਫਿਰ ਇਹਨਾਂ ਇਸਤਰੀਆਂ ਨੂੰ ਮੰਦਾ ਕਿਉਂ ਆਖਿਆ ਜਾਵੇ ਜਿਹਨਾਂ ਦੁਆਰਾ ਰਾਜੇ ਮਹਾਰਾਜੇ ਜਨਮ ਲੈਂਦੇ ਹਨ।

ਸਮਾਜ ਵਿੱਚ ਇਸਤਰੀ ਨੂੰ ਬਰਾਬਰ ਦੀ ਭਾਈਵਾਲ ਬਾਅਦ ਦੇ ਸਮੇਂ ਵਿੱਚ ਮਿੱਥਿਆ ਗਿਆ। ਇਹ ਤਬਦੀਲੀ ਲਿਆਉਣ ਦੀ ਜ਼ਿੰਮੇਵਾਰੀ ਸਤਿਗੁਰੂ ਰਾਮ ਸਿੰਘ ਜੀ ਦੇ ਹਿੱਸੇ ਆਈ। ਉਹਨਾਂ 13 ਅਪ੍ਰੈਲ 1857 ਈਸਵੀ ਨੂੰ ਵਿਸਾਖੀ ਵਾਲੇ ਦਿਨ ਭੈਣੀ ਸਾਹਿਬ ਵਿੱਚ ਜਦੋਂ 'ਸੰਤ ਖ਼ਾਲਸੇ' ਦੀ ਨੀਂਹ ਧਰੀ ਤੇ ਉਸ ਤੋਂ ਛੇ ਸਾਲ ਬਾਅਦ ਇਸਤਰੀਆਂ ਨੂੰ ਵੀ ਅੰਮ੍ਰਿਤ ਛਕਾ ਕੇ ਗੁਰਸਿੱਖੀ ਵਿੱਚ ਬਰਾਬਰਤਾ ਤੇ ਪ੍ਰੀ-ਪੂਰਣਤਾ ਲੈ ਆਉਂਦੀ। ਇਹ ਰਸਮ ਸਤਿਗੁਰੂ ਰਾਮ ਸਿੰਘ ਜੀ ਨੇ ਜੂਨ 1863 ਈਸਵੀ ਵਿੱਚ ਪਿੰਡ ਸਿਆੜ (ਲੁਧਿਆਣਾ) ਵਿਖੇ ਨੇਪਰੇ ਚਾੜ੍ਹੀ। ਅੰਮ੍ਰਿਤ ਦਾ ਛਕਾਉਣਾ ਵੀ ਕੋਈ ਮਹਾਨਤਾ ਨਾ ਰੱਖਦਾ ਜੇ ਇਸਤਰੀ ਜਾਤੀ ਨੂੰ ਸਮੁੱਚੇ ਰੂਪ ਵਿੱਚ ਉੱਨਤ ਕਰਨ ਅਤੇ ਉਸ ਦੀ ਪਛੜੇਪਣ ਅਤੇ ਸਮਾਜਿਕ ਨਿਰਾਦਰੀ ਤੋਂ ਉਸ ਨੂੰ ਛੁਟਕਾਰਾ ਦਿਵਾਉਣ ਦਾ ਉੱਦਮ ਨਾ ਕੀਤਾ ਜਾਂਦਾ।

ਸਤਿਗੁਰੂ ਰਾਮ ਸਿੰਘ ਜੀ, ਗੁਰੂ ਨਾਨਕ ਦੇਵ ਜੀ ਵਾਂਗ ਕਿਰਤ ਦਾ ਸਤਿਕਾਰ ਕਰਨ ਵਾਲੇ ਸਨ। ਰਾਮਗੜੀਆ ਖਾਨਦਾਨ ਦੇ ਦੂਲੇ ਹੋਣ ਕਾਰਨ ਅਤੇ ਅਸੂਲੋਂ ਪਛੜਿਆ ਵਿਚੋਂ ਪ੍ਰਕਾਸ਼ ਪਾਉਣ ਸਦਕਾ ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਸਮਾਜ ਵਿੱਚ ਇਸਤਰੀ ਜਾਤੀ ਦੀ ਦੁਰਦਸ਼ਾ ਕਿੰਨੀਆਂ ਭਿਆਨਕ ਡੂੰਘਾਈਆਂ ਤੱਕ ਅੱਪੜ ਚੁੱਕੀ ਹੈ। ਕਿਰਤ ਕਰਕੇ ਖਾਣ ਵਾਲੇ ਪਰਿਵਾਰ ਦੇ ਮੈਂਬਰ ਹੋਣ ਤੋਂ ਬਿਨਾਂ ਆਪ ਨੂੰ ਸਮਾਜਿਕ ਕੁਰੀਤੀਆਂ ਦੇ ਭੋਲੇਪਣ ਦਾ ਸ਼ਿਕਾਰ ਵੀ ਹੋਣਾ ਪਿਆ ਸੀ। ਸਤਿਗੁਰੂ ਰਾਮ ਸਿੰਘ ਜੀ ਦਾ ਮੰਗਣਾ ਮਾਤਾ ਜੱਸਾ ਜੀ (ਪਿੰਡ ਧਰੋੜਾ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ) ਨਾਲ ਹੋ ਗਿਆ ਅਤੇ ਸੱਤ ਸਾਲਾਂ ਦੀ ਉਮਰ ਵਿਚ ਵਿਆਹ ਰਸਮ ਵੀ ਹੋ ਗਈ।

ਚੇਤਨ ਸੂਝ ਦੇ ਮਾਲਿਕ ਸਤਿਗੁਰੂ ਜੀ ਨੇ 42, 43 ਸਾਲ ਦੀ ਉਮਰ ਤੇ ਪਹੁੰਚ ਕੇ


Sri Satguru Jagjit Singh Ji eLibrary NamdhariElibrary@gmail.com

ਪੂਰੀ ਤਰ੍ਹਾਂ ਗ਼ੁਲਾਮ ਹੋ ਚੁੱਕੇ ਦੇਸ਼ ਦੇ ਸਾਹਮਣੇ ਨਵਾਂ ਰਾਜਨੀਤਕ, ਸਮਾਜਿਕ ਅਤੇ ਆਰਥਿਕ ਕਾਰਜ ਕਰਮ ਰੱਖਿਆ। ਉਸ ਵੇਲੇ ਉਹਨਾਂ ਨੂੰ ਉਹ ਦੱਬਿਆ ਕੁਚਲਿਆ ਇਸਤਰੀ ਸਮਾਜ ਪੂਰੀ ਤਰ੍ਹਾਂ ਯਾਦ ਸੀ, ਜਿਹੜਾ ਵੇਖਣ ਨੂੰ ਮਨੁੱਖਾਂ ਸਮਾਜ ਵਰਗਾ ਸੀ। ਬਿਨਾਂ ਕੁਝ ਪ੍ਰਤੱਖ ਫ਼ਰਕਾਂ ਦੇ ਅਥਵਾ ਨਰ ਦਾ ਦੂਜਾ ਭਾਗ ਨਾਰੀ ਸੀ। ਜੋ ਆਦਮੀਆਂ ਵਾਂਗ ਹੀ ਖਾਂਦਾ ਪੀਂਦਾ, ਉੱਠਦਾ ਬੈਠਦਾ ਤੇ ਰਹਿੰਦਾ ਅਤੇ ਇਸ ਤੋਂ ਬਿਨਾਂ ਕੋਈ ਵੀ ਘਰੋਗੀ ਇਕਾਈ ਨਹੀਂ ਸੀ ਪਰ ਉਹ ਐਨਾ ਅਧੀਨ ਸੀ, ਐਨਾ ਗਿਰ ਚੁੱਕਿਆ ਸੀ ਕਿ ਨਾ ਆਪਣੇ ਮਨ ਦੀ ਗੱਲ ਕਹਿ ਸਕਦਾ ਸੀ ਤੇ ਨਾ ਹੀ ਕਰ ਸਕਦਾ ਸੀ। ਉਸ ਕਿੱਲੇ ਬੱਧੇ ਪਸ਼ੂ ਵਾਂਗ ਸੀ ਜਿਸ ਨੂੰ ਮਾਲਕ ਜਦੋਂ ਚਾਹੇ ਵੇਚ ਸਕਦਾ, ਜਦੋਂ ਚਿੱਤ ਕਰੇ ਵੱਟਾ-ਸੱਟਾ ਕਰ ਲੈਂਦਾ ਅਤੇ ਜਦੋਂ ਜੀ ਆਵੇ ਘਰੋਂ ਧੱਕੇ ਦੇ ਕੇ ਕੱਢ ਦਿੰਦਾ, ਇੱਥੋਂ ਤੱਕ ਕਿ ਮਾਰ ਮੁਕਾ ਸਕਦਾ ਸੀ।

ਕੋਈ ਸ਼ੱਕ ਨਹੀਂ ਸਤਿਗੁਰੂ ਰਾਮ ਸਿੰਘ ਜੀ ਦੀ ਸੋਚਵਾਨ ਬਿਰਤੀ, ਜਦੋਂ ਫ਼ੌਜੀ ਜੀਵਨ ਤੋਂ ਉਪਰਾਮ ਹੋ ਖੇਤੀ ਤੇ ਦੂਜੇ ਕਾਰ ਵਿਹਾਰ ਵਿੱਚ ਲੱਗੀ, ਉਦੋਂ ਨਿਰੰਤਰ ਇਸ ਸੋਚ ਵਿਚ ਖੁੱਭੀ ਰਹੀ ਕਿ ਦੇਸ਼ ਦਾ ਉਧਾਰ ਕਿਵੇਂ ਹੋਵੇ। ਲੋਕਾਂ ਦਾ ਸਦਾਚਾਰ ਕੋਈ ਨਹੀਂ, ਜੀਵਨ ਦਾ ਆਧਾਰ ਕੋਈ ਨਹੀਂ, ਸੋਚ ਦੀ ਉੱਤਮਤਾ ਦਾ ਪ੍ਰਚਾਰ ਕੋਈ ਨਹੀਂ, ਇਸਤਰੀ ਜਾਤੀ ਵੱਲ ਰਵਾਦਾਰ ਕੋਈ ਨਹੀਂ। ਕਿਵੇਂ ਕਲਿਆਣ ਹੋਵੇ ਦੇਸ਼ ਦਾ। ਵਿਦੇਸ਼ੀ ਰਾਜ ਦੀ ਪਕੜ ਤੋਂ ਕਿਵੇਂ ਛੁਟਕਾਰਾ ਹਾਸਿਲ ਹੋਵੇ।

ਅਨੇਕਾਂ ਸਵਾਲ ਸਾਹਮਣੇ ਸਨ, ਜਵਾਬ ਇਕੋ ਸੀ: ਚਰਿੱਤਰ ਬਲ ਜਗਾਓ ਤੇ ਉੱਚਾ ਕਰੋ।



Sri Satguru Jagjit Singh Ji eLibrary NamdhariElibrary@gmail.com

## ਚਰਿੱਤਰ ਸ਼ਕਤੀ ਜਗਾਉਣਾ

ਸਤਿਗੁਰੂ ਰਾਮ ਸਿੰਘ ਜੀ ਨੇ ਫ਼ੌਜ ਵਿਖੇ ਨੌਕਰੀ ਸਮੇਂ ਦਸਮ ਗ੍ਰੰਥ ਜੀ ਦੇ ਪਾਠ ਕੀਤੇ ਸਨ ਅਤੇ ਫ਼ੌਜ ਤੋਂ ਵਿਹਲੇ ਹੋਣ ਤੋਂ ਬਾਅਦ ਜਦੋਂ ਆਪ ਘਰ ਆ ਕੇ ਕਿਰਤ-ਵਿਰਤ ਕਰਨ ਲੱਗੇ ਉਦੋਂ ਵੀ ਉਹਨਾਂ ਦੇ ਨਿੱਤਨੇਮ ਵਿੱਚ ਦਸਮ ਗੁਰੂ ਜੀ ਦੀ ਬਾਣੀ ਮੌਜੂਦ ਸੀ। ਸਤਿਗੁਰੂ ਰਾਮ ਸਿੰਘ ਜੀ ਦ੍ਰਿਸ਼ਟੀ ਵਿਚ ਦੇਸ਼ ਉਸਾਰੀ ਦੂਜੇ ਅਰਥਾਂ ਵਿੱਚ ਉਸ ਵੇਲੇ ਦੀ ਸਿੱਖੀ ਦੀ ਸੁਰਜੀਤਤਾ ਲਈ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗੁਰੂ ਜੀ ਦੀ ਬਾਣੀ ਦੇ ਸੁਮੇਲ ਦੀ ਲੋੜ ਸੀ।

ਸਤਿਗੁਰੂ ਰਾਮ ਸਿੰਘ ਜੀ ਦੀ ਦ੍ਰਿਸ਼ਟੀ ਅਤੇ ਮਨੁੱਖਾ ਮਨ ਦੀਆਂ ਗਹਿਰਾਈਆਂ ਭਾਂਪਣ ਵਾਲੀ ਸੂਝ ਨੇ ਨਿਰਣਾ ਕਰ ਲਿਆ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਪ੍ਰਚਲਿਤ ਕੀਤਾ ਜਾਵੇ ਤੇ ਲੋਕਾਂ ਵਿੱਚ ਉਸ ਬਾਰੇ ਉਤਸ਼ਾਹ ਜਗਾਏ ਬਿਨਾਂ ਚਰਿੱਤਰ ਬਲ ਨਾ ਪੈਦਾ ਹੋ ਸਕਦਾ ਹੈ ਤੇ ਨਾ ਹੀ ਮਜ਼ਬੂਤ ਹੋ ਸਕਦਾ ਹੈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚੜ੍ਹਦੀ ਕਲਾ ਵਿਚ ਲੈ ਜਾਣ ਵਾਲੀ ਬਾਣੀ ਦੇ ਪੜ੍ਹਨ ਪੜ੍ਹਾਉਣ ਬਿਨਾਂ ਸ਼ਕਤੀ ਦੀ ਪ੍ਰਾਪਤੀ ਨਹੀਂ ਹੋ ਸਕਦੀ। ਜਿਸ ਬਿਨਾਂ ਨਾ ਚਰਿੱਤਰ ਰਹਿ ਸਕਦਾ ਹੈ ਨਾ ਗ਼ੁਲਾਮੀ ਵੰਗਾਰੀ ਜਾ ਸਕਦੀ ਹੈ।

ਦਸਵੇਂ ਪਾਤਸ਼ਾਹ ਜੀ ਨੇ ਭਗਾਉਤੀ, ਦੁਰਗਾ, ਕਾਲੀ, ਚੰਡੀ ਆਦਿ ਭਾਰਤ ਦੀਆਂ ਦੇਵੀਆਂ ਦੇ ਯੁੱਧਾਂ ਅਤੇ ਰਣ-ਕੌਸ਼ਲ ਦੀਆਂ ਸ਼ਕਤੀਸ਼ਾਲੀ ਰਚਨਾਵਾਂ ਕੀਤੀਆਂ ਸਨ, ਜਿਹਨਾਂ ਨੂੰ ਪੜ੍ਹ ਕੇ ਕਾਇਰ ਤੋਂ ਕਾਇਰ ਮਨੁੱਖ ਦੇ ਵੀ ਡੋਲੇ ਫ਼ਰਕਣ ਲੱਗ ਪੈਣ ਤੇ ਸਰੀਰ ਵਿੱਚ ਨਵੇਂ ਅਤੇ ਤੇਜ਼ ਲਹੂ ਦੀ ਧਾਰਾ ਵਹਿ ਤੁਰੇ।

ਸਤਿਗੁਰੂ ਰਾਮ ਸਿੰਘ ਜੀ ਦੋਹਾਂ ਗ੍ਰੰਥ ਸਾਹਿਬਾਂ ਨੂੰ ਇਕ ਜੈਸੇ ਆਦਰ ਦੀ ਭਾਵਨਾ ਨਾਲ ਵੇਖਦੇ ਸਨ ਅਤੇ ਆਪ ਨੇ ਅੰਤਿਮ ਨਿਰਣੇ ਦੇ ਤੌਰ 'ਤੇ ਇਹ ਦ੍ਰਿੜ ਕਰ ਲਿਆ ਕਿ ਇਹੋ ਬਾਣੀਆਂ ਭਗਤੀ ਅਤੇ ਸ਼ਕਤੀ ਦਾ ਸਰੋਤ ਹੋ ਸਕਦੀਆਂ ਹਨ।

ਦੂਜੇ ਬੰਨੇ ਮਹਾਂ ਸ਼ਕਤੀ ਜੋ ਕਦੇ ਆਪਣੀ ਬੁੱਧੀ ਨਾਲ ਸਾਰੇ ਮਨੁੱਖੀ ਸਮਾਜ ਦੇ ਕਲਿਆਣ ਹਿੱਤ ਭਾਂਤ-ਭਾਂਤ ਦੀਆਂ ਦੇਵੀਆਂ ਬਣ ਸੰਘਾਰ ਕਰਦੀ ਸੀ, ਹੁਣ ਉਸ ਸ਼ਕਤੀ ਨੂੰ ਚੁੱਲ੍ਹੇ ਨੂੰ ਭੁੱਬਲ ਹੇਠ ਨੱਪ ਕੇ ਰੱਖਿਆ ਗਿਆ ਸੀ। ਅਰਥਾਤ ਨਾਰੀ ਸ਼ਕਤੀ ਨੂੰ ਚੌਂਕੇ ਚੁੱਲ੍ਹੇ ਦੀ ਕਾਰ ਤੇ ਘਰ ਦੀ ਚਾਰਦੀਵਾਰੀ ਵਿੱਚ ਕੈਦ ਰੱਖ ਕੇ ਦੇਸ਼ ਦੀ ਪ੍ਰਗਤੀ ਨੂੰ ਪਿੱਠ ਦੇ ਰੱਖੀ ਸੀ।

ਸਤਿਗੁਰੂ ਰਾਮ ਸਿੰਘ ਜੀ ਨੇ 1857 ਈਸਵੀ ਦੀ ਵਿਸਾਖੀ ਵਾਲੇ ਦਿਨ 12



Sri Satguru Jagjit Singh Ji eLibrary NamdhariElibrary@gmail.com

ਔਰਤ ਨੂੰ ਇਸ ਸ਼ਕਤੀ ਨੂੰ ਸੁਚੇਤ ਕਰਨ ਲਈ ਪਹਿਲੀਆਂ ਫ਼ੂਕਾਂ ਮਾਰ ਦਿੱਤੀਆਂ ਅਤੇ ਇਸ ਨੂੰ ਮਘਾ ਕੇ ਪ੍ਰਚੰਡ ਕਰਨ ਲਈ ਵਿਸ਼ੇਸ਼ ਯਤਨ ਜਾਰੀ ਕਰ ਦਿੱਤੇ। ਅੱਜ ਇਹ ਗੱਲ ਕਰ ਲੈਣੀ ਸੌਖੀ ਹੈ।

ਹੁਣ ਸਾਰੀ ਦੁਨੀਆਂ ਉੱਤੇ ਹੀ ਇਸਤਰੀ ਜਾਤੀ ਨੇ ਆਪਣੀ ਸ਼ਕਤੀ ਤੇ ਸੋਝੀ ਦੀ ਅੱਖ ਖੋਲ੍ਹ ਲਈ ਹੈ, ਪਰ ਜ਼ਰਾ 135, 140 ਸਾਲ ਪਿਛਾਂਹ ਵੱਲ ਝਾਤੀ ਮਾਰ ਕੇ ਵੇਖੀਏ ਤਾਂ ਸਤਿਗੁਰੂ ਰਾਮ ਸਿੰਘ ਜੀ ਦੀ ਸੋਚਣੀ ਨੂੰ ਸਾਦਰ ਪ੍ਰਣਾਮ ਕਰਨ ਨੂੰ ਜੀਅ ਕਰਦਾ ਹੈ। ਸਤਿਗੁਰੂ ਰਾਮ ਸਿੰਘ ਸਧਾਰਨ ਕਿਰਤੀ ਪਰਿਵਾਰ ਵਿੱਚੋਂ ਸਨ। ਉਹਨਾਂ ਨੇ ਸਕੂਲਾਂ, ਕਾਲਜਾਂ ਦੀ ਸਿੱਖਿਆ ਨਹੀਂ ਲਈ ਸੀ। (ਅਤੇ ਨਾ ਹੀ ਉਦੋਂ ਕਾਲਜ ਵਗੈਰਾ ਐਨੇ ਸਨ), ਉਸ ਸਮੇਂ ਦੁਨੀਆਂ ਭਰ ਦੇ ਖੇਤਰ ਵਿੱਚ ਇਸਤਰੀ ਦੀ ਬਰਾਬਰੀ ਦਾ ਸੁਆਲ ਕਿਤੇ ਵੀ ਨਹੀਂ ਸੀ ਉੱਠਿਆ।

ਯੂਰਪ ਦੇ ਕਈ ਦੇਸ਼ਾਂ ਨੇ ਅੱਜ ਤੱਕ ਵੀ ਇਸਤਰੀ ਨੂੰ ਸੰਪੂਰਨ ਬਰਾਬਰੀ ਦੇ ਅਧਿਕਾਰ ਨਹੀਂ ਦਿੱਤੇ, ਭਾਵੇਂ ਉਸ ਦੀ ਖ਼ੂਬਸੂਰਤੀ ਦੀ ਵਿਰਤੀ ਦਾ ਪ੍ਰਗਟਾਵਾ ਅਨੇਕਾਂ ਵਾਰ ਕੀਤਾ ਜਾਂਦਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਗੁਰਬਾਣੀ ਅਤੇ ਸਿੱਖ ਇਤਿਹਾਸ ਤੋਂ ਪ੍ਰੇਰਨਾ ਲੈ ਕੇ ਡੇਢ ਸਦੀ ਪਹਿਲਾਂ ਇਸ ਮਹਾਂਸ਼ਕਤੀ ਨੂੰ ਪਹਿਚਾਨਣ ਵਿੱਚ ਪਹਿਲ ਕਰ ਲਈ ਸੀ ਜਿਸ ਨੂੰ ਪਿੱਛੋਂ ਜਾ ਕੇ ਯੁੱਗ ਬਦਲੀ ਦੇ ਫ਼ਲਸਫ਼ਾਦਾਨਾਂ ਵਿਆਖਿਆ ਅਤੇ ਉਸ ਦੀ ਵਰਤੋਂ ਇਨਕਲਾਬ ਨੇ ਕੀਤੀ।

ਸਤਿਗੁਰੂ ਰਾਮ ਸਿੰਘ ਜੀ ਨੇ ਸ਼ਕਤੀ ਦੇ ਸਾਰੇ ਹੀ ਭਾਰਤੀ ਰੂਪਾਂ ਨੂੰ ਨਾਰੀ ਜੀਵਨ ਵਿੱਚ ਉਭਾਰਨ ਲਈ ਪਹਿਲਾਂ ਉਸ ਦੀਆਂ ਡੰਡੇ-ਬੇੜੀਆਂ ਵੱਲ ਧਿਆਨ ਦਿੱਤਾ ਅਤੇ ਉਸ ਨੂੰ ਸਮਾਜਿਕ ਬੰਧਨਾਂ ਤੋਂ ਮੁਕਤ ਕਰ ਲਿਆ। ਉਸ ਨੂੰ ਹਰ ਖੇਤਰ ਵਿੱਚ ਮੁਨਾਸਬ ਥਾਂ ਅਤੇ ਅਧਿਕਾਰ ਦੇ ਕੇ ਜੀਵਨ ਦੇ ਸੋਭੇ (ਪੜ੍ਹਾਂ ਤੇ) ਵਿੱਚ ਉਸ ਦੀ ਯੋਗਤਾ ਅਨੁਸਾਰ ਸੇਵਾ ਬਖ਼ਸ਼ ਕੇ ਕਿਰਤਾਰਥ ਕੀਤਾ।

ਨਿੱਘਰੇ ਹੋਏ ਸਮਾਜ ਨੂੰ ਮੁੜ ਤੋਂ ਚਰਿੱਤਰਵਾਨ ਬਣਾਉਣ ਲਈ ਜੋ ਉਸਾਰੀ ਗੁਰੂ ਰਾਮ ਸਿੰਘ ਜੀ ਨੇ ਆਰੰਭ ਕੀਤੀ ਉਸ ਵਿਚ ਔਰਤਾਂ ਪੂਰੀਆਂ ਭਾਈਵਾਲ ਸਨ।

ਜਿਵੇਂ ਧਿਆਨ ਰੱਖਿਆ: ਸਤਿਗੁਰੂ ਰਾਮ ਸਿੰਘ ਜੀ ਨੇ ਦੇਸ਼ ਵਿੱਚ ਰਹਿੰਦਿਆਂ ਤਾਂ ਇਸਤਰੀ ਜਾਤੀ ਦੀ ਕਲਿਆਣ ਹਿੱਤ ਸਮਾਜ ਨੂੰ ਝੰਜੋੜਿਆ ਹੀ, ਪਰ ਜਦੋਂ ਆਪ ਜੀ ਨੂੰ 1872 ਈਸਵੀ ਵਿੱਚ ਰਾਸ਼ਟਰੀ ਸਰਗਰਮੀਆਂ ਕਾਰਨ ਦੇਸ਼ ਨਿਰਵਾਸਤ (ਦੇਸ਼ ਨਿਕਾਲਾ) ਕਰ ਦਿੱਤਾ ਗਿਆ ਤਾਂ ਵੀ ਆਪ ਨੇ ਇਸ ਨੂੰ ਭੁਲਾਇਆ ਨਹੀਂ।

ਹੇਠਾਂ ਹੁਕਮਨਾਮਿਆਂ ਵਿੱਚੋਂ ਕੁਝ ਟੂਕਾਂ ਦਿੱਤੀਆਂ ਗਈਆਂ ਹਨ, ਜਿਹਨਾਂ ਤੋਂ ਆਪ ਦੀ ਇਸਤਰੀ ਪ੍ਰਤੀ ਭਾਵਨਾ ਦਾ ਸਿੱਧਾ ਤੇ ਸਪਸ਼ਟ ਪ੍ਰਗਟਾਵਾ ਹੁੰਦਾ ਹੈ:-

1. ਸਭ ਮਾਈ ਬੀਬੀ ਨੇ ਪਿਛਲੀ ਰਾਤ ਉੱਠ ਕੇ ਦਾਤਣ ਕਰਨੀ, ਫਿਰ ਇਸ਼ਨਾਨ ਕਰਨਾ ਅਤੇ ਬਾਣੀ ਪੜ੍ਹਨੀ, ਜੇ ਬਾਣੀ ਕੰਠ ਨਾ ਹੋਵੇ ਤਾਂ ਕੋਸ਼ਿਸ਼ ਕਰਕੇ ਕੰਠ ਕਰਨੀ ਹੈ। (ਸੰਮਤ 1919 ਭੈਣੀ ਸਾਹਿਬ ਲਈ)
2. ਲੜਕੇ, ਲੜਕੀਆਂ ਨੂੰ ਅੱਖਰ ਗਿਆਨ ਦੇਣਾ, ਪਹਿਲਾਂ ਸੁਰਤ ਸੰਭਾਲਣ ਨਾਲ (ਸਮੂਹ ਸੰਗਤ ਦੇ ਨਾਮ)
3. ਖ਼ਾਲਸਾ ਜੀ ਸਭ ਨੇ ਬਾਣੀ ਕੰਠ ਕਰਨੀ ਹੈ, ਹਰੇਕ ਕੁੜੀ, ਮੁੰਡੇ ਨੇ ਨਾਲ-ਨਾਲ


Sri Satguru Jagjit Singh Ji eLibrary NamdhariElibrary@gmail.com

ਮਾਲਾ ਵੀ ਫੇਰਨੀ ਹੈ।

4. (ਜ਼ਿਲ੍ਹਾ ਫਿਰੋਜ਼ਪੁਰ ਦੇ ਮੁਖੀਆਂ ਨੂੰ) ਸਭ ਨੇ ਹੀ ਬੁੱਢੇ ਬਾਬੇ ਨੇ, ਮਾਈ ਭਾਈ ਨੇ ਤੜਕੇ ਉੱਠ ਕੇ ਇਸ਼ਨਾਨ ਕਰਨ ਉਪਰੰਤ ਬਾਣੀ ਦਾ ਪਾਠ ਕਰਨਾ ਹੈ। ਇਸ ਤਰ੍ਹਾਂ ਸਭ ਦਾ ਭਲਾ ਹੋਊਗਾ।

5. (ਜ਼ਿਲ੍ਹਾ ਅੰਮ੍ਰਿਤਸਰ ਦੇ ਮੁਖੀਆਂ ਨੂੰ) ਸਰਬ ਬੁੱਢੇ ਬਾਬੇ ਤੇ ਮਾਈ ਭਾਈ ਨੇ ਪਿਛਲੀ ਰਾਤ ਇਸ਼ਨਾਨ ਕਰਕੇ ਬਾਣੀ ਪੜ੍ਹਨੀ ਤੇ ਲੜਕੇ ਲੜਕੀਆਂ ਨੂੰ ਅੱਖਰ ਪੜ੍ਹਾ ਦੇਣੇ।

6. ਹੋਰ ਭਾਈ ਲੜਕੀਆਂ ਦੇ ਅਨੰਦ ਪੜ੍ਹਾਏ ਦਿਓ, ਕੋਈ ਸਿੰਘ ਵੀ ਹੋਣ ਭਾਵੇਂ ਰਿਜ਼ਕ ਪਾਣੀ ਵੀ ਚੰਗਾ ਹੋਵੇ ਜੇ ਸਤਿਸੰਗੀ ਹੋਣ ਤਾਂ ਚੰਗਾ ਹੈ।

7. (ਜ਼ਿਲ੍ਹਾ ਅੰਮ੍ਰਿਤਸਰ ਦੇ ਆਗੂਆਂ ਨੂੰ) ਸਭ ਨੇ ਸਵੇਰੇ ਉੱਠ ਕੇ ਇਸ਼ਨਾਨ ਜ਼ਰੂਰ ਕਰਨਾ ਹੈ ਤੇ ਸਭ ਲੜਕੇ ਲੜਕੀਆਂ ਨੂੰ ਅੱਖਰ ਗਿਆਨ ਵੀ ਦੇਣਾ ਹੈ।

8. (ਜ਼ਿਲ੍ਹਾ ਲਾਹੌਰ ਦੀ ਸੰਗਤ ਨੂੰ) ਹੁਕਮ ਕੌਰ ਨੂੰ ਮੇਰੀ ਰਾਮ ਸਤਿ ਵਾਚਣੀ ਬਹੁਤ ਕਰਕੇ। ਬਹੁਤ ਗ਼ਜ਼ਬ ਮੁਟਿਆਰ ਕੁੜੀ ਦਾ ਰੰਡੀ ਹੋ ਜਾਣਾ। ਕਿਸੇ ਦੇ ਕੋਈ ਬਸ ਨਹੀਂ ਹੈ। ਇਹ ਸਭ ਪ੍ਰਮੇਸ਼ਰ ਦੀ ਮਰਜ਼ੀ ਹੈ ਕੁੜੀਏ, ਭਜਨ ਬਾਣੀ ਕਰਕੇ ਤਕੜੀ ਹੋ। ਹੋਰ ਤਾਂ ਕੋਈ ਯਤਨ ਨਹੀਂ ਕੀਤਾ ਜਾ ਸਕਦਾ। ਹੁਣ ਗੋਬਿੰਦ ਦਾ ਭਾਣਾ ਮੰਨੋ, ਬਾਣੀ ਦਾ ਆਸਰਾ ਲਵੋ।

9. (ਜ਼ਿਲ੍ਹਾ ਅੰਮ੍ਰਿਤਸਰ ਦੀ ਇਕ ਬੀਬੀ ਨੂੰ) ਨਿਤਾਣੇ ਦੀ ਸੇਵਾ ਕਰਨੀ ਅੱਛੀ ਤਰ੍ਹਾਂ ਨਾਲ। ਬਿਮਾਰ ਦੀ ਸੇਵਾ ਕਰਨਾ ਬਹੁਤ ਹੀ ਪੁੰਨ ਹੁੰਦਾ ਹੈ। ਮਾਈ ਮਾੜੀ, ਤੇਰੀ ਹੀ ਮੰਗ ਤੈਨੂੰ ਮਿਲੀ ਹੈ। ਤੂੰ ਆਂਢ੍ਹੀ ਹੁੰਦੀ ਸੀ ਮੇਰੀ ਦੇਹ ਟੱਬਰ ਅੱਗੇ ਆਵੇ।

10. (ਅੰਮ੍ਰਿਤਸਰ ਦੀ ਇਕ ਮਾਤਾ ਨੂੰ) ਜੁਆਲਾ ਦਈ ਤੇ ਭਜਨ ਬਾਣੀ ਕਰਨਾ ਰਾਤ ਦਿਨੇ। ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਿਆ ਕਰੋ ਹਮੇਸ਼ਾ ਹੀ। ਮਾਲਾ ਵੀ ਫੇਰਿਆ ਕਰੋ ਥੋੜ੍ਹੀ ਬਹੁਤੀ। ਇਹੋ ਲਾਭ ਹੈ ਮਨੁੱਖਾ ਸਰੀਰ ਦੇ ਜਨਮ ਦਾ।

11. (ਚੰਡੀ ਦੀ ਵਾਰ) ਇਹ ਪਾਠ ਸਭ ਸਿੰਘ ਕਰਨ। ਨਿਆਣੇ-ਸਿਆਣੇ, ਮੁੰਡੇ-ਕੁੜੀਆਂ, ਬਾਲ ਆਦਿ ਨਿੱਤਨੇਮ ਪਾਠ ਕਰਨ।

12. (ਭੈਣੀ ਸਾਹਿਬ ਵੱਲ ਲਿਖੇ ਨਿੱਤਨੇਮ ਹੁਕਮਨਾਮੇ 'ਚੋਂ) ਬੀਬੀ ਨੰਦਾ ਲੜਕੀਆਂ, ਬਹੂਆਂ ਨੂੰ ਵੀ ਅੱਖਰ ਪੜ੍ਹਾ ਦੇਣੇ, ਬਾਣੀ ਕੰਠ ਕਰਾ ਦੇਣੀ ਔਰ ਪਿਛਲੀ ਰਾਤ ਉੱਠ ਕੇ ਸਭ ਨੇ ਇਸ਼ਨਾਨ ਕਰਕੇ ਭੋਜਨ ਤਿਆਰ ਕਰਨਾ। ਉੱਤਮੀ ਨੂੰ ਲੀੜਾ ਰੁੱਤ-ਰੁੱਤ ਦਾ ਦੇ ਦੇਣਾ, ਵਿਚਾਰੀ ਗ਼ਰੀਬਣੀ ਸਾਧਣੀ ਹੈ।

13. (ਗੁਰੂ ਹਰੀ ਸਿੰਘ ਜੀ ਵੱਲ) ਬੀਬੀ ਨੰਦਾ ਜਦ ਸ਼ੇਰ ਸਿੰਘ ਦਾ ਵਿਆਹ ਦੇਵੇ ਲੈ ਲੇਣਾ। ਕੁੜੀਆਂ, ਮੁੰਡਿਆਂ ਤੋਂ ਅੱਛੀ ਤਰ੍ਹਾਂ ਭਜਨ ਕਰਵਾਉਣਾ। ਕਿਸੇ ਨੰ ਸੌਣ ਨਹੀਂ ਦੇਣਾ ਪਿਛਲੀ ਰਾਤ ਨੂੰ ਜਿਹੜੇ ਤੇਰੇ ਪਾਸ ਰਹਿੰਦੇ ਨੇ। ਬੀਬੀ ਜਿਹੜੀ ਮਹੰਤੀ ਹੈ ਅਰ ਉੱਤਮੀ ਨੂੰ ਆਦਰ ਦੇਣਾ।

14. (ਆਪਣੀ ਸਪੁੱਤਰੀ ਨੂੰ) ਜੇ ਹੋ ਸਕੇ ਤਾਂ ਪੰਜ ਗ੍ਰੰਥੀ ਕੰਠ ਕਰ ਲੈਣੀ, ਨਹੀਂ ਤਾਂ ਜਾਪ ਸਾਹਿਬ, ਜਪੁਜੀ ਸਾਹਿਬ, ਰਹਿਰਾਸ, ਆਰਤੀ, ਕੀਰਤਨ-ਸੋਹਿਲਾ, ਸੁਖਮਨੀ, ਆਸਾ ਦੀ ਵਾਰ ਸਭ ਕੰਠ ਕਰਨ ਸਭ ਜਨਾਨੇ ਮਰਦਾਨੇ।



Sri Satguru Jagjit Singh Ji eLibrary NamdhariElibrary@gmail.com

# ਸਤਿਗੁਰੂ ਰਾਮ ਸਿੰਘ ਦਾ ਦੂਤ ਦਰਬਾਰ ਵਿੱਚ



ਸ਼੍ਰੀ ਪ੍ਰਫੁੱਲ ਚੰਦਰ ਰਾਏ ਦਾ ਇਹ ਲੇਖ ਸੰਨ 1958 ਵਿੱਚ ਤ੍ਰਿਵੇਂਦਰ (ਕੇਰਲ) ਵਿੱਚ ਹੋਏ ਭਾਰਤੀ ਇਤਿਹਾਸ ਰਿਕਾਰਡ ਕਮਿਸ਼ਨ ਦੇ ਸਲਾਨਾ ਸੰਮੇਲਨ ਵਿੱਚ ਪੜ੍ਹਿਆ ਗਿਆ ਸੀ ਤੇ ਇਸ ਲੇਖ ਰਾਹੀਂ ਆਪ ਨੇ ਭਾਰਤੀ ਇਤਿਹਾਸਕਾਰਾਂ ਨੂੰ ਪਹਿਲੀ ਵਾਰੀ ਸੂਬਾ ਗੁਰਚਰਨ ਸਿੰਘ ਰਾਹੀਂ ਬਣੇ ਭਾਰਤ ਰੂਸ ਦੇ ਸਬੰਧ ਬਾਰੇ ਇਤਿਹਾਸਕ ਜਾਣਕਾਰੀ ਦਿੱਤੀ ਸੀ। ਸ਼੍ਰੀ ਚੰਦਰ ਰਾਏ ਭਾਰਤ ਦੇ ਕੇਂਦਰੀ ਸੂਚਨਾ ਵਿਭਾਗ ਵਿੱਚ ਰੀਸਰਚ ਆਫ਼ੀਸਰ ਸਨ ਤੇ ਆਪ ਨਾਮਧਾਰੀ ਇਤਿਹਾਸ ਬਾਰੇ ਇਤਿਹਾਸ ਸਬੰਧੀ ਕੰਮ ਕਰ ਰਹੇ ਸਨ। ਸ਼੍ਰੀ ਰਾਏ ਦਾ ਇਹ ਲੇਖ ਅਸੀਂ ਬੰਗਾਲੀ ਲੇਖਕਾਂ ਦੇ ਪ੍ਰੱਤ "ਪ੍ਰੀਸ਼ਦ ਵਾਰਿਸ਼ਦ" ਵਿੱਚ ਅਨੁਵਾਦ ਕਰਕੇ ਦੇ ਰਹੇ ਹਾਂ ਅਤੇ ਇਸ ਦੀ ਰੋਸ਼ਨੀ ਵਿਚ ਹੇਠ ਲਿਖ ਰਹੇ ਹਾਂ।

ਇਹ ਲੇਖ 17 ਫਰਵਰੀ ਸੰਨ 2002 ਵਿੱਚ ਵਿਰਸ਼ਾ ਵਿੱਚ ਅਮਰ ਭਾਰਤੀ ਵੱਲੋਂ ਦਿੱਤਾ ਗਿਆ ਸੀ। ਉੱਨੀਵੀਂ ਸਦੀ ਦੇ ਅੱਧ ਵਿੱਚ ਬ੍ਰਿਟਿਸ਼ ਕਬਜ਼ੇ ਹੇਠਲੇ ਪੰਜਾਬ ਵਿੱਚ ਆਮ ਸਿੱਖਾਂ ਵਲੋਂ ਆਜ਼ਾਦੀ ਲਈ ਸੰਘਰਸ਼ ਕੂਕਾ ਵਿਦਰੋਹ ਤੋਂ ਸ਼ੁਰੂ ਹੋਇਆ ਨਾਮਧਾਰੀ ਸੰਪ੍ਰਦਾਏ ਹੀ ਕੂਕਾ ਨਾਮ ਨਾਲ ਪ੍ਰਸਿੱਧ ਹੈ। ਗੁਰੂ ਨਾਨਕ ਵੱਲੋਂ ਚਲਾਏ ਸਿੱਖ ਧਰਮ ਦੀ ਰਖਵਾਲੀ ਤੇ ਪ੍ਰਚਾਰ ਦੇ ਉਦੇਸ਼ ਨਾਲ ਹਜ਼ਰੋ (ਪਾਕਿਸਤਾਨ) ਦੇ ਵਾਸੀ ਬਾਬਾ ਬਾਲਕ



Sri Satguru Jagjit Singh Ji eLibrary NamdhariElibrary@gmail.com

ਸਿੰਘ ਨੇ ਇਸ ਸੰਪਰਦਾ ਦੀ ਰਚਨਾ ਕੀਤੀ।

ਨਿਰੋਲ ਧਰਮ: ਪ੍ਰੇਰਨਾ ਦੇ ਅਧੀਨ ਸੰਗਠਨ ਬਣਨ ਤੇ ਵੀ ਭਾਰਤ ਦੇ ਆਜ਼ਾਦੀ ਲਈ ਸੰਗਰਾਮ ਦੇ ਇਤਿਹਾਸ ਵਿੱਚ ਕੂਕਿਆਂ ਦੇ ਦਾਨ ਨੇ ਇਕ ਉੱਜਲੇ ਅਧਿਆਏ ਦੀ ਰਚਨਾ ਕੀਤੀ ਹੈ। ਪੁਰਾਤਨ ਧਰਮ ਵਿੱਚ ਪੁਰਾਣਾ ਦਾ ਸੰਚਾਰ ਕਰਨ ਕਰਕੇ ਉਸ ਵੇਲੇ ਸੰਪਰਦਾ ਵਿੱਚੋਂ ਇਕ ਬੇਮਿਸਾਲ ਰਾਜਨੀਤਕ ਚੇਤਨਾ ਦ੍ਰਿਸ਼ਟੀਗੋਚਰ ਹੋਈ। ਅਨੇਕਾਂ ਤਰ੍ਹਾਂ ਦੇ ਇਤਿਹਾਸਕ ਉਤਾਰਾਂ-ਚੜ੍ਹਾਵਾਂ, ਹਮਲਿਆ ਤੇ ਜਵਾਬੀ ਹਮਲਿਆਂ ਦੇ ਨਤੀਜੇ ਵੱਲੋਂ ਪੰਜਾਬ ਦੀ ਹਾਲਤ ਵਿੱਚ ਐਨੀ ਤੇਜ਼ੀ ਨਾਲ ਤਬਦੀਲੀ ਆਈ ਕਿ ਮਜ਼ਬੂਰੀ ਵਿੱਚ ਧਰਮ ਸੰਪਰਦਾ ਨੂੰ ਵੀ ਹਥਿਆਰ ਬੰਦ ਹੋਣਾ ਪਿਆ। ਬ੍ਰਿਟਿਸ਼ ਪੰਜੇ ਵਿੱਚੋਂ ਆਪਣੀ ਤੇ ਭਾਰਤ ਦੀ ਆਜ਼ਾਦੀ ਲਈ ਇਕ ਵਿਦੇਸ਼ੀ ਰਾਜ ਨਾਲ ਸਬੰਧ ਜੋੜ ਕੇ ਉਸ ਦੀ ਸਹਾਇਤਾ ਹਾਸਿਲ ਕਰਨ ਦਾ ਯਤਨ ਕਰਨਾ ਪਿਆ। ਸਿੱਖ ਰਾਜ ਦੇ ਖਾਤਮੇ ਕਰਕੇ ਖ਼ਾਲਸਾ ਫ਼ੌਜ ਦੇ ਬਹੁਤੇ ਸਿੱਖ ਬੇਕਾਰ ਹੋ ਗਏ। ਉਹਨਾਂ ਲਈ ਨਿਰ੍ਹਾ ਖੇਤੀਬਾੜੀ ਉੱਤੇ ਨਿਰਭਰ ਰਹਿਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਮੰਦੇ ਦਿਨਾਂ ਵਿੱਚ ਗੁਜ਼ਾਰਾ ਕਰਨ ਲਈ ਖੇਤੀਬਾੜੀ ਦਾ ਕੰਮ ਸ਼ੁਰੂ ਕਰਨ ਤੇ ਵੀ ਇਕ ਫ਼ੌਜੀ ਜਾਤੀ ਲਈ ਇਸ ਕੰਮ ਵਿੱਚ ਪੂਰੀ ਤਰ੍ਹਾਂ ਮਨ ਲਗਾਉਣਾ ਸੰਭਵ ਨਹੀਂ ਸੀ। ਖ਼ਾਸ ਕਰਕੇ ਬਹੁਤੇ ਲੋਕ ਬੇਜ਼ਮੀਨੇ ਹੱਲ ਵਾਹਕ ਸਨ, ਸੋ ਇਸ ਕੰਮ ਰਾਹੀਂ ਪਰਿਵਾਰ ਦਾ ਰੂਸੀ ਦਰਬਾਰ ਵਿੱਚ ਬਾਕੀ ਸਾਰੀਆਂ ਥਾਵਾਂ 'ਤੇ ਸਤਿਗੁਰੂ ਰਾਮ ਸਿੰਘ ਜੀ ਦੇ ਛੋਟੇ ਭਰਾ ਦਾ ਨਾਮ ਸਤਿਗੁਰੂ ਹਰੀ ਸਿੰਘ ਹੀ ਆਉਂਦਾ ਹੈ ਜੋ ਸਹੀ ਵੀ ਜਾਪਦਾ ਹੈ, ਕਿਉਂਕਿ ਬਹੁਤੀਆਂ ਲੇਖਣੀਆਂ ਵਿੱਚ ਸਤਿਗੁਰੂ ਹਰੀ ਸਿੰਘ ਹੀ ਆਉਂਦਾ ਹੈ। ਨਿਰਵਾਸਿਤ ਗੁਰੂ ਨਾਲ ਮਰਮੋਟੀ ਜ਼ੇਲ ਵਿੱਚ ਵੀ ਚਿੱਠੀ-ਪੱਤਰ ਦੇ ਸਬੰਧ ਜੋੜਨੇ ਅਤੇ ਅੰਗਰੇਜ਼ ਵਿਰੋਧੀ ਸੰਗਰਾਮ ਵਿੱਚ ਰੂਸੀ ਸ਼ਕਤੀ ਦੀ ਸਹਾਇਤਾ ਪ੍ਰਾਪਤੀ ਯਤਨ ਕੂਕਾ ਅੰਦੋਲਨਕਾਰੀਆਂ ਵੱਲੋਂ ਬਾਅਦ ਵਿੱਚ ਅਪਣਾਏ ਜਾਣ ਵਾਲੇ ਗੁਪਤ ਦਾਅ-ਪੇਚਾਂ ਦੀ ਖ਼ਾਸ ਮਹਾਨਤਾ ਹੈ।

ਅਜਿਹੇ ਸਮੇਂ ਅੰਗਰੇਜ਼ ਅਫ਼ਗਾਨ ਜੰਗ ਨੇ ਇਸ ਤਰੀਕੇ ਨੂੰ ਅਮਲ ਵਿੱਚ ਲਿਆਉਣ ਵਿੱਚ ਕਾਫ਼ੀ ਮੱਦਦ ਕੀਤੀ। ਇਸਲਾਮ ਨੂੰ ਮੰਨਣ ਵਾਲੇ ਅਫ਼ਗਾਨ ਸਿੱਖਾਂ ਲਈ ਭਾਵੇਂ ਕਿੰਨੇ ਵੀ ਓਪਰੇ ਹੋਣ ਪਰ ਅੰਗਰੇਜ਼ਾਂ ਨੂੰ ਕੱਢਣ ਦੇ ਮਾਮਲੇ ਵਿਚ ਉਹ ਸਿੱਖਾਂ ਦੇ ਭਾਈਵਾਲ ਬਣ ਗਏ। ਜੰਗ ਵਿੱਚ ਥੱਕੇ ਹਾਰੇ ਅੰਗਰੇਜ਼ਾਂ ਨੂੰ ਇਸ ਸੰਕਟ ਵੇਲੇ ਅੰਤਿਮ ਸੱਟ ਮਾਰਨ ਲਈ ਕੂਕਾ ਨੇਤਾਵਾਂ ਨੇ ਤਿਆਰੀ ਕੀਤੀ। ਮੱਧ ਏਸ਼ੀਆ ਵਿੱਚ ਰੂਸੀ ਸਾਮਰਾਜ ਤੇ ਦ੍ਰਿੜ ਵਿਸ਼ਵਾਸ਼ ਸੀ। ਅੰਗਰੇਜ਼ੀ ਹਕੂਮਤ ਦਾ ਖਾਤਮਾ ਕਰਨ ਲਈ ਅਫ਼ਗਾਨਿਸਤਾਨ ਦੇ ਰਾਹੀਂ ਰੂਸ ਕਿਸੇ ਨਾ ਕਿਸੇ ਦਿਨ ਜ਼ਬਰਦਸਤ ਹਮਲਾ ਕਰੇਗਾ। ਨੇਤਾਵਾਂ ਨੇ ਫੈਸਲਾ ਕੀਤਾ ਕਿ ਮੱਧ ਏਸ਼ੀਆ ਦੇ ਰੂਸੀ ਦਰਬਾਰ ਵਿੱਚ ਦੂਤ ਘੱਲ ਕੇ ਰੂਸ ਦੇ ਹਾਕਮਾਂ ਨੂੰ ਭਰੋਸਾ ਦਿਵਾਇਆ ਜਾਵੇ ਕਿ ਉਹਨਾਂ ਵਲੋਂ ਭਾਰਤ ਵਿੱਚ ਅੰਗਰੇਜ਼ੀ ਰਾਜ ਉੱਤੇ ਹਮਲਾ ਕਰਦਿਆਂ ਹੀ ਸਾਰੇ ਭਾਰਤ ਵਾਸੀ ਉਹਨਾਂ ਦੀ ਇਸ ਅੰਗਰੇਜ਼ਾਂ ਵਿਰੁੱਧ ਲੜਾਈ ਵਿੱਚ ਪੂਰੇ ਸਹਿਯੋਗ ਨਾਲ ਭਾਰਤ ਵਰਸ਼ ਵਿੱਚੋਂ ਅੰਗਰੇਜ਼ਾਂ ਦਾ ਰਾਜ ਖਤਮ ਹੋ



Sri Satguru Jagjit Singh Ji eLibrary NamdhariElibrary@gmail.com

ਜਾਵੇਗਾ। ਇੰਝ ਮਹਾਰਾਜਾ ਰਣਜੀਤ ਸਿੰਘ ਦਾ ਪੁੱਤਰ ਦਲੀਪ ਸਿੰਘ ਮੁੜ ਪੰਜਾਬ ਦੇ ਰਾਜ ਸਿੰਘਾਸਨ ਨੂੰ ਹਾਸਿਲ ਕਰੇਗਾ ਤੇ ਦੂਜੇ ਬੰਨੇ ਪੱਛਮ ਵਿੱਚ ਰੂਸੀ ਸ਼ਕਤੀ ਸ਼੍ਰੋਮਣੀ ਸ਼ਕਤੀ ਬਣ ਜਾਏਗੀ।

ਪਰ ਇਸ ਯੋਜਨਾ ਨੂੰ ਉਹਨਾਂ ਹਲਾਤਾਂ ਵਿੱਚ ਅਮਲੀ ਰੂਪ ਦੇਣਾ ਇਕ ਬਹੁਤ ਹੀ ਔਖਾ ਕੰਮ ਸੀ। ਇਸ ਤਰ੍ਹਾਂ ਮੱਧ ਏਸ਼ੀਆ ਦੇ ਬਿਖੜੇ ਪੈਂਡੇ (ਰਾਹਾਂ ਨੂੰ) ਪਾਰ ਕਰਕੇ ਜਾਣਾ ਔਖਾ ਸੀ, ਦੂਜਾ ਭਾਰਤ ਵਰਸ਼ ਦੀ ਉਸ ਵੇਲੇ ਦੀ ਵਿਸ਼ੇਸ਼ ਰਾਜਨਤੀਕ ਪ੍ਰਸਥਿਤੀ ਦਾ ਵਿਸ਼ਲੇਸ਼ਣ ਕਰਕੇ ਰੂਸ ਦੇ ਹਾਕਮਾਂ ਨੂੰ ਅੰਗਰੇਜ਼ ਵਿਰੋਧੀ ਚੜ੍ਹਾਈ ਲਈ ਤਿਆਰ ਕਰਨਾ ਵੀ ਔਖੀ ਨਹੀਂ ਸੀ।

ਅੰਗਰੇਜ਼ ਤੇ ਅਫ਼ਗਾਨ ਹਾਕਮਾਂ ਦੀ ਸਾਵਧਾਨ ਨਜ਼ਰ ਤੋਂ ਬਚ ਕੇ ਜੰਗ ਨਾਲ ਤਬਾਹ ਹੋਏ ਦੇਸ਼ ਦੇ ਵਿੱਚੋਂ ਲੰਘ ਕੇ ਜਾਣ ਲਈ ਖ਼ਾਸ ਕਿਸਮ ਦੀ ਦਲੇਰੀ ਤੇ ਬੁੱਧੀ ਮਤਾ ਦੀ ਲੋੜ ਸੀ। ਕੂਕਾ ਅੰਦੋਲਨ ਦੇ ਅੰਤਿਮ ਅਧਿਆਏ ਦੇ ਨਾਇਕ ਬਾਬਾ ਗੁਰਚਰਨ ਸਿੰਘ ਨੇ ਆਪਣਾ ਸਿਰ ਤਲੀ 'ਤੇ ਧਰ ਕੇ ਇਹ ਵੱਡੀ ਜ਼ਿੰਮੇਵਾਰੀ ਸੰਭਾਲ ਲਈ। ਗੁਰੂ ਨਾਨਕ ਦੇ ਸਿੱਖ ਦੇ ਸਹਿਯੋਗੀ ਭਾਈ ਪਿਰਾਨਾ, ਗੁਰਚਰਨ ਸਿੰਘ ਦੇ ਪੁਰਖਿਆਂ ਵਿੱਚੋਂ ਸਨ। ਭਾਈ ਪਿਰਾਨਾ ਨੇ ਸਿੱਖੀ ਦੇ ਪ੍ਰਚਾਰ ਲਈ ਕਾਬੁਲ ਵਿੱਚ ਇਕ ਧਰਮਸ਼ਾਲਾ ਬਣਵਾਈ ਸੀ। ਉੱਥੇ ਬਹੁਤ ਸਾਰੇ ਲੋਕ ਉਹਨਾਂ ਦੇ ਚੇਲੇ ਬਣ ਗਏ ਸਨ। ਛੋਟੇ ਹੁੰਦਿਆਂ ਤੋਂ ਹੀ ਕਾਬੁਲ ਵਿੱਚ ਜਾਂਦੇ ਆਉਂਦੇ ਗੁਰਚਰਨ ਸਿੰਘ ਦੇ ਉੱਤਰਾਧਿਕਾਰੀ ਦੇ ਸਿਲਸਿਲੇ ਵਿੱਚ ਧਰਮਸ਼ਾਲਾ ਦੇ ਰਖਸ਼ਕ ਤੇ ਧਰਮ ਉਪਦੇਸ਼ਕ ਦੀ ਥਾਂ ਸੰਭਾਲੀ ਅਤੇ ਉਸਦਾ ਕਾਬੁਲ ਆਉਣਾ ਜਾਣਾ ਬਣਿਆ ਰਿਹਾ। ਜਵਾਨੀ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿੱਚ ਰਹਿਣ ਤੋਂ ਬਾਅਦ ਵੀ ਕਾਬੁਲ ਆਉਣਾ ਜਾਣਾ ਜਾਰੀ ਰਿਹਾ। ਸੰਨ 1849 ਈਸਵੀ ਵਿੱਚ ਹੋਰ ਸਿੱਖ ਫ਼ੌਜੀਆਂ ਦੇ ਨਾਲ-ਨਾਲ ਉਸ ਕੋਲੋਂ ਵੀ ਹਥਿਆਰ ਲੈ ਲਏ ਗਏ ਸਨ ਤੇ ਉਹ ਜ਼ਿਲ੍ਹਾ ਸਿਆਲਕੋਟ ਦੇ ਪਿੰਡ ਚੱਕ ਰਾਮਦਾਸ਼ ਵਿੱਚ ਆਪਣੇ ਜੱਦੀ ਘਰ ਵਿੱਚ ਜਾ ਕੇ ਵਾਹੀ ਦੇ ਕੰਮ ਵਿੱਚ ਲੱਗ ਗਿਆ ਸੀ। ਲਗਭਗ ਸੰਨ 1870 ਦੇ ਲਾਗੇ-ਚਾਗੇ ਸਤਿਗੁਰੂ ਰਾਮ ਸਿੰਘ ਜੀ ਨੇ ਧਰਮ ਪ੍ਰਚਾਰ ਦੇ ਸਿਲਸਿਲੇ ਵਿੱਚ ਆਇਆ ਹੋਇਆ ਗੁਰਚਰਨ ਸਿੰਘ ਦੇ ਘਰ ਦਰਸ਼ ਦਿੱਤੇ ਤੇ ਉਸਦੀ ਸੇਵਾ ਅਤੇ ਨਿਮਰਤਾ ਤੋਂ ਖ਼ੁਸ਼ ਹੋ ਕੇ ਉਸ ਨੂੰ ਕੂਕਾ ਸੂਬਾ ਪਦਵੀ ਦਿੱਤੀ।

ਕੂਕਾ ਵਿਦਰੋਹ ਵਿੱਚ ਗੁਰਚਰਨ ਸਿੰਘ ਦਾ ਕੋਈ ਹਿੱਸਾ ਨਹੀਂ ਸੀ ਕਿਉਂਕਿ ਵਿਦਰੋਹ ਵੇਲੇ ਉਹ ਕਾਬੁਲ, ਗਜ਼ਨੀ ਆਦਿ ਥਾਵਾਂ 'ਤੇ ਘੁੰਮ ਰਿਹਾ ਸੀ ਤੇ ਪੰਜਾਬ ਤੋਂ ਬਾਹਰ ਸੀ। ਘਰ ਮੁੜ ਕੇ ਕੂਕਾ ਵਿਦਰੋਹ ਦੀ ਨਕਾਮੀ ਨੂੰ ਦਿਲੋਂ ਪ੍ਰਵਾਨ ਕਰਨਾ ਉਸ ਲਈ ਅਸੰਭਵ ਹੋ ਗਿਆ। ਆਪਣੇ ਦੇਸ਼ ਤੇ ਆਪਣੀ ਜਾਤੀ ਦੀ ਖੁੱਸ ਚੁੱਕੀ ਮਰਿਯਾਦਾ ਨੂੰ ਮੁੜ ਹਾਸਿਲ ਕਰਨ ਲਈ ਉਸ ਨੇ ਕਮਰ-ਕੱਸੇ ਕਸ ਲਏ। ਮੌਕਾ ਮਿਲਦਿਆਂ ਹੀ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਲਿਖਵਾਏ ਸੁਨੇਹੇ ਨੂੰ ਲੈ ਕੇ ਬਿਨਾਂ ਝਿਜਕ ਉਸ ਨੇ ਮੱਧ ਏਸ਼ੀਆ ਦੇ ਬਿਖੜੇ ਰਾਹਾਂ ਨੂੰ ਪਾਰ ਕਰਨਾ ਸ਼ੁਰੂ ਕਰ ਦਿੱਤਾ। ਘਰ ਦਾ ਮੋਹ ਬਿਰਧ ਨੂੰ



Sri Satguru Jagjit Singh Ji eLibrary NamdhariElibrary@gmail.com

ਥੋੜ੍ਹਾ ਹੀ ਸੀ ਵਿਦੇਸ਼ ਯਾਤਰਾ ਤੋਂ ਪਹਿਲਾਂ ਘਰ ਵਾਲਿਆਂ ਨੂੰ ਉਹ ਸਿਰਫ਼ ਐਨਾ ਹੀ ਆਖ ਗਿਆ ਕਿ ਇਸ ਵਾਰ ਉਹ ਪਹਿਲਾਂ ਵਾਂਗ ਕਾਬੁਲ ਹੀ ਜਾਏਗਾ।

ਅੰਗਰੇਜ਼ ਤੇ ਅਫ਼ਗਾਨ ਹਾਕਮਾਂ ਦੀ ਸਾਵਧਾਨ ਨਜ਼ਰ ਤੋਂ ਬਚਦਾ ਹੋਇਆ ਗੁਰਚਰਨ ਸਿੰਘ 9 ਮਈ ਸੰਨ 1879 ਈਸਵੀ ਨੂੰ ਰੂਸੀ ਤੁਰਕਿਸਤਾਨ ਦੇ ਸਰਹੱਦੀ ਸ਼ਹਿਰ ਕੁਟਾਰਕੁਮਾਨ ਵਿੱਚ ਜਾ ਪਹੁੰਚਾ। ਇਸ ਬਿਰਧ ਸਿੱਖ ਦੀ ਆਮਦ ਅਤੇ ਖ਼ਾਸ ਕਰਕੇ ਉਸ ਦੇ ਹੱਥ ਵਿਚਲੀ ਚਿੱਠੀ ਨੇ ਸ਼ਹਿਰ ਵਾਸੀਆਂ ਵਿੱਚ ਕਾਫ਼ੀ ਹਲਚਲ ਮਚਾ ਦਿੱਤੀ। ਜਰਾਵਾਸਗਸਕ ਦੇ ਹੁਕਮ ਮੇਅਰ ਜਨਰਲ ਅੰਨ-ਟੀ-ਈਵਾਨੋਵ ਕੋਲ ਖ਼ਬਰ ਪਹੁੰਚਣ 'ਤੇ ਉਸ ਨੇ ਗੁਰਚਰਨ ਸਿੰਘ ਨੂੰ ਸਮਰਕੰਦ ਆਉਣ ਲਈ ਸੱਦਾ ਘੱਲਿਆ, ਪਰ ਈਵਾਨੋਵ ਨੂੰ ਗੁਰਮੁਖੀ ਅੱਖਰਾਂ ਵਿੱਚ ਲਿਖੀ ਚਿੱਠੀ ਦਾ ਭਾਵ ਸਮਝਣਾ ਭਾਸ਼ਾ ਦੀ ਦੂਰੀ ਕਰਕੇ ਗੁਰਚਰਨ ਸਿੰਘ ਲਈ ਲਗਭਗ ਅਸੰਭਵ ਹੋ ਗਿਆ। ਖੁਸ਼ਕਿਸਮਤੀ ਨੂੰ ਸਮਰਕੰਦ ਦਰਬਾਰ ਵਿੱਚ ਗਏ ਹੋਏ ਇਕ ਭਾਰਤੀ ਵਪਾਰੀ ਨੇ ਪਹਿਲਾਂ ਉਸ ਚਿੱਠੀ ਦਾ ਫ਼ਾਰਸੀ ਭਾਸ਼ਾ ਵਿੱਚ ਤਰਜਮਾ ਕੀਤਾ। ਫ਼ਾਰਸੀ ਤੋਂ ਰੂਸੀ ਭਾਸ਼ਾ ਵਿੱਚ ਉਲਝਾਉਣ ਲਈ ਉਨਾ ਔਖਾ ਕੰਮ ਨਹੀਂ ਸੀ, ਕਿਉਂਕਿ ਮੱਧ-ਏਸ਼ੀਆ ਵਿੱਚ ਫ਼ਾਰਸੀ ਤੋਂ ਰੂਸੀ ਭਾਸ਼ਾਵਾਂ ਜਾਨਣ ਵਾਲੇ ਬਹੁਤ ਸਨ। ਇਸ ਚਿੱਠੀ ਵਿੱਚ ਉਸ ਰੂਸੀ ਹਾਕਮ ਨੂੰ ਸੰਬੋਧਨ ਕਰਕੇ ਲਿਖਿਆ ਸੀ।

"ਸੰਤ ਖ਼ਾਲਸੇ ਵੱਲੋਂ ਸਤਿ ਸ੍ਰੀ ਅਕਾਲ ਪਹੁੰਚੇ। ਮੈਂ ਆਪਣੇ ਸਹਿਯੋਗੀ ਗੁਰਚਰਨ ਸਿੰਘ ਨੂੰ ਆਪ ਵੱਲ ਭੇਜ ਰਿਹਾ ਹਾਂ। ਇਹ ਆਪ ਨੂੰ ਸਾਰੀ ਗੱਲ ਖੋਲ ਕੇ ਦੱਸੇਗਾ।"

ਗੁਰੂ ਗੋਬਿੰਦ ਸਿੰਘ ਜੀ ਬਹੁਤ ਚਿਰ ਪਹਿਲਾਂ ਆਖ ਗਏ ਸਨ। ਔਰੰਗਜ਼ੇਬ ਦੇ ਅੱਤਿਆਚਾਰ ਤੋਂ ਖ਼ਾਲਸੇ ਦੇ ਮੁਕਤ ਹੋ ਜਾਣ 'ਤੇ ਵੀ ਅੰਗਰੇਜ਼ ਉਸ ਨੂੰ ਹਰਾ ਕੇ ਰਾਜ ਕਰਨਾ ਸ਼ੁਰੂ ਕਰ ਦੇਣਗੇ। ਉਸ ਤੋਂ ਬਾਅਦ ਰੂਸ ਆਏਗਾ। ਉਹ ਜਿੱਤੇਗਾ ਤੇ ਅੰਗਰੇਜ਼ਾਂ ਨੂੰ ਭਾਜੜਾਂ ਪੈਣਗੀਆਂ।

"ਸਾਡੇ ਹੱਥ ਵਿੱਚ ਤਿੰਨ ਲੱਖ ਪੰਦਰਾਂ ਹਜ਼ਾਰ ਫ਼ੌਜ ਹੈ। ਲੋੜ ਪੈਣ 'ਤੇ ਹੋਰ ਵੀ ਇਕੱਠੀ ਕਰਨੀ ਮੁਸ਼ਕਲ ਨਹੀਂ ਹੋਵੇਗੀ। ਅੰਗਰੇਜ਼ ਭਾਰਤ ਵਰਸ਼ ਉੱਤੇ ਚੌਤੀ ਸਾਲ ਰਾਜ ਕਰੇਗਾ। 32 ਸਾਲ ਬੀਤ ਗਏ ਹਨ। ਬਾਕੀ ਹਨ ਸਿਰਫ਼ 2 ਸਾਲ ਅਕਾਲ ਪੁਰਖ ਆਪ ਅੰਗਰੇਜ਼ਾਂ ਦੀਆਂ ਬੈਰਕਾਂ ਖਾਲੀ ਕਰਾਵੇਗਾ, ਸਾਰੇ ਸਿੱਖ ਬਗ਼ਾਵਤ ਦਾ ਐਲਾਨ ਕਰਨਗੇ। ਅਸੀਂ ਸਾਰੇ ਜੰਗ ਕਰਾਂਗੇ।"

"ਜਿਸ ਥਾਂ 'ਤੇ ਜਿੰਨੇ ਨਾਮਧਾਰੀ ਸਿੱਖ ਹਨ। ਉਹ ਸਾਰੇ ਇਸ ਮੁਕਤੀ ਸੰਗਰਾਮ ਵਿੱਚ ਨਿੱਤਰਨਗੇ। ਇਸ ਯੁੱਧ ਵਿੱਚ ਨਾਮਧਾਰੀ ਸਿੰਘਾਂ ਨਾਲ ਰਲ ਕੇ ਜਿਹੜੇ ਅੰਗਰੇਜ਼ ਦੀ ਗੋਲੀ ਨਾਲ ਸ਼ਹੀਦ ਹੋਣਗੇ, ਉਹ ਅਕਾਲ ਪੁਰਖ ਦੇ ਸੱਚੇ ਸੇਵਕ ਹੋਣਗੇ।"

ਰਾਮ ਸਿੰਘ ਨੇ ਦ੍ਰਿੜਤਾ ਨਾਲ ਐਲਾਨ ਕੀਤਾ ਸੀ, ਤੁਸੀਂ ਜ਼ਰੂਰ ਹੀ ਸਾਡੀ ਸਹਾਇਤਾ ਕਰੋਗੇ। ਤਿੰਨ ਲੱਖ ਪੰਦਰਾਂ ਹਜ਼ਾਰ ਸਿੱਖ ਤੁਹਾਡੇ ਨਾਲ ਹੋਣਗੇ, ਹੋਰ ਵੀ


Sri Satguru Jagjit Singh Ji eLibrary NamdhariElibrary@gmail.com

ਬੇਅੰਤ ਰਲ ਜਾਣਗੇ। ਤੁਸੀਂ ਆਣ ਕੇ ਸਾਨੂੰ ਜਿਵੇਂ ਚਲਾਉਗੇ ਅਸੀਂ ਉਸੇ ਤਰ੍ਹਾਂ ਚਲਾਂਗੇ।

"ਬਾਬਾ ਬੁੱਧ ਸਿੰਘ (ਹਰੀ ਸਿੰਘ) ਸਭ ਕੁਝ ਜਾਣਦੇ ਹਨ, ਉਹ ਪਿੱਛੇ ਹਨ। 34 ਸੂਬੇ ਉਹਨਾਂ ਦੇ ਹੁਕਮ ਵਿੱਚ ਹਨ। ਇਸ ਚਿੱਠੀ ਨੇ ਰੂਸੀ ਦਰਬਾਰ ਵਿੱਚ ਭਾਰਤੀ ਹਾਕਮਾਂ ਨੂੰ ਦੰਗ ਕਰ ਦਿੱਤਾ, ਕਿਉਂਕਿ ਇਸ ਤੋਂ ਪਹਿਲਾਂ ਜਿਹੜੇ ਮੱਧ ਏਸ਼ੀਆ ਦੇ ਰੂਸੀ ਦਰਬਾਰ ਵਿੱਚ ਭਾਰਤ ਵਰਸ਼ ਦੀ ਪ੍ਰਤੀਨਿਧਤਾ ਕਰਨ ਲਈ ਆਏ ਸਨ। ਉਹ ਕਸ਼ਮੀਰ ਤੇ ਇੰਦੌਰ ਦੇ ਰਾਜਿਆਂ ਵੱਲੋਂ ਘੱਲੇ ਹੋਏ ਦੂਤ ਸਨ। ਗੁਰਚਰਨ ਸਿੰਘ ਇਕ ਬੇਪਛਾਣ ਭਾਰਤੀਆਂ ਦਾ ਪ੍ਰਤੀਨਿਧ ਸੀ, ਸੋ ਭਾਰਤ ਦੀ ਅਸਲ ਹਾਲਤ 'ਤੇ ਚਿੱਠੀ ਦੇ ਘੱਲਣ ਦੇ ਮੂਲ ਉਦੇਸ਼ ਬਾਰੇ ਗੁਰਚਰਨ ਸਿੰਘ ਨੂੰ ਅਨੇਕਾਂ ਤਰ੍ਹਾਂ ਦੇ ਸਵਾਲ ਪੁੱਛੇ ਗਏ। ਸਰਕਾਰੀ ਹਾਕਮ ਐਨ.ਏ. ਕਟੋਨਕੋਵ ਦੇ ਸਵਾਲਾਂ ਦੇ ਜਵਾਬ ਵਿੱਚ ਗੁਰਚਰਨ ਸਿੰਘ ਨੇ ਕਿਹਾ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਦੇਸ਼ ਨਿਕਾਲੇ ਤੋਂ ਬਾਅਦ ਉਹਨਾਂ ਦੇ ਭਰਾਤਾ ਬੁੱਧ ਸਿੰਘ (ਹਰੀ ਸਿੰਘ) ਜੀ ਨੇ ਕੂਕਾ ਸੰਪਰਦਾ ਦੀ ਅਗਵਾਈ ਸੰਭਾਲੀ ਹੈ। ਰੂਸੀ ਹਾਕਮ ਤੱਕ ਚਿੱਠੀ ਪਹੁੰਚਾ ਦੇਣ ਦੀ ਜ਼ਿੰਮੇਵਾਰੀ ਉਹਨਾਂ ਨੇ ਆਪ ਗੁਰਚਰਨ ਸਿੰਘ ਨੂੰ ਸੌਂਪੀ ਹੈ। ਕਟੋਨਕੋਵ ਨੇ ਗੁਰਚਰਨ ਸਿੰਘ ਬਾਰੇ ਕਿਹਾ "ਗੁਰਚਰਨ ਸਿੰਘ ਦਾ ਅਟੁੱਟ ਵਿਸ਼ਵਾਸ਼ ਹੈ ਕਿ ਰੂਸੀ ਫ਼ੌਜ ਦੇ ਭਾਰਤ ਵਿੱਚ ਪੈਰ ਰੱਖਦਿਆਂ ਹੀ ਹਰ ਇਕ ਭਾਰਤ ਵਾਸੀ ਬਿਨਾਂ ਜਾਤ ਧਰਮ ਦਾ ਵਿਚਾਰ ਕੀਤਿਆਂ ਫ਼ਿਰੰਗੀ (ਅੰਗਰੇਜ਼ਾਂ) ਦੇ ਖਿਲਾਫ਼ ਬਗ਼ਾਵਤ ਕਰੇਗਾ। ਇਸ ਵਿਸ਼ਵਾਸ ਦੇ ਮੂਲ ਵਿੱਚ ਫ਼ਿਰੰਗੀ (ਅੰਗਰੇਜ਼ਾਂ) ਦੇ ਪੰਜਾਬ ਉੱਤੇ ਕਬਜ਼ੇ ਤੋਂ ਬਹੁਤ ਪਹਿਲਾਂ ਸਾਧੂ ਸੰਤਾਂ ਦੀ ਭਵਿੱਖ ਬਾਣੀ ਹੈ।"

ਕਟੋਨਕੋਵ ਦੀ ਇਸ ਰਾਇ ਵਿੱਚ ਖ਼ਾਸ ਕਰਕੇ ਦੱਸਿਆ ਗਿਆ ਹੈ ਕਿ ਗੁਰਚਰਨ ਸਿੰਘ ਆਪਣੇ ਦੇਸ਼ ਦੇ ਦੂਸਰੇ ਲੋਕਾਂ ਵਾਂਗ ਹੀ ਵਿਸ਼ਵਾਸ ਕਰਦਾ ਹੈ ਕਿ ਭਾਰਤ ਵਰਸ਼ ਉੱਤੇ ਕਬਜ਼ਾ ਕਰ ਲੈਣ ਤੇ ਵੀ ਰਾਜ ਭਾਗ ਸੰਭਾਲਣ ਜਾਂ ਭੋਗਣ ਦੀ ਇੱਛਿਆ ਰੂਸੀਆਂ ਵਿੱਚ ਨਹੀਂ ਹੈ।

ਅੰਗਰੇਜ਼ਾਂ ਨਾਲ ਆਹਮੋ-ਸਾਹਮਣੀ ਜੰਗ ਵਿੱਚ ਜਿੱਤ-ਹਾਰ ਦਾ ਇਕ ਅੰਤਿਮ ਫ਼ੈਸਲਾ ਕਰਨਾ ਹੀ ਭਾਰਤ ਤੇ ਰੂਸ ਦੀ ਚੜ੍ਹਾਈ ਦਾ ਮੁੱਖ ਉਦੇਸ਼ ਸੀ ਕਿਉਂਕਿ ਸਮੁੰਦਰ ਘੇਰੇ ਵਿਚਲੇ ਦੀਪ ਵਿੱਚ ਰਹਿਣ ਵਾਲੇ ਅੰਗਰੇਜ਼ਾਂ ਨੂੰ ਪਿੱਛੇ ਕਰਨ ਜੋਗੀ ਸਥੂਲ ਸ਼ਕਤੀ ਰੂਸੀ ਅੱਜ ਤੱਕ ਇਕੱਠੀ ਨਹੀਂ ਕਰ ਸਕੇ। ਭਾਰਤ ਵਰਸ਼ ਵਿੱਚੋਂ ਅੰਗਰੇਜ਼ੀ ਹਕੂਮਤ ਕਰਨ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦੇ ਉੱਤਰਾਧਿਕਾਰੀ ਦਲੀਪ ਸਿੰਘ ਨੂੰ ਪੰਜਾਬ ਦਾ ਰਾਜ ਅਰਪਣ ਕਰਕੇ ਰੂਸੀ ਭਾਰਤ ਵਰਸ਼ ਵਿਚੋਂ ਚਲੇ ਜਾਣ।

ਮੇਜਰ ਜਨਰਲ ਈਵਾਨੋਵ ਦੀ ਗੁਰਚਰਨ ਸਿੰਘ ਨਾਲ ਗੱਲਬਾਤ ਕਰਨ ਤੋਂ ਬਾਅਦ ਗੁਰਚਰਨ ਸਿੰਘ ਦੀ ਤਜਵੀਜ਼ ਉੱਤੇ ਬੇ-ਵਿਸ਼ਵਾਸ਼ੀਕਰਨ ਦਾ ਕੋਈ ਕਾਰਨ ਨਹੀਂ ਲੱਭ ਸਕਿਆ। ਸਗੋਂ ਉਸਨੇ ਅਨੁਭਵ ਕੀਤਾ ਕਿ ਆਜ਼ਾਦੀ ਹਾਸਿਲ ਕਰਨ ਲਈ ਗ਼ੁਲਾਮ ਭਾਰਤ ਦੀ ਚਾਹ ਕਿੰਨੀ ਜ਼ਬਰਦਸਤ ਹੈ। ਗੁਰਚਰਨ ਸਿੰਘ ਵਿੱਚੋਂ ਉਸਨੇ ਬੰਦੀ ਤੇ ਮਜ਼ਲੂਮ ਭਾਰਤ ਦੀ ਮੁਕਤ ਆਤਮਾ ਦੇ ਦਰਸ਼ ਕੀਤੇ। ਸੋ ਸਮਰਕੰਦ ਵਿੱਚ ਗੁਰਚਰਨ



Sri Satguru Jagjit Singh Ji eLibrary NamdhariElibrary@gmail.com

ਸਿੰਘ ਨਾਲ ਵਾਰਤਾਲਾਪ ਦਾ ਸਾਰਾ ਵੇਰਵਾ ਤੇ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਭੇਜੀ ਚਿੱਠੀ, ਉਪਰਲੇ ਹਾਕਮਾਂ ਦੀ ਸੋਚ ਵਿਚਾਰ ਲਈ ਰੂਸੀ ਤੁਰਕਿਸਤਾਨ ਦੇ ਗਵਰਨਰ ਜਨਰਲ ਕਾਰਡ ਕਮਿਆਨ ਕੋਲ ਭੇਜੇ ਗਏ। ਕਾਰਡ ਕਮਿਆਨ ਉਹਨਾਂ ਦਿਨਾਂ ਵਿੱਚ ਸੇਂਟ ਪੀਟਰਬਰਗ ਵਿੱਚ ਸਨ। ਭਾਰਤ ਵਰਸ਼ ਬਾਬਤ ਕੋਈ ਫ਼ੈਸਲਾ ਲੈਣ ਤੋਂ ਪਹਿਲਾਂ ਉਹਨਾਂ ਨੇ ਭਾਰਤ ਵਰਸ਼ ਬਾਰੇ ਚੰਗੀ ਤਰ੍ਹਾਂ ਪ੍ਰੋਫ਼ੈਸਰ ਸਿਆਟੇਫ਼ ਦੀ ਰਾਇ ਜਾਨਣ ਦਾ ਯਤਨ ਕੀਤਾ। ਸਿਆਟੇਫ਼ ਨੇ ਉਹਨਾਂ ਨੂੰ ਕੂਕਾ ਅੰਦੋਲਨ ਦਾ ਆਰੰਭ, ਵਿਸਥਾਰ ਤੇ ਬਾਅਦ ਦੀ ਬਗ਼ਾਵਤ ਨੂੰ ਅੰਗਰੇਜ਼ ਵੱਲੋਂ ਕੁਚਲੇ ਜਾਣ ਦੀ ਸਾਰੀ ਗੱਲ ਦੱਸੀ। ਆਜ਼ਾਦੀ ਹਾਸਿਲ ਕਰਨ ਦੇ ਯਤਨ ਸਰੂਪ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਮੱਧ ਏਸ਼ੀਆ ਵਿੱਚ ਦੂਤ ਘੱਲਣਾ ਉਹਨਾਂ ਨੂੰ ਅਤੀ ਸੁਭਾਵਿਕ ਜਾਪਿਆ। ਉਹਨਾਂ ਨੇ ਕਿਹਾ ਕਿ ਗੁਰੂ ਨਾਨਕ ਪੰਦਰਵੀਂ ਸਦੀ ਵਿੱਚ ਹੋਏ ਹਨ। 19ਵੀਂ ਸਦੀ ਵਿੱਚ ਰੂਸ ਵੱਲੋਂ ਭਾਰਤ ਉੱਤੇ ਹਮਲੇ ਬਾਰੇ ਉਹਨਾਂ ਦੀ ਭਵਿੱਖ ਬਾਣੀ ਵਿਸ਼ਵਾਸ਼ ਯੋਗ ਨਹੀਂ ਇਹ ਆਧੁਨਿਕ ਰਚਨਾ ਹੈ। ਇਹ ਦੱਸਣਾ ਔਖਾ ਹੈ ਪਰ ਇਹ ਗੱਲ ਮੰਨਣ ਵਾਲੀ ਨਹੀਂ ਕਿ ਉਸ ਜ਼ਮਾਨੇ ਦੀ ਰੂਸੀ ਵਿਦੇਸ਼ ਨੀਤੀ ਅਨੁਸਾਰ ਅੰਗਰੇਜ਼ਾਂ ਨਾਲ ਕਿਸੇ ਝਗੜੇ ਵਿੱਚ ਫਸਣਾ ਕਾਰਡਕਿਆਨ ਨੂੰ ਮੁਨਾਸਿਬ ਨਹੀਂ ਜਾਪਿਆ। ਉਸ ਦੇ ਹੁਕਮ ਅਨੁਸਾਰ ਗੁਰਚਰਨ ਸਿੰਘ ਦੇ ਹੱਥੀਂ ਲਿਖਿਆ ਜਵਾਬ ਘੱਲਿਆ ਗਿਆ।

ਸਤਿਗੁਰੂ ਰਾਮ ਸਿੰਘ ਜੀ ਤੇ ਬਾਬਾ ਬੁੱਧ ਸਿੰਘ (ਹਰੀ ਸਿੰਘ) ਜੀ ਨੂੰ ਸੈਨਾਪਤੀ ਅਤੇ ਗਵਰਨਰ ਜਨਰਲ ਵੱਲੋਂ ਨਮਸਕਾਰ ਪਹੁੰਚੇ। ਗੁਰਚਰਨ ਸਿੰਘ ਦੀ ਮਾਰਫ਼ਤ ਆਪ ਦੀ ਚਿੱਠੀ ਸਾਨੂੰ ਮਿਲ ਗਈ ਹੈ ਅਤੇ ਉਸ ਦਾ ਭਾਵ ਅਰਥ ਸਮਝ ਕੇ ਸਾਨੂੰ ਖੁਸ਼ੀ ਹੋਈ ਹੈ। ਇਸ ਤੱਥ ਪੂਰਨ ਖ਼ਬਰ ਘੱਲਣ ਲਈ ਅਸੀਂ ਆਪ ਦਾ ਧੰਨਵਾਦ ਕਰਦੇ ਹਾਂ ਪਰ ਭਾਰਤ ਵਰਸ਼ ਦੀ ਪ੍ਰਸਥਿਤੀ ਤੇ ਘਟਨਾਵਲੀ ਬਾਰੇ ਹੋਰ ਜ਼ਿਆਦਾ ਵੇਰਵੇ ਭਰਪੂਰ ਜਾਣਕਾਰੀ ਦੀ ਲੋੜ ਹੈ।

ਗੁਰੂ ਗੋਬਿੰਦ ਸਿੰਘ ਜੀ ਤੇ ਗੁਰੂ ਨਾਨਕ ਦੇਵ ਜੀ ਦੀ ਭਵਿੱਖ ਬਾਣੀ ਬਾਰੇ ਸਾਨੂੰ ਜਾਣਕਾਰੀ ਮਿਲ ਗਈ ਹੈ। ਸਭ ਗੱਲ ਮਹਾਂਪੁਰਖ ਹੀ ਸਮਝ ਸਕਦੇ ਹਨ ਕਿ ਮੁਕਤੀ ਦਾ ਲਗਨ ਕਿਸੇ ਵੇਲੇ ਆ ਜਾਏ। ਅਕਤੂਬਰ ਦੇ ਪਹਿਲੇ ਪੱਖ ਵਿੱਚ ਗੁਰਚਰਨ ਸਿੰਘ ਮੁੜਿਆ। ਫਿਰ ਉਹ ਮੁਸੀਬਤਾਂ ਭਰੇ ਰਾਹ ਪਰ ਹੁਣ ਗੁਰਚਰਨ ਸਿੰਘ ਖੁਸ਼ੀ ਨਾਲ ਫੁਲਿਆ ਨਹੀਂ ਸੀ ਸਮਾਉਂਦਾ, ਕਿਉਂਕਿ ਮੱਧ ਏਸ਼ੀਆ ਵਿੱਚ ਉਸਦੀ ਯਾਤਰਾ ਸਫ਼ਲ ਹੋ ਗਈ ਸੀ। ਉੱਥੇ ਸਵਾਗਤ ਤੇ ਆਦਰ ਭਰਪੂਰ ਉੱਤਰ ਮਿਲਿਆ। ਉਸ ਦੀ ਲੰਮੀ ਗ਼ੈਰਹਾਜ਼ਰੀ ਵਿੱਚ ਉਹਦੀ ਪਤਨੀ ਤੇ ਪਰਿਵਾਰ ਦੇ ਜੀਅ ਕਿਵੇਂ ਆਰਥਿਕ ਮੁਸੀਬਤਾਂ ਦੇ ਦਿਨ ਕੱਟਦੇ ਹੋਣਗੇ ਤੇ ਇਸ ਵਾਰ ਪ੍ਰਦੇਸ਼ ਵਿਚੋਂ ਉਸ ਨੇ ਇਕ ਵੀ ਚਿੱਠੀ ਘਰ ਨਹੀਂ ਸੀ ਪਾਈ। ਇਸ ਲਈ ਉਸਦੇ ਘਰਵਾਲੇ ਕਿੰਨੇ ਫ਼ਿਕਰਮੰਦ ਹੋਣਗੇ।

ਇਹ ਸਭ ਕੁਝ ਸੋਚਣ ਦਾ ਸਮਾਂ ਗੁਰਚਰਨ ਸਿੰਘ ਕੋਲ ਨਹੀਂ ਸੀ। ਉਹ ਕੂਕਾ ਅੰਦੋਲਨ ਦੇ ਉੱਜਲੇ ਭਵਿੱਖ ਦੀ ਸੰਭਾਵਨਾ ਬਾਰੇ ਸੋਚ ਵਿੱਚ ਹੀ ਮਸਤ ਤੇਜ਼ੀ ਨਾਲ



Sri Satguru Jagjit Singh Ji eLibrary NamdhariElibrary@gmail.com

ਅਗਾਂਹ ਵੱਧਦਾ ਰਿਹਾ। ਇਸ ਮਸਤੀ ਵਿੱਚ ਉਹ ਇਹ ਵੀ ਨਾ ਜਾਣ ਸਕਿਆ ਕਿ ਬ੍ਰਿਟਿਸ਼ ਸਰਕਾਰ ਦਾ ਜਾਸੂਸ ਗ਼ੁਲਾਮ ਖਾਂ ਉਸਦਾ ਪਿੱਛਾ ਕਰ ਰਿਹਾ ਹੈ। ਗੁਰਚਰਨ ਸਿੰਘ ਦਾ ਮੱਧ ਏਸ਼ੀਆ ਵਿੱਚ ਆਗਮਨ ਸਤਿਗੁਰੂ ਰਾਮ ਸਿੰਘ ਜੀ ਦੀ ਚਿੱਠੀ ਰੂਸ ਸਰਕਾਰ ਵੱਲੋਂ ਆਦਰ ਸਤਿਕਾਰ ਤੇ ਚਿੱਠੀ ਦੇ ਉੱਤਰ ਬਾਰੇ ਸੱਚੀ ਗੱਲਬਾਤ ਗ਼ੁਲਾਮ ਖਾਂ ਨੇ ਕੱਤਾ ਕੁਰਮਾਨ ਤੋਂ ਪਹਿਲਾਂ ਹੀ ਪੰਜਾਬ ਸਰਕਾਰ ਨੂੰ ਦੱਸ ਘੱਲੀ ਸੀ। ਅੰਗਰੇਜ਼ ਹਾਕਮਾਂ ਦੇ ਹੁਕਮ ਨਾਲ ਗ਼ੁਲਾਮ ਖਾਂ ਨੇ ਗੁਰਚਰਨ ਸਿੰਘ ਦਾ ਪਿੱਛਾ ਕਰਨਾ ਸ਼ੁਰੂ ਕੀਤਾ। ਪਿਸ਼ਾਵਰ ਦੀ ਇਕ ਸਰਾਂ ਵਿੱਚ ਉਸਨੇ ਗੁਰਚਰਨ ਸਿੰਘ ਨਾਲ ਗੱਲਬਾਤ ਸ਼ੁਰੂ ਕੀਤੀ ਤੇ ਆਪਣੇ ਆਪ ਨੂੰ ਰੂਸੀ ਜਾਸੂਸ ਦੱਸਿਆ। ਗੱਲਬਾਤ ਵਿੱਚ ਉਸਨੇ ਗੁਰਚਰਨ ਸਿੰਘ ਨੂੰ ਦੱਸਿਆ ਕਿ ਉਹ ਰੂਸੀ ਤੁਰਕਿਸਤਾਨ ਨੂੰ ਮੁੜ ਕੇ ਜਾ ਰਿਹਾ ਹੈ। ਗੁਰਚਰਨ ਸਿੰਘ ਨੇ ਦੋ ਚਿੱਠੀਆਂ ਗ਼ੁਲਾਮ ਖਾਂ ਦੇ ਹੱਥ ਰੂਸੀ ਹਾਕਮਾਂ ਨੂੰ ਦੇਣ ਲਈ ਲਿਖ ਕੇ ਦੇ ਦਿੱਤੀਆਂ। ਚਿੱਠੀਆਂ ਵਿੱਚ ਉਸਨੇ ਰੂਸੀ ਹਾਕਮਾਂ ਨੂੰ ਲਿਖਿਆ ਕਿ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਭਵਿੱਖ ਬਾਣੀ ਉੱਤੇ ਬੇਵਿਸ਼ਵਾਸ਼ੀ ਕਰਨ ਦੀ ਵਜ੍ਹਾ ਨਹੀਂ ਕਿਉਂਕਿ ਗੁਰੂਆਂ ਦੀ ਗੱਲ ਅੱਖਰ-ਅੱਖਰ ਫੈਲਣੀ ਸ਼ੁਰੂ ਹੋ ਗਈ ਹੈ। ਅਫ਼ਗਾਨ ਨੇ ਅੰਗਰੇਜ਼ਾਂ 'ਤੇ ਜ਼ਬਰਦਸਤ ਹਮਲਾ ਕੀਤਾ ਹੈ ਤੇ ਅੰਗਰੇਜ਼ ਆਪਣੀ ਫ਼ੌਜ ਆਦਿ ਸਮੇਤ ਕਾਬੁਲ ਤੋਂ ਪਿੱਛੇ ਹੱਟ ਗਏ ਹਨ। ਆਪਣੇ ਬਾਰੇ ਉਸਨੇ ਲਿਖਿਆ ਕਿ ਉਹ ਪੂਰੀ ਤਰ੍ਹਾਂ ਸੁਰੱਖਿਅਤ ਹੈ ਤੇ ਸਤਿਗੁਰੂ ਰਾਮ ਸਿੰਘ ਜੀ ਨੂੰ ਚਿੱਠੀ ਦੇਣ ਲਈ ਛੇਤੀ ਹੀ ਬਰਮਾ ਨੂੰ ਜਾਏਗਾ ਤੇ ਗੁਰੂ ਜੀ ਦਾ ਉੱਤਰ ਲਿਆਏਗਾ।

ਗ਼ੁਲਾਮ ਖਾਂ ਨੇ ਗੁਰਚਰਨ ਸਿੰਘ ਦੀਆਂ ਚਿੱਠੀਆਂ ਪਿਸ਼ਾਵਰ ਦੇ ਕਮਿਸ਼ਨਰ ਨੂੰ ਜਾ ਦਿੱਤੀਆਂ। ਨਤੀਜੇ ਵਜੋਂ ਲਾਹੌਰ ਪਹੁੰਚਦਿਆਂ ਹੀ ਗੁਰਚਰਨ ਸਿੰਘ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਉਸ ਨੂੰ ਕਿਹਾ ਗਿਆ ਕਿ ਪੁਲਿਸ ਦੀ ਆਗਿਆ ਤੋਂ ਬਿਨਾਂ ਉਹ ਲਾਹੌਰ ਤੋਂ ਬਾਹਰ ਨਾ ਜਾਵੇ। ਗੁਰਚਰਨ ਸਿੰਘ ਪੁਲਿਸ ਦੇ ਹੁਕਮ ਦੀ ਉਲੰਘਣਾ ਕਰਕੇ ਵਲਵੇਂ ਰਾਹ ਭੈਣੀ ਸਾਹਿਬ ਜਾ ਕੇ ਬਾਬਾ ਬੁੱਧ ਸਿੰਘ ਜੀ (ਹਰੀ ਸਿੰਘ) ਜੀ ਨੂੰ ਜਾ ਮਿਲਿਆ ਤੇ ਕੂਕਾ ਸੇਵਕਾਂ ਰਾਹੀਂ ਰੂਸੀ ਹਾਕਮਾਂ ਦੀ ਚਿੱਠੀ ਬਰਮਾ ਵਿਚ ਸਤਿਗੁਰੂ ਰਾਮ ਸਿੰਘ ਜੀ ਕੋਲ ਪਹੁੰਚਾਉਣ ਦਾ ਬੰਦੋਬਸਤ ਕਰਕੇ ਆਪਣੇ ਪਿੰਡ ਚੱਕ ਪਿਰਾਣਾ ਨੂੰ ਚੱਲਿਆ ਗਿਆ। ਪੁਲਿਸ ਨੇ ਉੱਥੇ ਪੁੱਜਦਿਆਂ ਹੀ ਉਸਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਲੈ ਆਂਦਾ।

ਗੁਰਚਰਨ ਸਿੰਘ ਜਦੋਂ ਲਾਹੌਰ ਪੁਲਿਸ ਦੀ ਹਿਰਾਸਤ ਵਿੱਚ ਕਈ ਤਰ੍ਹਾਂ ਦੀ ਜਿਰ੍ਹਾ ਤੋਂ ਤੰਗ ਪਿਆ ਹੋਇਆ ਸੀ ਉਦੋਂ ਤੋਂ ਪੰਜਾਬ ਪੁਲਿਸ ਕੋਲ ਉੱਤੇ-ਤੋੜੀ ਦੋ ਸੁਨੇਹੇ ਆਏ। ਬ੍ਰਿਟਿਸ਼ ਬਰਮਾ ਦੇ ਇੰਸਪੈਕਟਰ ਜਨਰਲ ਆਫ਼ ਪੁਲਿਸ ਨੇ ਲਿਖਿਆ ਕਿ 24 ਜਨਵਰੀ 1881 ਨੂੰ ਦੋ ਕੂਕੇ ਮੋਲਸੰਨ ਤੋਂ 'ਸਿਆਵਯ' ਜਹਾਜ਼ 'ਤੇ ਚੜ੍ਹ ਕੇ ਮਰਦੋਈ ਪਹੁੰਚੇ ਹਨ। ਇਕ ਦਾ ਨਾਮ ਮੀਹਾਂ ਸਿੰਘ ਹੈ ਤੇ ਦੂਜੇ ਦਾ ਸੰਤ ਸਿੰਘ। ਪਹਿਲੇ ਮੀਹਾਂ ਸਿੰਘ ਦੀ ਉਮਰ 27 ਸਾਲ ਹੈ ਤੇ ਦੂਜੇ ਸੰਤ ਸਿੰਘ ਦੀ ਉਮਰ ਪੈਂਤੀ ਸਾਲ। ਇਹਨਾਂ ਦੇ ਆਉਣ ਦੀ ਖ਼ਬਰ ਮਿਲਦਿਆਂ ਹੀ ਡਿਪਟੀ ਕਮਿਸ਼ਨਰ ਨੇ ਦੋਹਾਂ ਮਰਗੋਈ ਤੋਂ ਚਲੇ ਜਾਣ



Sri Satguru Jagjit Singh Ji eLibrary NamdhariElibrary@gmail.com

ਦਾ ਹੁਕਮ ਦਿੱਤਾ। ਦੋਹਾਂ ਨੇ ਹੀ ਅਗਲੇ ਮਰਗੋਈ ਛੱਡ ਜਾਣ ਦਾ ਇਕਰਾਰ ਕੀਤਾ। ਪੁਲਿਸ ਨੇ ਸਾਵਧਾਨੀ ਲਈ ਸਤਿਗੁਰੂ ਰਾਮ ਸਿੰਘ ਜੀ ਦੀ ਬੰਦੀ-ਸ਼ਾਲਾ ਦੁਆਲੇ ਪਹਿਰਾ ਹੋਰ ਸਖ਼ਤ ਕਰ ਦਿੱਤਾ। ਫਿਰ ਵੀ ਅਗਲੇ ਦਿਨ ਮੀਹਾਂ ਸਿੰਘ ਨੂੰ ਸਤਿਗੁਰੂ ਰਾਮ ਸਿੰਘ ਜੀ ਕੋਲ ਵੇਖਿਆ ਗਿਆ। ਮੀਹਾਂ ਸਿੰਘ ਤੇ ਸੰਤ ਸਿੰਘ ਦੋਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਤੇ ਡਿਪਟੀ ਕਮਿਸ਼ਨਰ ਦੇ ਹੁਕਮ ਨਾਲ ਉਸੇ ਦਿਨ ਹੀ ਦੋਹਾਂ ਨੂੰ ਕਲਕੱਤੇ ਨੂੰ ਘੱਲ ਦਿੱਤਾ ਗਿਆ।

ਕਲਕੱਤਾ ਪੁਲਿਸ ਦੇ ਡਿਪਟੀ ਕਮਿਸ਼ਨਰ ਲੈਮਬਰਟ ਦੇ ਦੂਜਾ ਸੁਨੇਹਾ ਘੱਲਿਆ। ਉਸਨੇ ਲਿਖਿਆ ਕਿ ਬਰਮਾ ਤੋਂ ਮੁੜੇ ਦੋ ਸਿੱਖਾਂ ਮੀਹਾਂ ਸਿੰਘ ਤੇ ਸੰਤ ਸਿੰਘ, ਕਲਕੱਤੇ 6 ਨੰਬਰ ਮਛੂਆ ਬਾਜ਼ਾਰ ਸਟਰੀਟ ਵਿਚ ਬਨਬਿਹਾਰੀ ਸਿੰਘ ਕੂਕੇ ਦੇ ਘਰ ਠਹਿਰੇ ਹਨ। ਇਕ ਮਹੀਨਾ ਪਹਿਲਾਂ ਕਲਕੱਤਾ ਪੁਲਿਸ ਦੀਆਂ ਅੱਖਾਂ ਵਿੱਚ ਘੱਟਾ ਪਾ ਕੇ ਬਰਮੇ ਗਏ ਸਨ। ਮੀਹਾਂ ਸਿੰਘ ਦੇ ਗਲ ਹਾਂਗਕਾਂਗ ਪੁਲਿਸ ਦਾ ਲਿਬਾਸ ਸੀ। ਉਸਨੇ ਆਪਣੇ ਆਪ ਨੂੰ ਹਾਂਗਕਾਂਗ ਪੁਲਿਸ ਵਿਭਾਗ ਵਿੱਚੋਂ ਦੋ ਸਾਲ ਪਹਿਲਾਂ ਅਸਤੀਫ਼ਾ ਦੇ ਦਿੱਤਾ ਹੋਇਆ ਸੀ। ਉਹਨਾਂ ਦਾ ਬਰਮਾ ਜਾਣ ਦਾ ਉਦੇਸ਼ ਸੀ। ਸਤਿਗੁਰੂ ਰਾਮ ਸਿੰਘ ਜੀ ਨੂੰ ਮਿਲਣਾ ਅਤੇ ਇਸ ਸਿਲਸਿਲੇ ਵਿੱਚ ਜੇਲ੍ਹ ਦੇ ਕਾਂਸਟੇਬਲ ਹਰਨਾਮ ਸਿੰਘ ਨੇ ਉਹਨਾਂ ਦੀ ਸਹਾਇਤਾ ਕੀਤੀ ਹੈ।

ਇਸ ਤੋਂ ਬਾਅਦ ਪੰਜਾਬ ਪੁਲਿਸ ਨੂੰ ਪੱਕਾ ਯਕੀਨ ਹੋ ਗਿਆ ਕਿ ਇਸ ਸਾਰੀ ਸਾਜਿਸ਼ ਦੀ ਜੜ੍ਹ ਗੁਰਚਰਨ ਸਿੰਘ ਹੀ ਹੈ, ਹਾਲਾਂਕਿ ਪੁਲਿਸ ਆਪਣੀ ਹਿਰਾਸਤ ਵਿੱਚ ਗੁਰਚਰਨ ਸਿੰਘ ਉੱਤੇ ਬਹੁਤ ਜਿਰ੍ਹਾ ਕਰਨ 'ਤੇ ਵੀ ਉਸ ਕੋਲੋਂ ਕੋਈ ਗੱਲ ਨਹੀਂ ਮੰਨਵਾ ਸਕੀ, ਪਰ ਪੁੱਛਗਿੱਛ ਕਰਨ ਵਾਲੇ ਪੁਲਿਸ ਅਫ਼ਸਰ ਚਾਰਲਸ ਬ੍ਰਾਊਨ ਨੇ ਦੁੱਖ ਨਾਲ ਆਪਣੀ ਡਾਇਰੀ ਵਿੱਚ ਲਿਖਿਆ ਸੀ।

ਐਚ.ਐਮ. ਡੂਰੰਡ ਉਦੋਂ ਭਾਰਤ ਦੇ ਵਿਦੇਸ਼ੀ ਮਹਿਕਮੇ ਵਿੱਚ ਸਕੱਤਰ ਸਨ। ਉਹਨਾਂ ਨੇ ਪੰਜਾਬ ਸਰਕਾਰ ਦੇ ਪ੍ਰਸਤਾਵ ਦੀ ਪੂਰਨ ਹਮਾਇਤ ਕਰਦਿਆਂ ਹੋਇਆ ਬੜੀ ਸਖ਼ਤ ਭਾਸ਼ਾ ਵਿੱਚ ਲਿਖਿਆ। 'ਮੈਨੂੰ ਇਸ ਵਿੱਚ ਭੋਰਾ ਵੀ ਸ਼ੱਕ ਨਹੀਂ ਕਿ ਗੁਰਚਰਨ ਸਿੰਘ ਨੂੰ ਜਿਸ ਦੋਸ਼ ਅਧੀਨ ਦੋਸ਼ੀ ਬਣਾਇਆ ਗਿਆ ਹੈ ਉਹ ਸੱਚਮੁੱਚ ਹੀ ਉਸਦਾ ਦੋਸ਼ੀ ਹੈ। ਸਿਰਫ਼ ਗੁਰਚਰਨ ਸਿੰਘ ਦੀ ਕੋਸ਼ਿਸ਼ ਸਦਕਾ ਹੀ ਰੂਸ ਤੇ ਸਤਿਗੁਰੂ ਰਾਮ ਸਿੰਘ ਜੀ ਵਿਚਕਾਰ ਚਿੱਠੀ ਪੱਤਰ ਹੋ ਸਕਿਆ ਹੈ। 1818 ਦੀ ਧਾਰਾ ਨੰਬਰ 3 ਦੇ ਅਧੀਨ ਗ੍ਰਿਫ਼ਤਾਰੀ ਦਾ ਪ੍ਰਵਾਨਾ ਸਰਕਾਰ ਦੇ ਪ੍ਰਸਤਾਵ ਦੀ ਹਮਾਇਤ ਹੀ ਕਰਦਾ ਹਾਂ। ਗੁਰਚਰਨ ਸਿੰਘ ਕੂਕਾ ਮਹੰਤ ਹੈ। ਕੂਕਿਆਂ ਨਾਲ ਉਹ ਅਟੁੱਟ ਬੰਧਨ ਵਿਚ ਬੱਝਾ ਹੋਇਆ ਹੈ। ਉਹ ਜ਼ਿੰਦਗੀ ਭਰ ਕੂਕਾ ਮਹੰਤ ਹੀ ਰਹੇਗਾ। ਉਹ ਜਿੰਨਾ ਨੁਕਸਾਨ ਕਰ ਸਕਦਾ, ਜ਼ਰੂਰ ਕਰੇਗਾ। ਜੇ ਅਸੀਂ ਇਸ ਸਾਜਿਸ਼ ਨਾਕਾਮ ਕਰਨੀ ਚਾਹੁੰਦੇ ਹਾਂ ਤਾਂ ਗੁਰਚਰਨ ਸਿੰਘ ਨੂੰ ਉਮਰ ਭਰ ਕੈਦ ਰੱਖਣ ਤੋਂ ਬਿਨਾਂ ਮੈਨੂੰ ਹੋਰ ਕੋਈ ਚਾਰਾ ਨਹੀਂ ਦਿਸ ਰਿਹਾ।"

ਉਸ ਜ਼ਮਾਨੇ ਦੇ ਵੱਡੇ ਲਾਟ ਲਾਰਡ ਰਿਪਨ ਲਿਬਰਲ ਪਾਰਟੀ ਦੇ ਮੈਂਬਰ ਸਨ।



Sri Satguru Jagjit Singh Ji eLibrary NamdhariElibrary@gmail.com

ਵਿਕਟੋਰੀਆ ਰੂਸ ਦੇ ਜਨਤੰਤਰ ਤੇ ਵਿਅਕਤੀ ਦੀ ਆਜ਼ਾਦੀ ਦੇ ਆਦਰਸ਼ ਉਪਨਿਵੇਸ਼ਕ ਹਾਕਮ ਦੀ ਗੱਦੀ 'ਤੇ ਬੈਠ ਕੇ ਸਹਿਜੇ ਹੀ ਭੁੱਲ ਜਾਣਾ ਉਸ ਲਈ ਕੁਝ ਦੁਖਦਾਈ ਹੋਇਆ ਸੀ। ਉਹਨਾਂ ਨੇ ਕੁਝ ਦੁਚਿੱਤੀ ਜਿਹੀ ਨਾਲ ਪੰਜਾਬ ਸਰਕਾਰ ਕੋਲੋਂ ਜਾਨਣਾ ਚਾਹਿਆ। ਭਾਰਤ ਸਰਕਾਰ ਵੱਲੋਂ ਵਾਰੰਟ ਦੇਣੇ ਵੀ ਬੜੇ ਹੀ ਜ਼ਰੂਰੀ ਹਨ। ਮੁਚੱਲਕੇ ਨਾਲ ਗੁਰਚਰਨ ਸਿੰਘ ਨੂੰ ਕੈਦੀ ਰੱਖਣਾ ਸੰਭਵ ਹੈ ਕਿ ਨਹੀਂ। ਪੰਜਾਬ ਸਰਕਾਰ ਨੇ ਦੱਸਿਆ ਕਿ ਸਭ ਕੁਝ ਹੀ ਸੰਭਵ ਹੈ, ਪਰ ਵਾਰੰਟ ਉਸ ਨੂੰ ਚਾਹੀਦੇ ਹੀ ਹਨ। ਕਿਉਂਕਿ ਕਿਸੇ ਵੇਲੇ ਵੀ ਗੁਰਚਰਨ ਸਿੰਘ ਨੂੰ ਬਿਨਾਂ ਮੁਕੱਦਮਾ ਚਲਾਏ ਉਮਰ ਕੈਦ ਕਰਨ ਦੀ ਤਾਕਤ ਹੱਥ ਵਿੱਚ ਨਾ ਹੋਵੇ ਤੇ ਉਸ ਨੂੰ ਸੂਤ ਕਰਨਾ ਪੰਜਾਬ ਸਰਕਾਰ ਲਈ ਅਸੰਭਵ ਹੋਵੇਗਾ। ਇਸ ਦੇ ਨਤੀਜੇ ਵਜੋਂ ਲਾਰਡ ਰਿਪਨ ਨੂੰ ਵਿਅਕਤੀ ਸਵਾਧੀਨਤਾ ਦੀ ਨੀਤੀ ਭੁਲਾਉਣੀ ਪਈ। ਸੈਕਰੇਟਰੀ ਲੀਏਜ਼ ਦੇ ਨਾਮ ਹੇਠ ਪਝੱਤਰ (75) ਸਾਲ ਦੇ ਬਿਰਧ ਗੁਰਚਰਨ ਸਿੰਘ ਲਈ ਬਿਨਾਂ ਮੁਕੱਦਮਾ ਚਲਾਏ ਉਮਰ ਕੈਦ ਦਾ ਹੁਕਮ ਪੰਜਾਬ ਸਰਕਾਰ ਨੂੰ ਘੱਲ ਦਿੱਤਾ ਗਿਆ। ਲਾਹੌਰ ਤੋਂ ਗੁਰਚਰਨ ਸਿੰਘ ਨੂੰ ਮੁਲਤਾਨ ਭੇਜ ਦਿੱਤ ਗਿਆ। ਜ਼ਿਲ੍ਹਾ ਗੁੱਜ਼ਰਾਂਵਾਲਾ ਦੇ ਦੋ ਵਿਅਕਤੀਆਂ ਜੀਵਨ ਸਿੰਘ ਤੇ ਇਕ ਹੋਰ ਨੇ ਗੁਰਚਰਨ ਸਿੰਘ ਦੀ ਜਮਾਨਤ ਦੇ ਦਿੱਤੀ। ਮੁਲਤਾਨ ਦੇ ਥਾਣੇ ਕੋਲ ਗੁਰਚਰਨ ਸਿੰਘ ਨੂੰ ਰਹਿਣਾ ਪਿਆ ਤੇ ਸਾਤੇ (ਹਫ਼ਤੇ) ਵਿਚ ਦੋ ਵਾਰੀ ਉਹ ਥਾਣੇ ਹਾਜ਼ਰੀ ਭਰਦਾ। ਸੰਨ 1886 ਵਿਚ ਲਗਭਗ ਸੱਤ ਸਾਲ ਦੀ ਨਜ਼ਰਬੰਦੀ ਤੋਂ ਬਾਅਦ ਗੁਰਚਰਨ ਸਿੰਘ ਰਿਹਾਅ ਹੋਇਆ, ਪਰ ਉਸ ਦੀ ਰਿਹਾਈ ਨਾਲ ਵੀ ਇਹ ਸ਼ਰਤ ਸੀ ਕਿ ਗੁਰਚਰਨ ਸਿੰਘ ਭੈਣੀ ਸਾਹਿਬ ਨਹੀਂ ਜਾ ਸਕੇਗਾ। ਉਸ ਤੋਂ ਬਾਅਦ ਇਤਿਹਾਸ ਸੰਖੇਪ ਹੋਣ 'ਤੇ ਵੀ ਵਰਨਣਯੋਗ ਹੈ। ਸੰਨ 1887 ਦੇ ਅਪ੍ਰੈਲ ਮਹੀਨੇ ਵਿੱਚ ਗੁਰਚਰਨ ਸਿੰਘ ਨੇ ਅਫ਼ਗਾਨਿਸਤਾਨ ਤੇ ਮੱਧ ਏਸ਼ੀਆ ਵਿੱਚ ਜਾਣ ਦੀ ਆਗਿਆ ਮੰਗੀ, ਪਰੰਤੂ ਸਰਕਾਰ ਨੇ ਸਖ਼ਤੀ ਨਾਲ ਉਹ ਦਰਖਾਸਤ ਰੱਦ ਕਰ ਦਿੱਤੀ। ਇਸ ਅੱਸੀ (80) ਸਾਲ ਤੋਂ ਵੀ ਵੱਧ ਉਮਰ ਦੇ ਬਿਰਧ ਨੂੰ ਬ੍ਰਿਟਿਸ਼ ਸਰਕਾਰ ਉਸਦੇ ਮਰਨ ਤੱਕ ਸ਼ੱਕ ਨਜ਼ਰ ਵੇਖਦੀ ਰਹੀ। ਵਿਦੇਸ਼ੀ ਹਾਕਮਾਂ ਦੀ ਤਿੱਖੀ ਨਜ਼ਰ ਦੇ ਸਾਹਮਣੇ ਕੂਕਾ ਨੇਤਾ ਗੁਰਚਰਨ ਸਿੰਘ ਦਾ ਜੀਵਨ ਦੀਪ ਇਕ ਦਿਨ ਬੁੱਝ ਗਿਆ।

ਇਹ ਗੱਲ ਮੰਨਣੀ ਪਏਗੀ ਕਿ ਗੁਰਚਰਨ ਸਿੰਘ ਦੇ ਕੰਮ ਨੇ ਉੱਨੀਵੀਂ ਸਦੀ ਦੇ ਭਾਰਤ ਦੀ ਆਜ਼ਾਦੀ ਦੀ ਲਹਿਰ ਨੂੰ ਪੀਟਰਸਬਰਗ ਤੋਂ ਬਰਮਾ ਤੱਕ ਫੈਲਾ ਦਿੱਤਾ ਸੀ ਅਤੇ ਆਜ਼ਾਦੀ ਲਈ ਲੜ੍ਹਾਈ ਦੇ ਇਤਿਹਾਸ ਵਿੱਚ ਸਤਿਗੁਰੂ ਰਾਮ ਸਿੰਘ, ਮੌਲਮੀਨ, ਜੇਲ੍ਹ ਦੇ ਕਾਂਸਟੇਬਲ ਹਰਨਾਮ ਸਿੰਘ, ਭੈਣੀ ਸਾਹਿਬ ਦੇ ਗੁਰੂ ਬੁੱਧ ਸਿੰਘ (ਹਰੀ ਸਿੰਘ), ਸਿਰੋਲੀ ਦੇ ਮੀਹਾਂ ਸਿੰਘ, ਸੰਤ ਸਿੰਘ, ਮਛੂਆ ਬਾਜ਼ਾਰ ਸਟਰੀਟ ਦੇ ਬਨਬਿਹਾਰੀ ਸਿੰਘ, ਚੱਕ ਪਿਰਾਣਾ ਦੇ ਗੁਰਚਰਨ ਸਿੰਘ, ਰੂਸੀ ਹਾਕਮ ਕਾਰਡਕ ਮਿਆਨ, ਕਟੋਨਕੋਵ ਤੇ ਈਵਾਨੋਵ ਸਭਨਾਂ ਨੇ ਰਲ ਕੇ ਇਕ ਹੈਰਾਨ ਕਰਨ ਵਾਲੇ ਅਧਿਆਏ ਦੀ ਰਚਨਾ ਕੀਤੀ ਹੈ।



Sri Satguru Jagjit Singh Ji eLibrary NamdhariElibrary@gmail.com

## ਮਰਜੀਵਾੜਾ

ਖ਼ੂਬਸੂਰਤ ਬਾਲ ਬਾਰਾਂ ਸਾਲ ਦਾ,
ਹਰ ਕੋਈ ਹੁੰਦਾ ਨਹੀਂ ਉਸ ਨਾਲ ਦਾ।
ਨਾਲ ਤੋਪਾਂ ਉੱਡ ਗਏ ਸਾਰੇ,
ਜਦੋਂ ਉਸ ਨਾਲ ਦੇ,
ਹੌਂਸਲੇ ਦੂਣੇ ਤੇ ਚੌਣੇ ਹੋ ਗਏ,
ਉਸ ਬਾਲ ਦੇ।
ਗੱਲ ਸੁਣ ਕੇ ਰਹਿਮ ਦੀ,
ਆਇਆ ਲਹੂ ਅੰਦਰ ਉਬਾਲ,
ਉੱਛਲ ਕੇ ਦਾੜ੍ਹੀ ਤੋਂ ਫੜ ਕੇ,
ਧੂਹ ਲਿਆ ਕਾਵਨ ਚੰਡਾਲ।
ਜ਼ੋਰ ਲਾਇਆ ਬਹੁਤ ਪਰ,
ਛੱਡੇ ਨਹੀਂ ਦਾੜ੍ਹੀ ਦੇ ਵਾਲ,
ਹੱਥ ਹੀ ਕੱਟਣੇ ਪਏ ਸਨ
ਅੰਤ ਨੂੰ ਤਲਵਾਰ ਨਾਲ।
ਟੁਕੜੇ-ਟੁਕੜੇ ਹੋ ਗਿਆ,
ਪਰ ਨਾਮ ਰੋਸ਼ਨ ਕਰ ਗਿਆ
ਕੌਣ ਕਹਿੰਦਾ ਹੈ ਕਿ ਉਹ
ਜ਼ਾਲਿਮ ਦੇ ਹੱਥੋਂ ਮਰ ਗਿਆ।
ਰਹਿੰਦੀ ਦੁਨੀਆਂ ਤੀਕ
ਮਰ ਗਏ ਨੇ ਉਹ ਜਿਹਨਾਂ
ਉਸ ਬਾਲ ਨੂੰ ਸੀ ਮਾਰਿਆ।


Sri Satguru Jagjit Singh Ji eLibrary NamdhariElibrary@gmail.com

# ਪਾਠਸ਼ਾਲਾ ਤੋਂ ਕਲਤਗਾਹ ਤੱਕ

"ਖ਼ਬਰੇ ਕਿਉਂ ਐਡਾ ਚਿਰ ਲਾ ਦਿੱਤਾ ਸੂ" ਬਰੂਹਾਂ ਵਿੱਚ ਖੜੋਤੀ ਸੰਤੀ ਦੇ ਬੁੱਲ ਫ਼ਰਕ ਰਹੇ ਸਨ। ਉਸਦੀ ਨਜ਼ਰ ਗਲੀ ਦੇ ਮੋੜ ਉੱਤੇ ਟਿੱਕੀ ਹੋਈ ਸੀ। ਰਿਆਸਤ ਪਟਿਆਲਾ ਦੇ ਇਕ ਛੋਟੇ ਜਿਹੇ ਪਿੰਡ ਰੱੜ ਦੀ ਬਾਹਰਲੀ ਬਾਹੀ ਵੱਲ ਇਕ ਗ਼ਰੀਬੜੇ ਜਿਹੇ ਕਿਸਾਨ ਦਾ ਇਕ ਘਰ ਸੀ ਤੇ ਇਹ ਇਕ ਨਿੱਕਾ ਜਿਹਾ ਘਰ, ਕੱਚਾ ਜਿਹਾ ਕੋਠਾ ਕੇਵਲ ਤਿੰਨ ਜੀਆਂ ਨਾਲ ਆਬਾਦ ਸੀ। ਸੰਤੀ, ਉਸਦਾ ਪਤੀ ਸੁੱਚਾ ਸਿੰਘ ਤੇ ਇਕਲੌਤਾ ਪੁੱਤਰ ਬਿਸ਼ਨ ਸਿੰਘ।

ਇਕਲੌਤੇ ਪੁੱਤਰ ਦੀ ਮਾਂ, ਕਹਿੰਦੇ ਨੇ ਕਿ ਅੱਧੀ ਸ਼ੁਦੈਣ ਹੁੰਦੀ ਹੈ ਪਰ ਸੰਤੀ ਤਾਂ ਅੱਧੀ ਛੱਡ ਕੇ ਪੂਰੀ ਸ਼ੁਦੈਣ ਹੋ ਜਾਇਆ ਕਰਦੀ ਜਦੋਂ ਝੱਟ ਪਲ ਲਈ ਵੀ ਬਿਸ਼ਨਾ ਉਸ ਦੀਆਂ ਅੱਖਾਂ ਤੋਂ ਓਹਲੇ ਹੁੰਦਾ। ਅੱਜ ਵੀ ਸੰਤੀ ਦੀ ਕੁਝ ਇਹੋ ਜਿਹੀ ਹਾਲਤ ਸੀ। ਬਿਸ਼ਨਾ ਕਿਤੇ ਦੂਰ ਵੀ ਤਾਂ ਨਹੀਂ ਸੀ ਗਿਆ। ਪਿੰਡ ਦੇ ਗੁਰਦੁਆਰੇ ਪੜ੍ਹਨ ਜਾਇਆ ਕਰਦਾ ਸੀ।

ਸੰਤੀ ਓਵੇਂ ਹੀ ਬਰੂਹਾਂ ਵਿੱਚ ਖੜ੍ਹੀ-ਖੜ੍ਹੀ ਸੋਚ ਰਹੀ ਸੀ ਪਰ ਅੱਜ ਤਾਂ ਮਾਘੀ ਦੀ ਸੰਗਰਾਂਦ ਕਰਕੇ ਗੁਰਦੁਆਰੇ ਦੇ ਮੁੰਡਿਆਂ ਨੂੰ ਸੁਵੱਖ਼ਤੇ ਹੀ ਛੁੱਟੀ ਹੋ ਗਈ ਹੈ। ਕਈ ਮੁੰਡੇ ਆਪੋ ਆਪਣੇ ਬਸਤੇ ਚੁੱਕੀ ਕਦੋਂ ਦੇ ਗਲੀ 'ਚੋਂ ਲੰਘ ਗਏ ਨੇ, ਫੇਰ ਬਿਸ਼ਨਾ ਕਿਉਂ ਨਹੀਂ ਮੁੜਿਆ।

ਫਿਰ ਸੰਤੀ ਨੂੰ ਇਕ ਹੋਰ ਖ਼ਿਆਲ ਆਇਆ। ਰਾਤੀਂ ਜਦੋਂ ਖਾਓ, ਪਿਓ ਤੋਂ ਬਾਅਦ ਵਿਹਲੇ ਹੋ ਕੇ ਸਾਰੇ ਸੌਂ ਗਏ ਸਨ ਤਾਂ ਬਿਸ਼ਨਾ ਅਛੋਪਲੇ ਮੰਜੇ ਤੋਂ ਉੱਠ ਕੇ ਕਿਹੜੇ ਕਾਰੇ ਲੱਗ ਪਿਆ ਸੀ। ਅੰਦਰੋਂ ਉਹ ਛੋਟੀ ਜੰਗਾਲੀ ਹੋਈ ਕਿਰਪਾਨ ਕੱਢ ਕੇ ਉਸ ਨੂੰ ਪੱਥਰ ਉੱਤੇ ਘਸਾਈ ਜਾ ਰਿਹਾ ਸੀ। ਅੰਦਰੋਂ ਆ ਕੇ ਮੈਂ ਪੁੱਛਿਆ ਤਾਂ ਆਖਣ ਲੱਗਾ, ਐਂਵੇ ਬੇਬੇ, ਰਤਾ ਜੰਗਾਲ ਲਾਹੁਣ ਲੱਗਾ ਹਾਂ। ਸ਼ਸ਼ਤਰ ਦੀ ਬੇਅਦਬੀ ਹੁੰਦੀ ਹੈ ਜੇ ਸਵਾਰ ਕੇ ਨਾ ਰੱਖੀਏ।

ਸੋਚਦਿਆਂ-ਸੋਚਦਿਆਂ ਸੰਤੀ ਦਾ ਖ਼ਿਆਲ ਹੋਰ ਪਾਸੇ ਚਲਾ ਗਿਆ ਬਿਸ਼ਨਾ ਕਈਆਂ ਦਿਨਾਂ ਤੋਂ ਮਗਰ ਪਿਆ ਹੋਇਆ ਸੀ। ਰਹੁ ਦੀ ਖੀਰ ਲਈ - ਉਂਝ ਮੈਂ ਉਚੇਚੀ ਉਸੇ ਖ਼ਾਤਿਰ ਤਾਂ ਖੀਰ ਰਿਧੀ ਏ, ਪਰ ਉਹ ਅਜੇ ਤੱਕ ਨਹੀਂ ਮੁੜਿਆ। ਰਹੁ ਦੀ ਖੀਰ ਬਾਸੀ ਹੋ ਜਾਂਦੀ ਹੈ ਜੇ ਠੰਢੀ ਹੋ ਜਾਵੇ।



Sri Satguru Jagjit Singh Ji eLibrary NamdhariElibrary@gmail.com

ਠੰਢ ਕਾਫ਼ੀ ਪੈ ਰਹੀ ਸੀ ਆਕਾਸ਼ ਉੱਤੇ ਬੱਦਲ ਛਾਏ ਹੋਏ ਸਨ। ਗਲੀ ਵਿੱਚੋਂ ਆ ਰਹੇ ਠੰਢੀ ਹਵਾ ਦੇ ਫਹਾਇਆ ਨੇ ਸੰਤੀ ਨੂੰ ਸੁੰਨ ਕਰ ਦਿੱਤਾ ਸੀ। ਆਪਣੇ ਕੱਕਰ ਹੱਥਾਂ ਨੂੰ ਇਕ ਦੂਜੇ ਨਾਲ ਰਗੜਦੀ ਹੋਈ ਉਹ ਪਿਛਾਂਹ ਪਰਤੀ।

ਅੰਦਰ ਪੁੱਜ ਉਸ ਮੰਜੇ ਤੋਂ ਲੋਈ ਚੁੱਕੀ ਬੁੱਕਲ ਮਾਰੀ ਤੇ ਫਿਰ ਲਾਗਲੇ ਮੰਜੇ ਤੇ ਪਾਠ ਕਰ ਰਹੇ ਪਤੀ ਵੱਲ ਤਕ ਕੇ ਬੋਲੀ "ਬਿਸ਼ਨੇ ਦੇ ਬਾਪੂ ਰਸੋਈ ਵੱਲ ਧਿਆਨ ਰੱਖੀਂ, ਮੈਂ ਰਤਾ ਗੁਰਦੁਆਰੇ ਹੋ ਆਵਾਂ, ਬਿਸ਼ਨਾ ਆਇਆ ਨਹੀਂ ਅਜੇ ਤਾਈਂ।"

ਸੁੱਚਾ ਸਿੰਘ ਇਸ ਵੇਲੇ ਮੰਜੇ 'ਤੇ ਚੌਂਕੜੀ ਮਾਰੀ ਪਾਠ ਕਰ ਰਿਹਾ ਸੀ। ਸਣ - ਕੇਸ਼ੀ ਇਸ਼ਨਾਨ ਕਰਨ ਕਾਰਨ ਉਸਦੇ ਕੇਸ ਅਜੇ ਤੱਕ ਗਿੱਲੇ ਸਨ, ਬੜਾ ਲੰਮਾ ਸਿੱਧਾ ਦਾੜ੍ਹਾ ਜਿਸ ਵਿੱਚ ਕੋਈ-ਕੋਈ ਚਿੱਟਾ ਵਾਲ ਚਮਕ ਰਿਹਾ ਸੀ। ਗ਼ਲ ਵਿੱਚ ਚਿੱਟੀ ਉੱਨ ਦੀ ਮਾਲਾ, ਅੱਖਾਂ ਵਿੱਚ ਰੂਹਾਨੀ ਜਿਹੀ ਜੋਤ ਬੜੀ ਮਧੁਰਤਾ ਨਾਲ ਪੜ੍ਹ ਰਿਹਾ ਸੀ। "ਕਰਿ ਪ੍ਰਸਾਦੁ ਦਇਆ ਪ੍ਰਭਿ ਧਾਰੀ॥ ਨਾਨਕ ਨਿਬਹੀ ਖੇਪ ਹਮਾਰੀ॥"

ਪਾਠ ਕਰਦਿਆਂ ਸੁੱਚਾ ਸਿੰਘ ਨੇ ਸੰਤੀ ਨੂੰ ਦੋ ਚਾਰ ਮਿੰਟ ਦਾ ਰੁਕਣ ਦਾ ਇਸ਼ਾਰਾ ਕੀਤਾ। ਸੁਖਮਨੀ ਸਾਹਿਬ ਦਾ ਭੋਗ ਪੈਣ ਵਿੱਚ ਮਸੇ ਇੰਨੀ ਹੀ ਦੇਰ ਬਾਕੀ ਸੀ। ਸੰਤੀ ਇੰਨੇ ਚਿਰ ਤੱਕ ਰਸੋਈ ਵੱਲ ਪਰਤੀ ਤੇ ਚੁੱਲ੍ਹੇ ਹੇਠ ਧੁਖ਼ ਰਹੀ ਪਾਥੀ ਨੂੰ ਜ਼ਰਾ ਠਕੋਰ ਕੇ ਅੱਗ ਚਮਕਾ ਦਿੱਤੀ ਤਾਂਕਿ ਖੀਰ ਠੰਢੀ ਨਾ ਹੋ ਜਾਵੇ।

ਦੋ ਤਿੰਨ ਮਿੰਟਾਂ ਬਾਅਦ ਜਦ ਉਹ ਮੁੜ ਸੁੱਚਾ ਸਿੰਘ ਪਾਸ ਪੁੱਜੀ ਤਾਂ ਸੁੱਚਾ ਸਿੰਘ ਪੜ੍ਹ ਰਿਹਾ ਸੀ, "ਸਭ ਤੋਂ ਊਚ ਤਾ ਕੀ ਸੋਭਾ ਬਨੀ॥ ਨਾਨਕ ਇਹ ਗੁਣਿ ਨਾਮੁ ਸੁਖਮਨੀ॥" ਇਸ ਤੋਂ ਪਹਿਲਾਂ ਸੰਤੀ ਆਪਣੇ ਵਾਕਾਂ ਨੂੰ ਦੁਹਰਾਉਂਦੀ, ਗੁਰਦੁਆਰੇ ਦਾ ਗ੍ਰੰਥੀ ਅੰਦਰ ਆਉਂਦਾ ਦਿਖਾਈ ਦਿੱਤਾ। ਸੰਤੀ ਦਾ ਦਿਲ ਧੜਕਣ ਲੱਗ ਪਿਆ। ਉਸ ਦੇ ਹੱਥ ਵਿੱਚ ਬਿਸ਼ਨੇ ਦਾ ਬਸਤਾ ਤੱਕ ਕੇ ਸਵਾਲ ਕੀਤਾ, "ਬਾਬਾ ਜੀ ਮੇਰਾ ਬਿਸ਼ਨਾ ਨਹੀਂ ਆਇਆ ਅਜੇ ਤਾਈਂ।"

ਮਾਂ ਦਾ ਦਿਲ ਹਿੱਕ ਪਾੜ ਕੇ ਬਾਹਰ ਨੂੰ ਆਉਣ ਲੱਗਾ, "ਕਿ ਕਿਹਾ ਜੇ ਜੀ ਬਿਸ਼ਨਾ ਕਿੱਥੇ ਹੈ ਬਿਸ਼ਨੇ ਬਾਬਤ ਕੀ ਦੱਸਣ ਆਏ ਜੇ" ਇੱਕੋ ਸਾਹ ਕਿੰਨਾ ਕੁਝ ਪੁੱਛ ਗਈ ਉਹ। ਇੱਧਰ ਮਾਂ ਦਾ ਇਹ ਹਾਲ ਸੀ ਤੇ ਉੱਪਰ ਸੁੱਚਾ ਸਿੰਘ ਦੀਆਂ ਅੱਖਾਂ ਅਜੇ ਤੱਕ ਪਾਠ ਦੇ ਆਤਮ ਰਸ ਵਿਚ ਗੜੂੰਦ ਸਨ ਜਿਸ ਦੀਆਂ ਇਹ ਤੁਕਾਂ ਉਹਦੇ ਹੁਣੇ-ਹੁਣੇ ਪੜ੍ਹ ਕੇ ਹਟਿਆ ਸੀ - "ਬ੍ਰਹਮ ਗਿਆਨੀ ਸਦਾ ਨਿਰਲੇਪ॥ ਜੈਸੇ ਜਲ ਮਹਿ ਕਮਲ ਅਲੇਪ॥"

ਗ੍ਰੰਥੀ ਨੇ ਹੋਰ ਇਕ ਲੰਮੇ ਵਿਸਥਾਰ ਨਾਲ ਦੱਸਿਆ ਜਿਵੇਂ ਬੀਤੀ। ਸੱਤੀ ਇਲਾਕੇ ਦੇ ਨਾਮਧਾਰੀਆਂ ਦਾ ਜੱਥਾ ਮਲੇਰਕੋਟਲੇ ਜਾਂਦਾ ਹੋਇਆ ਉਤਰਿਆ ਸੀ ਤੇ ਫਿਰ ਗ੍ਰੰਥੀ ਜੀ ਨੇ ਇਹ ਵੀ ਦੱਸਿਆ ਕਿ ਸੰਤੀ ਦਾ ਬਾਰਾਂ ਵਰ੍ਹਿਆਂ ਦਾ ਲੜਕਾ ਬਿਸ਼ਨ ਸਿੰਘ ਕਿਵੇਂ ਜਥੇਦਾਰ ਹੀਰਾ ਸਿੰਘ ਨੂੰ ਤਰਲੇ ਤੇ ਵਾਸਤੇ ਪਾਉਂਦਾ ਰਿਹਾ ਸੀ ਕਿ ਉਸ ਨੂੰ ਵੀ ਨਾਲ ਲੈ ਚੱਲਣ, ਪਰ ਜਥੇਦਾਰ ਬਰਾਬਰ ਇਹ ਕਹਿ ਕੇ ਟਾਲ਼ਦਾ ਰਿਹਾ ਸੀ। "ਕਾਕਾ ਤੂੰ ਅਜੇ ਵੀ ਬੱਚਾ ਹੈ ਅਸੀਂ ਜਿਸ ਮੌਤ ਨੂੰ ਜੱਫ਼ੀਆਂ ਪਾਉਣ ਲਈ ਜਾ ਰਹੇ ਹਾਂ ਤੇਰੇ ਵਰਗੇ ਬੱਚੇ ਉਸ ਮੌਤ ਦਾ ਨਾਂ ਸੁਣ ਕੇ ਹੀ ਡਡਿਆ ਉੱਠਦੇ ਹੁੰਦੇ ਨੇ।"

'ਫੇਰ-ਫੇਰ'। ਸਾਹੋ-ਸਾਹ ਹੋਈ ਸੰਤੀ ਨੇ ਸਵਾਲ ਕੀਤਾ। ਗ੍ਰੰਥੀ ਜੀ ਨੇ ਦੱਸਣਾ


Sri Satguru Jagjit Singh Ji eLibrary NamdhariElibrary@gmail.com

ਸ਼ੁਰੂ ਕੀਤਾ "ਸਵੇਰੇ ਜਦੋਂ ਜਥਾ ਜਾਲੇ ਪਾਉਣ ਲੱਗਾ ਤਾਂ ਬਿਸ਼ਨਾ ਸਿੰਘ ਫੇਰ ਜਥੇਦਾਰ ਦੇ ਦੁਆਲੇ ਹੋਇਆ ਇਹੋ ਕਹੀ ਜਾਵੇ। ਜਥੇਦਾਰ ਜੀ ਉਮਰੋਂ ਭਾਵੇਂ ਮੈਂ ਬੱਚਾ ਸਹੀ ਪਰ ਮੈਨੂੰ ਭਾਵੇਂ ਪੋਟਾ-ਪੋਟਾ ਕਰਕੇ ਵੱਢ ਦਿੱਤਾ ਜਾਵੇ, ਆਪਣੇ ਸਤਿਗੁਰਾਂ ਦੀ ਸਿੱਖੀ ਨੂੰ ਲਾਜ ਨਾ ਲੱਗਣ ਦਿਆਂਗਾ।"

ਫੇਰ ਜੀ ਫੇਰ ਮਾਂ ਦੀਆਂ ਆਂਦਰਾਂ ਇਹ ਸਵਾਲ ਬਣ ਕੇ ਗੂੰਜੀਆਂ। ਗ੍ਰੰਥੀ ਜੀ ਦੱਸੀ ਜਾ ਰਹੇ ਸਨ 'ਜਥੇਦਾਰ ਨੇ ਉਸ ਦੀ ਇਕ ਨਾ ਸੁਣੀ ਤੇ ਅਰਦਾਸਾ ਸੋਧ ਕੇ ਜਥਾ ਚਲਾ ਗਿਆ।' ਸੰਤੀ ਨੇ ਹੋਰ ਕਾਹਲ਼ਾ ਸਵਾਲ ਕੀਤਾ - 'ਬਿਸ਼ਨਾ' 'ਦੱਸਦਾ ਹਾਂ' ਗ੍ਰੰਥੀ ਜੀ ਬੋਲੇ - 'ਜਥੇ ਤੁਰੇ ਨੂੰ ਥੋੜ੍ਹਾ ਹੀ ਚਿਰ ਹੋਇਆ ਸੀ ਕਿ ਇਕ ਅਰਾਈ ਮੁੰਡੇ ਨੇ ਬਿਸ਼ਨੇ ਸਿੰਘ ਦਾ ਇਹ ਬਸਤਾ ਮੈਨੂੰ ਲਿਆ ਫੜਾਇਆ ਤੇ ਨਾਲੇ ਬਿਸ਼ਨ ਸਿੰਘ ਦਾ ਸੁਨੇਹਾ'।

ਸੁਨੇਹਾ ਸੰਤੀ ਦੀਆਂ ਅੱਖਾਂ ਪੱਥਰਾਂ ਰਹੀਆਂ ਸਨ। 'ਕੇਹਾ ਸੁਨੇਹਾ ਬਾਬਾ ਜੀ' ਗ੍ਰੰਥੀ ਜੀ ਨੇ ਸੰਖੇਪ ਵਿੱਚ ਦੱਸ ਦਿੱਤਾ "ਅਖੇ ਮੈਂ ਜਥੇ ਵਿੱਚ ਰਲਣ ਲਈ ਜਥੇ ਦੇ ਮਗਰ ਜਾ ਰਿਹਾ ਹਾਂ।" ਇਹ ਵਾਕ ਕਹਿੰਦਿਆਂ ਗ੍ਰੰਥੀ ਜੀ ਨੇ ਇਕ ਵਾਰੀ ਸੰਤੀ ਵੱਲ ਤੇ ਇਕ ਵਾਰੀ ਸੁੱਚਾ ਸਿੰਘ ਵੱਲ ਤੱਕਿਆ। ਸੁੱਚਾ ਸਿੰਘ ਦੀਆਂ ਅੱਖਾਂ ਵਿੱਚ ਉਹੀ ਨਾਮ ਖੁਮਾਰੀ ਮੌਜੂਦ ਸੀ ਤੇ ਹੌਲੀ-ਹੌਲੀ ਉਸ ਦੇ ਬੁੱਲ੍ਹ ਫ਼ਰਕ ਰਹੇ ਸਨ, ਜਿਸ ਕੀ ਬਸਤੁ ਤਿਸੁ ਆਗੈ ਰਾਖੈ॥ ਪ੍ਰਭ ਕੀ ਆਗਿਆ ਮਾਨੈ ਮਾਥੈ॥ ਉਸ ਤੇ ਚਉਗੁਨ ਕਰੈ ਨਿਹਾਲੁ॥ ਨਾਨਕ ਸਾਹਿਬ ਸਦਾ ਦਇਆਲੁ।'

ਤੇ ਸੰਤੀ ਉਸ ਦੀਆਂ ਅੱਖਾਂ ਵਿੱਚ ਸਰ੍ਹੋਂ ਫ਼ੁੱਲ ਰਹੀ ਸੀ। ਜਿਵੇਂ ਮਾਸ ਦੀ ਨਹੀਂ, ਸੰਤੀ ਪੱਥਰ ਦੀ ਬਣ ਗਈ ਹੋਵੇ। ਸੁੱਚਾ ਸਿੰਘ ਨੇ ਉਸਦਾ ਮੋਢਾ ਹਲੂਣਦਿਆਂ ਕਿਹਾ, "ਸੰਤੀਏ-ਸੰਤੀਏ ਕਿਹੜੇ ਵਹਿਣਾ ਵਿਚ ਪੈ ਗਈ ਏਂ। ਕਮਲੀਏ ਸ਼ੁਕਰ ਨਹੀਂ ਕਰਦੀ ਜੁ ਪੁੱਤ ਤੇਰਾ ਸਤਿਗੁਰੂ ਦੀ ਗੋਦ ਵਿੱਚ ਜਾ ਰਿਹਾ ਹੈ।"

ਸੰਤੀ ਨੂੰ ਜਿਵੇਂ ਕਿਸੇ ਨੇ ਸੁੱਤੀ ਨੂੰ ਜਗਾ ਦਿੱਤਾ। ਉਸ ਦੀਆਂ ਅੱਖਾਂ ਵਿੱਚ ਹਰਕਤ ਆਈ ਤੇ ਹਰਕਤ ਦੇ ਨਾਲ ਢਿੱਲ ਵੀ। ਇਸ ਢਿੱਲ ਨੂੰ ਤੱਕ ਕੇ ਸੁੱਚਾ ਸਿੰਘ ਬੋਲਿਆ, ਰੋਣੀ ਏ ਸੰਤੀਏ।' ਫੋਟ ਕਮਲੀਏ, ਕੋਈ ਨਹੀਂ ਬਿਸ਼ਨੇ ਦੇ ਬਾਪੂ, ਪੱਲੇ ਨਾਲ ਅੱਖਾਂ ਪੂੰਝੀਆਂ 'ਮੈਨੂੰ ਇਕ ਹੋਰ ਪਛੱਤਰੀ ਲੱਗੀ ਹੋਈ ਹੈ।' 'ਹੋਰ ਪਛੱਤਰੀ' ਸੁੱਚਾ ਸਿੰਘ ਨੇ ਸਵਾਲ ਕੀਤਾ 'ਕਹਿ' ਸੰਤੀ ਬੋਲੀ 'ਬਿਸ਼ਨਾ ਅਜੇ ਨਿਆਣਾ ਏ, ਰੋ ਕੇ ਟੁੱਕ ਮੰਗਣ ਦੀ ਉਮਰ ਏ ਉਹਦੀ, ਨਾ ਜਾਣੀਏ ਮੇਰੀ ਕੁੱਖ ਨੂੰ ਦਾਗ ਲਾ ਆਵ ਮੌਤੋਂ ਡਰ ਕੇ'। 'ਸ਼ੁਦੈਣ ਕਿਸੇ ਥਾਂ ਦੀ' ਅੱਖਾਂ ਵਿੱਚ ਇਕ ਅਨੋਖੀ ਜਿਹੀ ਚਮਕ ਸੀ - 'ਜੇ ਬਿਸ਼ਨਾ ਮੇਰਾ ਪੁੱਤਰ ਏ, ਤੇ ਸੱਚੀ ਮੁੱਚੀ ਬਿਸ਼ਨੇ ਨੇ ਸੰਤੀਏ, ਤੇਰੀ ਕੁਖੋਂ ਜਨਮ ਲਿਆ ਹੈ ਤਾਂ ਮੌਤ ਉਹ ਟਿਚ ਕਰਕੇ ਜਾਣੇਗਾ, ਇਸ ਗੱਲ ਦਾ ਯਕੀਨ ਰੱਖ।'

ਮਾਂ ਦੇ ਹਿਰਦੇ ਵਿੱਚ ਇਸ ਵੇਲੇ ਦੋ ਤਾਕਤਾਂ ਦਾ ਘੋਲ ਹੋ ਰਿਹਾ ਸੀ - ਮੋਹ ਤੇ ਤਿਆਗ ਦਾ, ਤੇ ਰੋਕਦਿਆਂ-ਰੋਕਦਿਆਂ ਵੀ ਉਸ ਦੇ ਮੂੰਹੋਂ ਇੱਕ ਲੰਮੇ ਹਉਕੇ ਨਾਲ ਇਕ ਵਾਕ ਨਿਕਲ ਹੀ ਗਿਆ - 'ਹਾਏ ਦੋ ਕੜਛੀਆਂ ਖ਼ੀਰ ਤਾਂ ਖਾਂ ਜਾਂਦਾ, ਕੇਡੀਆਂ ਸੱਧਰਾਂ ਨਾਲ ਧਰੀ ਸੀ ਮੈਂ'। 'ਸੰਤੀਏ' ਸੁੱਚਾ ਸਿੰਘ ਦੀ ਆਵਾਜ਼ ਵਿੱਚ ਆਤਮ ਗੌਰਵ ਤੇ ਤਪਸਵੀਆਂ ਵਰਗੇ ਤਿਆਗ ਦਾ ਰੰਗ ਸੀ "ਦੂਰ ਕਰ ਇਸ ਮੋਹ ਮਾਇਆ ਨੂੰ ਕਮਲੀਏ



Sri Satguru Jagjit Singh Ji eLibrary NamdhariElibrary@gmail.com

ਖੀਰ ਖਾ ਜਾਂਦਾ। ਤੇਰੇ ਗੁਰੂ (ਗੋਬਿੰਦ ਸਿੰਘ) ਨੇ ਪਤਾ-ਈ ਅਜੀਤ ਤੇ ਜੁਝਾਰ ਨੂੰ ਆਖਿਆ ਸੀ, ਜਦੋਂ ਉਹਨਾਂ ਪਾਣੀ ਮੰਗਿਆ ਸੀ। ਯਾਦ ਈ"। 'ਯਾਦ ਏ' ਸੰਤੀ ਨੇ ਸੀਨਾ ਦੋਹਾਂ ਹੱਥਾਂ ਨਾਲ ਘੁੱਟਦਿਆਂ ਕਿਹਾ। "ਕੀ ਕਿਹਾ ਸੀ ਉਹਨਾਂ ਭਲੀਏ" ਸੁੱਚਾ ਸਿੰਘ ਨੇ ਮੁੜ ਪ੍ਰਸ਼ਨ ਕੀਤਾ।

ਉਹਨਾਂ ਨੇ ਕਿਹਾ ਸੀ, ਸੰਤੀ ਦੀ ਆਵਾਜ਼ ਲਰਜ਼ ਰਹੀ ਸੀ। "ਉਹਨਾਂ ਕਿਹਾ ਸੀ ਅਖੇ ਬੱਚਿਓਂ ਤੁਹਾਡਾ ਪਾਣੀ ਹੁਣ ਲੜਾਈ ਦਾ ਮੈਦਾਨ ਏ"। "ਤੇ ਕਮਲੀਏ" ਸੁੱਚਾ ਸਿੰਘ ਬੋਲਿਆ "ਤੇਰੀ ਖੀਰ ਬਹੁਤ ਕੀਮਤੀ ਏ ਉਸ ਪਾਣੀ ਨਾਲੋਂ" ਪਤੀ ਦੀ ਗੱਲ ਸੁਣ ਕੇ ਸੰਤੀ ਦੇ ਹਿਰਦੇ ਵਿੱਚ ਜਿਵੇਂ ਕੋਈ ਨਵਾਂ ਬਲ ਆ ਪਿਆ। ਉਸ ਨੇ ਸਖ਼ਤੀਪ ਨਾਲ ਅੱਖਾਂ ਦੀ ਗਿਲ ਪੂੰਝ ਸੁੱਟੀ। ਉਸ ਦੇ ਹੱਥ ਜੁੜ ਗਏ ਅੱਖਾਂ ਉਤਾਂਹ ਉੱਠੀਆਂ ਤੇ ਉਸ ਦੇ ਕੰਬਦੇ-ਕੰਬਦੇ ਬੁੱਲ੍ਹਾਂ ਵਿਚੋਂ ਨਿਕਲਿਆ, 'ਲੇਖੇ ਲਾਈਂ-ਲਾਈਂ ਲੇਖੇ ਚੀਨੀ ਵਾਲਿਆ ਮੇਰੇ ਲਾਲ ਨੂੰ ਲੇਖੇ - ਲੈ—ਤੇ ਬੋਲਦਿਆਂ-ਬੋਲਦਿਆਂ ਸੰਤੀ ਨੂੰ ਜਾਪਿਆ ਜਿਵੇਂ ਉਸ ਦਾ ਸਾਰਾ ਕਲੇਜਾ ਅੱਖਾਂ ਵੱਲ ਨੂੰ ਉਗਲਿਆ ਆ ਰਿਹਾ ਹੋਵੇ। ਮਤੇ ਪਤੀ ਜਾਂ ਗੁਆਂਢੀ ਹੋਰਾਂ ਦੇ ਸਾਹਮਣੇ ਫੇਰ ਕੋਈ ਕਮਜ਼ੋਰੀ ਦਿਖਾਲ ਬਹੇ, ਏਸ ਡਰੋਂ ਉੱਠ ਕੇ ਉਹ ਰਸੋਈ ਵੱਲ ਤੁਰ ਪਈ।

ਰਸੋਈ ਵਿੱਚ ਜਾ ਕੇ ਸੰਤੀ ਨੇ ਵੇਖਿਆ, ਚੁੱਲ੍ਹੇ ਹੇਠਲੀ ਅੱਗ ਲਟ-ਲਟ ਬਲ਼ ਰਹੀ ਸੀ ਤੇ ਪਤੀਲੇ ਵਿੱਚ ਖ਼ੀਰ ਦੇ ਸੜਨ ਦੀ ਵਾਸ਼ਨਾ ਆ ਰਹੀ ਸੀ ਪਰ ਸੰਤੀ ਨੇ ਨਾ ਤਾਂ ਅੱਗ ਮੱਠੀ ਕੀਤੀ ਤੇ ਨਾ ਹੀ ਪਤੀਲੇ ਵਿੱਚ ਕੜਛੀ ਮਾਰੀ। ਥੋੜ੍ਹੀ ਦੇਰ ਬਾਅਦ ਜਦ ਸੁੱਚਾ ਸਿੰਘ ਅੰਦਰੋਂ ਨਿਕਲ ਕੇ ਵਿਹੜੇ ਵਿੱਚ ਆਇਆ ਤਾਂ ਉਸ ਵੇਖਿਆ ਸੰਤੀ ਗੱਡੇ ਅੱਗੇ ਦੋਵੇਂ ਢੱਗੇ (ਬਲ਼ਦ) ਜੋਤ ਚੁੱਕੀ ਸੀ ਤੇ ਅੰਦਰੋਂ ਦਬਾਦਬ ਸਮਾਨ ਕੱਢ ਕੇ ਗੱਡੇ ਵਿੱਚ ਲੱਦ ਰਹੀ ਸੀ। ਬਾਲਣ, ਮੱਕੀ ਦੀਆਂ ਤਿੰਨ ਪੰਡਾਂ, ਕਣਕ ਦੇ ਦੋ ਤਿੰਨ ਤੋੜੇ, ਕੁਝ ਕੱਪੜੇ, ਲੇਫ਼ ਤਲਾਈਆਂ ਤੇ ਹੋਰ ਕਿੰਨਾ ਹੀ ਨਿੱਕੜ-ਸੁੱਕੜ। ਇਸ ਕੌਤਕ ਨੂੰ ਤੱਕ ਕੇ ਸੁੱਚਾ ਸਿੰਘ ਨੇ ਹੈਰਾਨੀ ਨਾਲ ਪੁੱਛਿਆ, 'ਸੰਤੀਏ ਇਹ ਕੀ ਕਰਨ ਡਹੀ ਹੋਈ ਹੈਂ'

ਉਵੇਂ ਹੀ ਮੂੰਹ ਧਿਆਨ ਆਪਣੇ ਕੰਮ ਵਿੱਚ ਰੁੱਝੀ ਹੋਈ ਸੰਤੀ ਨੇ ਜਵਾਬ ਦਿੱਤਾ। 'ਮਲੇਰਕੋਟਲੇ ਚੱਲੀ ਹਾਂ।'

'ਮਲੇਰਕੋਟਲੇ*' ਆਹੋ ਸੰਤੀ ਨੇ ਇਕ ਗੱਠੜੀ ਨੂੰ ਥਾਂ ਸਿਰ ਟਕਾਂਦੀ ਹੋਈ ਬੋਲੀ - 'ਜਥੇ ਲਈ ਰੋਟੀ ਟੁੱਕ ਦਾ ਆਹਰ ਪਾਹਰ ਲੋੜੀਂਦਾ ਏ, ਆਖਰਾਂ ਦੀ ਸੀਤ ਪੈ ਰਹੀ ਹੈ ਉੱਤੋਂ। ਪਤਾ ਨਹੀਂ ਕੱਪੜਾ - ਲੀੜਾ ਉਹਨਾਂ ਕੋਲ ਹੈ ਕਿ ਨਹੀਂ।' ਸੁਣ ਕੇ ਸੁੱਚਾ ਸਿੰਘ ਦੇ ਹੱਥ ਜੁੜ ਗਏ, ਉਸ ਦਾ ਦਿਲ ਕੀਤਾ ਕਿ ਝੁਕ ਕੇ ਪਤਨੀ ਦੀ ਚਰਨ ਧੂੜ ਮੱਥੇ ਨੂੰ ਲਾ ਲਵੇ। ਉਹ ਇੰਨਾ ਹੀ ਬੋਲ ਸਕਿਆ 'ਚੱਲ ਫੇਰ ਮੈਂ ਵੀ ਤਿਆਰ ਹਾਂ।'

'ਨਹੀਂ ਬਿਸ਼ਨੇ ਦੇ ਬਾਪੂ' ਸੰਤੀ ਮੁੱਕਈ ਵਾਲੇ ਤੋੜੇ ਨੂੰ ਸੇਬੇ ਨਾਲ ਬੰਨ੍ਹਦੀ ਹੋਈ ਬੋਲੀ, "ਤੂੰ ਪੂਲੀ ਬੰਨਾ ਸੰਭਾਲਣਾ ਏ।" 'ਤੇ ਤੂੰ ਇਕੱਲੀ ਜਾਏਂਗੀ' 'ਇਕੱਲੀ ਕਿਉਂ' ਸੰਤੀ ਨੇ ਉਸ ਵੱਲ ਤੱਕ ਕੇ ਕਿਹਾ 'ਸਤਿਗੁਰੂ ਰਾਮ ਸਿੰਘ ਜੀ ਮੇਰੇ ਨਾਲ ਏ।' ਪਰ ਐਡੀ ਝੱਟ-ਪਟ ਤਿਆਰ ਹੋ ਪਈ ਏ ਤੂੰ।' ਕੰਮ ਜੁ ਇਹੋ ਜਿਹਾ ਏ ਬਿਸ਼ਨੇ ਦੇ ਬਾਪੂ। ਮੁੰਡਾ ਨਿਆਣਾ ਸਿਆਣਾ ਏ। ਨਾ ਜਾਣੀਏ ਮੌਤ ਤੋਂ ਡਰ ਜਾਵੇ ਤੇ ਮੇਰੀ ਉਮਰ ਦੀ ਕੀਤੀ ਕਤਰੀ ਉੱਤੇ ਪਾਣੀ ਫੇਰ ਦੇਵੇ।' ਸੁੱਚਾ ਸਿੰਘ ਫੇਰ ਕੁਝ ਨਹੀਂ ਬੋਲ ਸਕਿਆ।


Sri Satguru Jagjit Singh Ji eLibrary NamdhariElibrary@gmail.com

ਮਾਘ ਦੀ ਪੰਚਵੀਂ, ਅਰਥਾਤ ਜਨਵਰੀ ਦੀ ਸਤਾਰਵੀਂ ਤਰੀਕ ਦਾ ਸੂਰਜ ਅਸਤ ਹੋ ਰਿਹਾ ਸੀ। ਆਕਾਸ਼ ਉੱਤੇ ਰੁਮਕ ਰਹੇ ਕਾਲੇ ਬੱਦਲਾਂ ਦੀ ਕਲੀਆਂ ਉੱਤੇ ਲਹੂ ਰੰਗੀ ਲਾਲੀ ਲਿਸ਼ਕ ਰਹੀ ਸੀ। ਕਕਰਾਲੀ ਹਵਾ ਦਾ ਠੱਕਾ ਵੱਗ ਰਿਹਾ ਸੀ, ਜਿਸ ਤੋਂ ਸਹਿਮ ਕੇ ਪੰਛੀ ਆਪੋ-ਆਪਣੇ ਆਲ੍ਹਣਿਆਂ ਵਿਚ ਦੂਬਕੇ ਹੋਏ ਸਨ। ਇਸ ਵੇਲੇ ਮਲੇਰਕੋਟਲੇ ਦੇ ਕਿਲ੍ਹਾ ਸ਼ੇਰਪੁਰ ਦੇ ਸਦਰ ਦਰਵਾਜ਼ੇ ਅੱਗੇ ਖੁੱਲ੍ਹੇ ਮੈਦਾਨ ਵਿਚ ਇਕ ਖ਼ਾਮੋਸ਼ ਜਿਹਾ ਜਨ ਸਮੂਹ ਦਿਖਾਈ ਦੇ ਰਿਹਾ ਸੀ। ਖ਼ਾਕੀ ਵਰਦੀਆਂ ਵਾਲੇ ਗੋਰੇ ਤੇ ਦੇਸੀ ਸਿਪਾਹੀਆਂ ਦੀ ਇਕ ਲੰਮੀ ਕਤਾਰ, ਜਿਸ ਦੇ ਲਾਗੇ ਕੁਝ ਤੋਪਾਂ ਗੱਡੀਆਂ ਹੋਈਆਂ ਸਨ, ਜਿਹਨਾਂ ਕੋਲ ਕਰਕੇ ਸੰਗੀਨੀ ਪਹਿਰਿਆਂ ਵਿੱਚ ਪੰਜਾਹ ਦੇ ਲਗਭਗ ਦੈਵੀ ਸੂਰਤਾਂ ਘਿਰੀਆਂ ਹੋਈਆਂ ਸਨ। ਇਸ ਤੋਂ ਜ਼ਰਾ ਹਟਵੇਂ ਥਾਂ ਤੇ ਕੁਝ ਸਰਕਾਰੀ ਅਫ਼ਸਰ ਕੁਰਸੀਆਂ 'ਤੇ ਬੈਠੇ ਸਨ, ਸਭਨਾਂ ਤੋਂ ਅਗਲੀਆਂ ਦੋ ਕੁਰਸੀਆਂ ਤੇ ਲੁਧਿਆਣਾ ਦਾ ਡਿਪਟੀ ਕਮਿਸ਼ਨਰ ਮਿਸਟਰ ਕਾਵਨ ਤੇ ਉਸ ਦੀ ਮੇਮ ਡਟੇ ਹੋਏ ਸਨ। ਹਰ ਪਾਸੇ ਸੰਨਾਟਾ ਸੀ, ਕਿਤੋਂ ਕੋਈ ਆਵਾਜ਼ ਨਹੀਂ ਸੀ ਸੁਣਾਈ ਦਿੰਦੀ।

ਇਸ ਵੇਲੇ ਮੂਹਰਲੇ ਅਫ਼ਸਰ ਕਾਵਨ ਨੇ ਇਸ਼ਾਰਾ ਕੀਤਾ, ਜਿਸ ਨੂੰ ਸੁਣਦਿਆਂ ਹੀ ਤੋਪਚੀਆਂ ਨੇ ਤੋੜੇ ਸੁਲਘਾ ਲਏ ਤੇ ਫਿਰ ਲਾਡਲੇ ਸੂਰਬੀਰਾਂ ਦੀ ਕਤਾਰ ਵਿੱਚੋਂ ਸੱਤ ਸਿੰਘ ਨਿਕਲਦੇ, ਇਕ ਆਕਾਸ਼ ਕੰਬਾਊ ਜੈਕਾਰੇ ਦੀ ਆਵਾਜ਼ ਗੂੰਜਦੀ ਤੇ ਫਿਰ ਇਹ ਸੱਤੇ-ਸੱਤੇ ਤੋਪਾਂ ਦੇ ਮੂੰਹਾਂ ਅੱਗੇ ਆ ਕੇ ਡਟ ਜਾਂਦੇ। ਤੋਪਚੀਆਂ ਦੇ ਹੱਥਾਂ ਵਿੱਚ ਹਰਕਤ ਆਉਂਦੀ ਤੇ ਇਕ ਵਾਰੀ ਸੱਤਾਂ ਤੋਪਾਂ ਵਿਚੋਂ ਠਾਹ ਦਾ ਸ਼ੋਰ ਉੱਠਦਾ, ਜਿਸ ਨਾਲ ਸੱਤੇ ਸਰਦਾਰ ਪੁਰਜ਼ਾ-ਪੁਰਜ਼ਾ ਹੋ ਕੇ ਉੱਡ ਜਾਂਦੇ।

ਲਗਾਤਾਰ ਇਹ ਸਿਲਸਿਲਾ ਚਲਦਾ ਹੋਇਆ ਜਦੋਂ ਛੇਕੜਲੇ ਸੱਤੇ ਤੇ ਪੁੱਜਾ ਤਾਂ ਵੱਡੇ ਅਫ਼ਸਰ ਦੀ ਮੇਮ ਨੇ ਆਪਣੇ ਪਤੀ ਦਾ ਮੋਢਾ ਟੂੰਬਦਿਆਂ ਤਰਲਾ ਕੀਤਾ। 'ਡੀਅਰ ਕਾਵਨ' ਮੇਹਰਬਾਨੀ ਕਰਕੇ ਦੋ ਮਿੰਟਾਂ ਲਈ ਰੋਕੋ।' ਕਾਵਨ ਨੇ ਇਸ਼ਾਰਾ ਕੀਤਾ, ਜਿਸਦੇ ਫ਼ਲਸਰੂਪ ਛੇਕੜਲੇ ਸੱਤੇ ਨੂੰ ਤੋਪਾਂ ਵੱਲ ਜਾਣ ਤੋਂ ਰੋਕ ਦਿੱਤਾ ਗਿਆ। ਮੇਮ ਇਕ ਵਾਰੀ ਫੇਰ ਛਲਕਦੀਆਂ ਅੱਖਾਂ ਨਾਲ ਉਹਨਾਂ ਸੱਤਾਂ ਵੱਲ ਤਕਦਿਆਂ ਪਤੀ ਨੂੰ ਕਿਹਾ, 'ਮਾਈ ਡੀਅਰ ਉਹ ਛੋਟਾ ਬੱਚਾ ਓਫ਼। ਨੰਨ੍ਹਾ ਜਿਹਾ, ਸਾਡੇ ਐਮਰਸਨ ਦੀ ਉਮਰ ਦਾ ਹੋਵੇਗਾ ਮਸੇ। ਭਲਾ, ਡੀਅਰ ਐਡੇ ਨਿੱਕੇ ਜਿਹੇ ਬਾਲ ਨੇ ਕੀ ਜ਼ੁਰਮ ਕਰਨਾ ਸੀ। ਕੀ ਤੁਸੀਂ ਇਸ ਨੂੰ ਮਾਫ਼ੀ ਨਹੀਂ ਦੇ ਸਕਦੇ'

ਕਾਵਨ ਨੇ ਵੀ ਉਹਨਾਂ ਸੱਤਾਂ ਵਿਚ ਉਸ ਬਾਰਾਂ ਸਾਲ ਦੇ ਬੱਚੇ ਨੂੰ ਬੜੇ ਧਿਆਨ ਨਾਲ ਤੱਕਿਆ। ਥੋੜ੍ਹਾ ਚਿਰ ਖ਼ਾਮੋਸ਼ ਰਹਿ ਕੇ ਮੇਮ ਨੂੰ ਕਹਿਣ ਲੱਗਾ 'ਹੋ ਸਕਦਾ ਹੈ ਡਾਰਲਿੰਗ ਤੇਰਾ ਖਿਆਲ ਠੀਕ ਹੋਵੇ, ਪਰ ਮੇਮ ਨੇ ਟੋਕਿਆ' ਪਰ ਨਹੀਂ ਡੀਅਰ ਇਹ ਜ਼ਰੂਰ ਬੇ-ਗੁਨਾਹ ਹੋਵੇਗਾ। ਤੁਸੀਂ ਉਸ ਦੀ ਮਾਸੂਮ ਜਿਹੀ ਸ਼ਕਲ ਤੋਂ ਨਹੀਂ ਦੇਖਦੇ। ਕੀ ਸਾਡਾ ਐਮਰਸਨ, ਜੋ ਏਸੇ ਜਿਹਾ ਹੈ, ਤੁਸੀਂ ਮੰਨ ਸਕਦੇ ਹੋ ਕਿ ਖ਼ੂਨ ਕਰੇਗਾ' "ਪਰ ਕਾਵਨ ਬੋਲਿਆ, ਮੈਨੂੰ ਅਫ਼ਸੋਸ ਹੈ ਕਿ ਕਾਨੂੰਨ ਦਾ ਫ਼ੈਸਲਾ ਤੋੜਿਆ ਨਹੀਂ ਜਾ ਸਕਦਾ।' ਮੰਨਦੀ ਹਾਂ ਡੀਅਰ, ਪਰ ਤੁਸੀਂ ਇਕ ਵਾਰੀ ਉਸ ਨੂੰ ਪੁੱਛੋ ਤੇ ਸਹੀ ਸੱਦ ਕੇ। ਜੇ ਸਾਬਿਤ ਹੋ ਜਾਵੇ ਕਿ ਉਸ ਨੇ ਖ਼ੂਨ-ਖ਼ਰਾਬੇ ਵਿਚ ਕੋਈ ਹਿੱਸਾ ਨਹੀਂ ਲਿਆ ਤਾਂ ਮੈਂ



Sri Satguru Jagjit Singh Ji eLibrary NamdhariElibrary@gmail.com

ਉਸ ਦੀ ਜਾਨ ਬਖਸ਼ੀ ਲਈ ਵਾਸਤਾ ਪਾਉਂਦੀ ਹਾਂ। ਆਹ ਕੇਡਾ ਭੋਲਾ ਭਾਲਾ ਬਿਲਕੁਲ ਸਾਡਾ ਐਮਰਸਨ ਵਰਗਾ।

ਕਾਵਨ ਬੋਲਿਆ – ਖ਼ੂਨੀ ਹੋਣ ਜਾਂ ਨਾ ਹੋਣ ਦਾ ਸਵਾਲ ਨਹੀਂ ਡਾਰਲਿੰਗ। ਸਵਾਲ ਹੈ ਬਾਗ਼ੀ ਜਮਾਤ ਦਾ ਇਕ ਮੈਂਬਰ ਹੋਣ ਦਾ ਅਲਬੱਤਾ ਜੇ ਉਹ ਮੁੰਡਾ ਕਹਿ ਦੇਵੇ ਕਿ ਉਸਦਾ ਬਾਗ਼ੀ ਜਮਾਤ ਨਾਲ ਕੋਈ ਵਾਸਤਾ ਨਹੀਂ ਤਾਂ ਸ਼ਾਇਦ ਮੈਂ ਉਸ ਨੂੰ ਛੱਡ ਸਕਾਂ। ਮੇਮ ਦੇ ਚਿਹਰੇ ਉੱਤੇ ਖੁਸ਼ੀ ਦੀ ਲਹਿਰ ਦੌੜ ਗਈ 'ਹੱਛਾ ਡੀਅਰ ਤੁਸੀਂ ਉਸ ਨੂੰ ਸੱਦ ਕੇ ਪੁੱਛੋ ਤਾਂ ਸਹੀ।'

ਸਾਹਿਬ ਨੇ ਜ਼ੇਲ੍ਹ ਅਫ਼ਸਰ ਨੂੰ ਇਸ਼ਾਰਾ ਕਰਕੇ ਉਹਨਾਂ ਕੈਦੀਆਂ ਵਿੱਚੋਂ ਸਭ ਤੋਂ ਛੋਟੇ ਨੂੰ ਕੋਲ ਸਦਵਾ ਲਿਆ ਮੁੰਡਾ ਪੂਰੀ ਨਿਰਭੈਤਾ ਨਾਲ ਸਾਹਿਬ ਤੇ ਮੇਮ ਦੇ ਸਾਹਮਣੇ ਆ ਖੜੋਤਾ। ਸਾਹਿਬ ਦੀ ਮੇਮ ਨਾਲ ਉਸ ਦੀਆਂ ਗੱਲਾਂ ਸ਼ੁਰੂ ਹੋਈਆਂ।

'ਵੈਲ ਛੋਕਰਾ, ਤੁਮਾਰਾ ਨਾਮ ਕਿਆ ਹੈ'

ਮੇਰਾ ਨਾਂ ਜੀ ਬਿਸ਼ਨ ਸਿੰਘ'।

ਤੁਮ ਨੇ ਕੋਈ ਖੁਨ ਕੀਐ'

'ਨਹੀਂ ਮੇਮ ਸਾਹਿਬ, ਮੈਂ ਇੱਕ ਬੁੱਚੜ ਨੂੰ ਫੜਿਆ ਤਾਂ ਸੀ ਪਰ ਬਚ ਕੇ ਨੱਠ ਗਿਆ।'

ਓ ਤਬ ਤੋ ਤੁਮ ਬੇਗ਼ੁਨਾਹ ਹੋ।'

'ਗੁਨਾਹੈ ਕੈਸਾ ਗੁਨਾਹ, ਮੇਮ ਸਾਹਿਬੈ ਕੀ ਗਊਆਂ ਦੇ ਕਾਤਲ ਨੂੰ ਮਾਰਨਾ ਗੁਨਾਹ ਹੈ

ਜਵਾਬ ਸੁਣ ਕੇ ਮੇਮ ਹੱਕ-ਬੱਕੀ ਰਹਿ ਗਈ। ਇੰਨੇ ਚਿਰ ਤੱਕ ਸਾਹਿਬ ਬੋਲ ਉੱਠਿਆ – ਵੈਲ ਬਿਸ਼ਨ ਦੇਖੋ ਤੁਮ ਅਬੀ ਬਹੁਤ ਛੋਟੇ ਹੋ ਅਗਰ ਤੁਮ ਬੋਲ ਦੋ ਕਿ ਤੁਮ ਸਤਿਗੁਰੂ ਰਾਮ ਸਿੰਘ ਦਾ ਸਿੱਖ ਨਹੀਂ ਹੈ ਤੋ ਹਮ ਤੁਮਕੋ ਮਾਫ਼ੀ ਦੇ ਦੇਗਾ।

ਸਾਹਿਬ ਦੀ ਗੱਲ ਸੁਣ ਕੇ ਭੁਜੰਗੀ ਬਿਸ਼ਨ ਸਿੰਘ ਸਗੋਂ ਬਾਰੂਦ ਦਾ ਪਤੀਲਾ ਬਣ ਗਿਆ। ਉਸ ਦਾ ਅੰਗ-ਅੰਗ ਗੁੱਸੇ ਨਾਲ ਤਪ ਉੱਠਿਆ। ਉਸ ਦੀਆਂ ਨਾੜਾਂ ਵਿੱਚ ਚਲਦੇ ਲਹੂ ਵਿੱਚ ਕਹਿਰਾਂ ਦੀ ਤੇਜ਼ੀ ਆ ਗਈ। ਬਿਸ਼ਨ ਸਿੰਘ ਦਾ ਆਪਾ ਬੇਕਾਬੂ ਹੋ ਗਿਆ। 'ਕੀ ਕਿਹ ਫਿਰੰਗੀਆਂ – ਕੀ ਕਿਹਾ ਈ ਫੇਰ ਕਹੁ ਖਾਂ ਇਕ ਵਾਰੀ' ਤੇ ਬੋਲਦਿਆਂ-ਬੋਲਦਿਆਂ ਉਸ ਦੇ ਦੋਵੇਂ ਹੱਥਾਂ ਨੇ ਕਾਵਨ ਦੀ ਦਾੜ੍ਹੀ ਨੂੰ ਇੰਝ ਕੱਸ ਕੇ ਫੜ ਲਿਆ ਜਿਵੇਂ ਕਿਸੇ ਨੇ ਸ਼ਿਕੰਜੇ ਵਿੱਚ ਦੇ ਦਿੱਤੀ ਹੋਵੇ।

ਇਕਦਮ ਹਫ਼ੜਾ-ਦਫ਼ੜੀ ਮੱਚ ਗਈ। ਜਦ ਵੱਡੇ ਸਾਹਿਬ ਦੀ ਦਾੜ੍ਹੀ ਇਕ ਬਾਗ਼ੀ ਬੱਚੇ ਦੇ ਹੱਥ ਵੇਖੀ ਗਈ। ਇਕਦਮ ਪੰਜ, ਸੱਤ ਨੰਗੀਆਂ ਤਲਵਾਰਾਂ ਬਿਸ਼ਨ ਸਿੰਘ ਵੱਲ ਲਪਕੀਆਂ ਪਰ ਬਿਸ਼ਨ ਸਿੰਘ ਦੇ ਹੱਥਾਂ ਵਿੱਚੋਂ ਕਾਵਨ ਦੀ ਦਾੜ੍ਹੀ ਤਦ ਤੀਕ ਨਾ ਛੁਡਾ ਸਕੇ ਜਦੋਂ ਤੀਕ ਇਹਨਾਂ ਹੱਥਾਂ ਨੂੰ ਬਾਹਾਂ ਨਾਲੋਂ ਜੁਦਾ ਨਾ ਕਰ ਦਿੱਤਾ ਗਿਆ।

ਪਲ ਦੀ ਪਲ ਵਿੱਚ ਬਿਸ਼ਨ ਸਿੰਘ ਦੀ ਲੋਥ ਟੁਕੜੇ-ਟੁਕੜੇ ਹੋ ਕੇ ਧਰਤੀ ਉੱਤੇ ਜਾ ਪਈ। ਬਿਸ਼ਨ ਸਿੰਘ ਦੀ ਰੂਹ ਅਮਰ ਪਦਵੀ ਪ੍ਰਾਪਤ ਕਰ ਚੁੱਕੀ ਸੀ।

ਨਾਮ ਦੀਆਂ ਲੋਰੀਆਂ ਵਿੱਚ ਪੰਜਾਬੀ ਦੇ ਲੇਖਕ ਲਾਲ ਧਨੀ ਰਾਮ ਚਾਤ੍ਰਿਕ ਨੇ ਲਿਖਿਆ ਹੈ ਕਿ "ਸ਼੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੁੱਤੇ ਹੋਏ ਪੰਜਾਬ ਨੂੰ ਨਾਮ ਦੀਆਂ ਮਿੱਠੀਆਂ ਲੋਰੀਆਂ ਨਾਲ ਸਾਵਧਾਨ ਕਰਕੇ ਇਕ ਨਵੇਂ ਆਤਮਿਕ ਜੰਗ ਵਾਸਤੇ ਤਿਆਰ ਕੀਤਾ।"



Sri Satguru Jagjit Singh Ji eLibrary NamdhariElibrary@gmail.com

# ਸਤਿਗੁਰੂ ਰਾਮ ਸਿੰਘ ਜੀ ਅਤੇ ਨੇਪਾਲ ਸਰਕਾਰ

ਸ੍ਰ. ਨਾਹਰ ਸਿੰਘ ਜੀ ਐਮ.ਐਲ.ਏ. ਨੰਗਰ ਜ਼ਿਲ੍ਹਾ ਲੁਧਿਆਣਾ ਦੇ ਖੋਜ ਭਰਪੂਰ ਲੇਖ ਅਨੁਸਾਰ: ਸਤਿਗੁਰੂ ਰਾਮ ਸਿੰਘ ਜੀ ਦੇ ਰਾਜਸੀ ਪ੍ਰੋਗਰਾਮ ਦਾ ਮੰਤਵ ਸੀ ਭਾਰਤ ਵਰਸ਼ ਨੂੰ ਫ਼ਿਰੰਗੀਆਂ ਦੀ ਅਧੀਨਤਾ ਤੋਂ ਆਜ਼ਾਦ ਕਰਾਉਣਾ। ਇਸ ਨਿਸ਼ਾਨੇ ਦੀ ਪੂਰਤੀ ਲਈ ਆਪ ਜੀ ਨੇ ਅੰਗਰੇਜ਼ੀ ਸਰਕਾਰ ਵੱਲੋਂ ਖੋਲੀਆਂ ਗਈਆਂ ਸੰਸਥਾਵਾਂ, ਅਦਾਲਤਾਂ, ਸਕੂਲਾਂ, ਹਸਪਤਾਲਾਂ, ਰੇਲ ਗੱਡੀਆਂ, ਡਾਕਖ਼ਾਨੇ ਆਦਿ ਦੀ ਵਰਤੋਂ ਕਰਨ ਦੀ ਮਨਾਹੀ ਕੀਤੀ, ਸੁਦੇਸ਼ੀ ਵਸਤਾਂ ਵਰਤਣ ਦਾ ਪ੍ਰਚਾਰ ਕੀਤਾ ਅਤੇ ਰਾਜਸੀ ਪ੍ਰੋਗਰਾਮਾਂ ਨੂੰ ਚਾਲੂ ਕਰਕੇ ਆ ਪਇਸ ਸਰਕਾਰ ਦੇ ਉੱਚੇ ਅਤੇ ਸੁੱਚੇ ਮਨੁੱਖ ਪੈਦਾ ਕਰਨੇ ਚਾਹੁੰਦੇ ਸਨ ਜੋ ਪੰਚਾਇਤੀ ਰਾਜ ਦੀਆਂ ਜ਼ਿੰਮੇਵਾਰੀਆਂ ਚੰਗੇ ਢੰਗ ਨਾਲ ਸੰਭਾਲਣ ਯੋਗ ਬਣ ਸਕਣ।

ਪੰਜਾਬ ਨੂੰ ਅੰਗਰੇਜ਼ਾਂ ਨੇ ਆਪਣੇ ਭਾਰਤ ਵਿੱਚ ਕਾਇਮ ਕੀਤੀ ਹੋਈ ਵਿਸ਼ਾਲ ਸਲਤਨਤ ਵਿਚ ਮਿਲਾ ਕੇ ਭਾਰਤ ਦੇ ਚੱਪੇ-ਚੱਪੇ ਤੇ ਆਪਣੀ ਸਹਿਨ-ਸ਼ਾਹੀਅਤ ਦੀ ਮੋਹਰ ਲਾ ਦਿੱਤੀ। ਸੰਮਤ 1914 ਈਸਵੀ ਦੇ ਗ਼ਦਰ ਤੋਂ ਪਹਿਲਾਂ ਇਹ ਸਾਰੀਆਂ ਜਿੱਤਾਂ ਅਤੇ ਹਕੂਮਤ ਦਾ ਕਾਰੋਬਾਰ, ਕੰਪਨੀ ਸਰਕਾਰ ਦੇ ਨਾਮ ਉੱਤੇ ਹੀ ਚੱਲਦਾ ਸੀ। ਸੰਨ 1760 ਈਸਵੀ ਦੇ ਲਗਭਗ ਸੰਯੁਕਤ ਨੇਪਾਲ ਦੇ ਪਹਿਲੇ ਮਹਾਰਾਜ ਅਧੀਰਾਜ ਸ੍ਰੀ ਪ੍ਰਿਥਵੀ ਨਰਾਇਣ ਸ਼ਾਹ ਨੇ ਛੋਟੇ-ਛੋਟੇ ਰਾਜਿਆਂ ਨੂੰ ਜਿੱਤ ਕੇ ਕਾਠਮੰਡੂ ਨੂੰ ਆਪਣੀ ਰਾਜਧਾਨੀ ਬਣਾਇਆ। ਪ੍ਰਿਥਵੀ ਨਰਾਇਣ ਸ਼ਾਹ ਬੜਾ ਹੀ ਸਿਆਣਾ ਮਹਾਰਾਜਾ ਸੀ। ਉਸ ਨੇ ਇਕ ਨੀਤੀ ਦੀ ਪੁਸਤਕ ਵੀ ਰਚੀ, ਜਿਸ ਵਿਚ ਫ਼ਿਰੰਗੀਆਂ-ਮਲੇਛਾਂ ਨੂੰ ਭਾਰਤ ਦੀ ਪਵਿੱਤਰ ਭੂਮੀ 'ਚੋਂ ਕੱਢਣ ਤੋਂ ਬਗੈਰ ਇਹ ਭਵਿੱਖਬਾਣੀ ਵੀ ਲਿਖੀ ਕਿ ਜਦ ਇਹ ਮਲੇਸ਼ ਭਾਰਤ ਨੂੰ ਛੱਡਣਗੇ ਤੱਦ ਨੇਪਾਲ ਨੂੰ ਆਪਣਾ ਗੜ੍ਹ ਬਣਾਉਣਗੇ। ਇਸ ਤੱਥ ਦੀ ਸੱਚਾਈ ਉਦੋਂ ਸਾਹਮਣੇ ਆਈ ਜਦੋਂ ਸੰਨ 1947 ਈਸਵੀ ਤੋਂ ਬਾਅਦ ਅੰਗਰੇਜ਼ਾਂ ਨੇ ਅਮਰੀਕਨਾਂ ਨਾਲ ਰਲ ਕੇ ਨੇਪਾਲ ਨੂੰ ਆਪਣਾ ਗੜ੍ਹ ਬਣਾਉਣਾ ਸ਼ੁਰੂ ਕਰ ਦਿੱਤਾ ਸੀ ਅਤੇ ਇਹ ਸਿੱਖੀ ਕੈਦੀ ਚਮੜੇ ਦੀਆਂ ਤੋਪਾਂ ਸਮੇਤ ਖੱਟਮੰਡੂ (ਕਾਠਮੰਡੂ) ਲਿਆਂਦੇ ਗਏ। ਇਹ ਸਾਰੇ ਦੇ ਸਾਰੇ ਮਹਾਰਾਜ ਰਣਜੀਤ ਸਿੰਘ ਦੇ ਤੋਪਖ਼ਾਨਿਆਂ ਵਿਚ ਭਰਤੀ ਸਨ। ਇਹਨਾਂ ਦੀ ਗਿਣਤੀ 40 ਜਾਂ 50 ਦੇ ਵਿਚਕਾਰ ਦੱਸੀ ਜਾਂਦੀ ਹੈ। ਨੇਪਾਲ ਸਰਕਾਰ ਨੇ ਇਹਨਾਂ ਦੀ ਬੜੀ ਹੀ ਇੱਜ਼ਤ ਕੀਤੀ ਅਤੇ ਆਪਣੀਆਂ ਫ਼ੌਜਾਂ ਵਿੱਚ ਨੌਕਰ ਰੱਖ ਲਿਆ। ਇਹ ਗੱਲ ਮੰਨਣ ਵਾਲੀ ਹੀ ਹੈ ਕਿ ਇਨ੍ਹਾਂ ਵਿਚੋਂ ਸਾਰੇ ਦੇ ਸਾਰੇ ਬਾਬਾ ਕਾਹਨ ਸਿੰਘ ਜੀ



Sri Satguru Jagjit Singh Ji eLibrary NamdhariElibrary@gmail.com

ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਜਾਣੂੰ ਜ਼ਰੂਰ ਹੀ ਹੋਣਗੇ।

ਸੰਨ 1857 ਦੇ ਵਿਦਰੋਹ ਸਮੇਂ ਜੰਗ ਬਹਾਦਰ ਨੇ ਅੰਗਰੇਜ਼ਾ ਦੀ ਅਖੀਰ ਵਕਤ ਤੇ ਮਦਦ ਕੀਤੀ ਅਤੇ ਗੋਰਖਿਆਂ ਦੀਆਂ ਫ਼ੌਜਾਂ ਨੇ ਕਰਨਲ ਪਹਿਲਵਾਨ ਸਿੰਘ ਦੀ ਕਮਾਨ ਹੇਠ ਲਖਨਊ ਚੰਗਾ ਲੁੱਟਿਆ ਤੇ ਲੁੱਟ ਕੇ ਮਾਲ ਗੋਰਖੇ ਨਾਲ ਹੀ ਲੈ ਗਏ। ਅੰਗਰੇਜ਼ਾਂ ਨੇ ਜੰਗ ਬਹਾਦਰ ਨੂੰ ਇਹ ਲਾਲਚ ਦਿੱਤਾ ਸੀ ਕਿ ਜੰਗ ਜਿੱਤਣ ਪਿੱਛੋਂ ਉਹ ਨੇਪਾਲ ਸਰਕਾਰ ਨੂੰ ਸੰਮਤ 1816 ਦਾ ਖੁਸਿਆ ਹੋਇਆ ਇਲਾਕਾ ਵਾਪਿਸ ਮੋੜ ਦੇਣਗੇ ਪਰ ਜਿੱਤ ਹੋਣ ਪਿੱਛੋਂ ਅੰਗਰੇਜ਼ਾਂ ਨੇ ਜੰਗ ਬਹਾਦਰ ਨੂੰ ਇਲਾਕਾ ਮੋੜਨ ਤੋਂ ਨਾਂਹ ਕਰ ਦਿੱਤੀ।

ਸੰਨ 1857 ਦੇ ਗ਼ਦਰ ਵਿੱਚ ਅੰਗਰੇਜ਼ਾਂ ਦੇ ਵਿਰੁੱਧ ਲੜਾਈ ਲੜਨ ਵਾਲੇ ਬਹੁਤ ਸਾਰੇ ਬੰਦੇ ਭੱਜ ਕੇ ਨੇਪਾਲ ਚਲੇ ਗਏ ਸਨ। ਨਾਨਾ ਸਾਹਿਬ ਅਤੇ ਉਹਨਾਂ ਦੀ ਛੋਟੀ ਰਾਣੀ ਲਕਸ਼ਮੀ ਦੇਵੀ, ਨਵਾਬ ਅਬਦੁਲ ਜੀਂਦ ਲਖਨਊ ਵਾਲਾ, ਤਾਂਤੀਆਂ ਟੋਪੀ ਦਾ ਛੋਟਾ ਭਾਈ ਅਤੇ ਬਹੁਤ ਮਸ਼ਹੂਰ ਪੰਜਾਬੀ ਰਾਜਪੂਰ ਨੰਦ ਰਾਮ ਜਿਸ ਨੂੰ ਉਸਦੇ ਸਾਥੀਆਂ ਨੇ ਜਰਨੈਲ ਦਾ ਖਿਤਾਬ ਦਿੱਤਾ ਸੀ, ਨੇਪਾਲ ਵਿਚ ਹੀ ਸਨ। ਅੰਗਰੇਜ਼ਾਂ ਨੇ ਜੰਗ ਬਹਾਦਰ ਨੂੰ ਇਹਨਾਂ ਬਗ਼ਾਵਤਾਂ ਵਿੱਚ ਹਿੱਸਾ ਲੈਣ ਵਾਲੇ ਪਨਾਹਗੀਰਾਂ ਨੂੰ ਉਹਨਾਂ ਦੇ ਹਵਾਲੇ ਕਰਨ ਤੇ ਬਹੁਤ ਜ਼ੋਰ ਦਿੱਤਾ ਪਰ ਨੇਪਾਲ ਸਰਕਾਰ ਨੇ ਇਹਨਾਂ ਵਿਚੋਂ ਕਿਸੇ ਇਕ ਨੂੰ ਵੀ ਅੰਗਰੇਜ਼ੀ ਸਰਕਾਰ ਦੇ ਸਪੁਰਦ ਕਰਨ ਤੋਂ ਨਾਂਹ ਕਰ ਦਿੱਤੀ। ਨਾਨਾ ਸਾਹਿਬ ਦੀ ਰਾਣੀ ਨੂੰ ਮਹਾਰਾਣੀ ਜ਼ਿੰਦਾਂ ਦੇ ਮਕਾਨ ਦੇ ਲਾਗੇ ਹੀ ਥਾਪਾਖਲੀ ਵਿੱਚ ਮਕਾਨ ਦੇ ਦਿੱਤਾ ਅਤੇ ਉਸਦੀ ਸਰਕਾਰੀ ਖਰਚ ਅਤੇ ਰਸਦ ਮੁਕਰਰ ਕਰ ਦਿੱਤਾ।

ਨਾਮਧਾਰੀ ਲਹਿਰ ਦੀ ਨੀਂਹ ਰੱਖਦਿਆਂ ਸਤਿਗੁਰੂ ਰਾਮ ਸਿੰਘ ਜੀ ਨੇ ਆਉਣ ਵਾਲੀਆਂ, ਦੂਰ ਦੀਆਂ ਵਾਪਰਨ ਵਾਲੀਆਂ ਘਟਨਾਵਾਂ ਨੂੰ ਜਾਚਣ ਵਾਲੀ ਤੇਜ਼ ਬੁੱਧੀ ਨਾਲ ਇਹ ਨਿਸਚੇ ਕਰ ਲਿਆ ਸੀ ਕਿ ਭਾਰਤ ਨੂੰ ਸਵਤੰਤਰ ਕਰਾਉਣ ਦੀ ਵਿਉਂਤ ਵਿੱਚ ਨੇਪਾਲ ਦੀ ਸਹਾਇਤਾ ਅਤੇ ਮਿੱਤਰਤਾ ਬਹੁਤ ਜ਼ਰੂਰੀ ਹੈ।

ਨੇਪਾਲ ਸਰਕਾਰ ਦੀਆਂ ਫ਼ੌਜਾਂ ਵਿੱਚ ਬਹੁਤ ਸਾਰੇ ਸਿੱਖ ਚੰਗੇ-ਚੰਗੇ ਅਹੁਦਿਆਂ ਉੱਤੇ ਸਨ। ਸਰਦਾਰ ਅੱਛਰ ਸਿੰਘ ਅਜੀਵਨ ਕਰਨਲ ਗੁਜਰਾਂਵਾਲੇ ਦੇ ਇਲਾਕੇ ਦਾ ਸਰਦਾਰ ਮੋਤੀ ਸਿੰਘ ਅਜੀਵਨ ਸਰਦਾਰ ਹਰੀ ਸਿੰਘ ਨਲੂਏ ਦਾ ਪੁੱਤਰ ਅਤੇ ਹੋਰ ਕਈ ਸਿੱਖ ਚੰਗੀਆਂ ਅਸਾਮੀਆਂ ਉੱਤੇ ਸਨ। ਸਰਦਾਰ ਅੱਛਰ ਸਿੰਘ ਜਦ ਵੀ ਕਦੀ ਪੰਜਾਬ ਵਿੱਚ ਛੁੱਟੀ 'ਤੇ ਆਉਂਦਾ ਤਦ ਅੰਗਰੇਜ਼ਾਂ ਦੀ ਪੁਲਿਸ ਉਸਦੇ ਪਿੱਛੇ ਪਰਛਾਵੇਂ ਵਾਂਗ ਲੱਗੀ ਰਹਿੰਦੀ। ਗ੍ਰੰਥਗੜ੍ਹ ਵਾਲਾ ਮਸ਼ਹੂਰ ਨਾਮਧਾਰੀ ਕਿਸ਼ਨ ਸਿੰਘ ਅਤੇ ਜਰਨੈਲ ਨੰਦ ਰਾਮ ਹਮੇਸ਼ਾ ਇਕੱਠੇ ਹੀ ਰਹਿੰਦੇ ਸਨ। ਇਹਨਾਂ ਦੋਹਾਂ ਦੀਆਂ ਕੋਸ਼ਿਸ਼ਾਂ ਨਾਲ ਭੂਟਾਨ ਦੇ ਦੇਵ ਰਾਜ ਅਤੇ ਨੇਪਾਲ ਦੇ ਮਹਾਰਾਜਾ ਜੰਗ ਬਹਾਦਰ ਦੀ ਮਿੱਤਰਤਾਈ ਦੁਬਾਰਾ ਗੱਠੀ ਗਈ।

ਇਹਨਾਂ ਸਾਰੀਆਂ ਗੱਲਾਂ ਨੂੰ ਡੂੰਘੀ ਇਤਿਹਾਸਕ ਖੋਜ ਕਰਨ ਨਾਲ ਵਿਚਾਰੀਏ ਤਾਂ ਇਸ ਦੇ ਨਤੀਜੇ ਉੱਤੇ ਪਹੁੰਚ ਜਾਈਦਾ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਸੂਬਾ ਬਾਬਾ ਕਾਹਨ ਸਿੰਘ ਜੀ ਅਤੇ ਉਹਨਾਂ ਦਾ ਸਾਥੀ ਖੱਚਰਾਂ, ਮੱਝਾਂ ਦੇ ਵਪਾਰ ਲਈ ਨਹੀਂ ਸਨ ਗਏ, ਸਗੋਂ ਇਸ ਦੀ ਆੜ ਵਿੱਚ ਕੋਈ ਵੱਡੀ ਵਿਉਂਤ ਸੀ। ਜਿਉਂ-ਜਿਉਂ ਨਵੀਂ ਇਤਿਹਾਸਕ ਸਮੱਗਰੀ ਮਿਲਦੀ ਜਾਏਗੀ, ਨਾਮਧਾਰੀ ਇਤਿਹਾਸ ਦੀਆਂ ਗੁੰਝਲਾਂ ਖੁੱਲਦੀਆਂ ਚਲੀਆਂ ਜਾਣਗੀਆਂ।


Sri Satguru Jagjit Singh Ji eLibrary NamdhariElibrary@gmail.com

## ਪੰਡਤ ਜਵਾਹਰ ਲਾਲ ਨਹਿਰੂ ਜੀ

ਸਤਿਗੁਰੂ ਰਾਮ ਸਿੰਘ ਜੀ ਨੇ ਨਾਮਿਲਵਰਤਣ ਲਹਿਰ ਅਤੇ ਦੇਸ਼ ਲਈ ਕੁਰਬਾਨੀ ਦੀ ਲਹਿਰ ਚਲਾ ਕੇ ਦੇਸ਼ ਭਗਤਾਂ ਨੂੰ ਜੋ ਰਾਜ ਦਿਖਲਾਇਆ ਹੈ। ਜੇ ਸਾਰਾ ਦੇਸ਼ ਉਸ ਲਹਿਰ ਨੂੰ ਸਹੀ ਅਰਥਾਂ ਵਿਚ ਸਮਝ ਲਵੇ ਤਾਂ ਥੋੜ੍ਹੇ ਦਿਨਾਂ ਵਿੱਚ ਹੀ ਭਾਰਤ ਆਪਣੀ ਗਿਣਤੀ ਆਜ਼ਾਦ ਦੇਸ਼ਾਂ ਵਿੱਚ ਕਰਾ ਸਕਦਾ ਹੈ। ਗ਼ੁਲਾਮ ਤਾਂ ਇਸ ਨੂੰ ਕੋਈ ਰੱਖ ਨਹੀਂ ਸਕਦਾ। ਉਸ ਲਹਿਰ ਨੂੰ ਚੰਗੀ ਤਰ੍ਹਾਂ ਸਮਝਣ ਦਾ ਫ਼ਲ ਇਹੀ ਹੈ ਕਿ ਹਰ ਇਕ ਭਾਰਤੀ ਦੇਸ਼ ਦੀ ਸਾਂਝੀ ਜਥੇਬੰਦੀ ਕਾਂਗਰਸ ਵਿਚ ਸ਼ਾਮਲ ਹੋ ਜਾਵੇ ਤੇ ਆਪਣੀ ਸੇਵਾ ਉਸ ਦੇ ਸਪੁਰਦ ਕਰਕੇ ਜਥੇਬੰਦੀ ਦੀ ਤਾਕਤ ਵਧਾਵੇ। ਸੱਤਰ ਸਾਲ ਪਹਿਲੇ ਦੇਸ਼ ਦੀ ਆਜ਼ਾਦੀ ਲਈ ਸ਼ਾਂਤਮਈ ਅੰਦੋਲਨ ਜਿੰਨਾ ਪ੍ਰਭਾਵਸ਼ਾਲੀ ਸੀ ਅੱਜ ਵੀ ਉਨਾ ਹੀ ਨਵਾਂ ਤੇ ਬਲਵਾਨ ਹੈ।

## ਸੱਯਦ ਮੁਹੰਮਦ ਲਤੀਫ਼

"ਕੂਕਾ ਪੰਥ ਪੱਕੇ ਮਹਾਤਮਾ ਦਾ ਪੰਥ ਹੈ। ਉਹਨਾਂ ਦੀ ਸਿੱਖਿਆ ਦਾ ਸਿਧਾਂਤ ਈਸ਼ਵਰ ਭਗਤੀ ਹੈ। ਉਹ ਉੱਚ ਸਦਾਚਾਰ ਦੇ ਮਾਲਿਕ ਹਨ। ਉਹਨਾਂ ਵਿੱਚ ਵਿਧਵਾ ਵਿਆਹ ਦੀ ਪਾਬੰਦੀ ਨਹੀਂ ਹੈ। ਉਹਨਾਂ ਵਿੱਚ ਲੜਕੀ ਅਤੇ ਭੈਣ ਦੇ ਰਿਸ਼ਤੇ ਵਿੱਚ ਉੱਕਾ ਲੈਣ ਦੀ ਮਨਾਹੀ ਹੈ। ਉਹ ਸਦਾਚਾਰਕ ਜੀਵਨ ਦੀ ਤਾਗ਼ੀਦ ਕਰਦੇ ਹਨ। ਉਹ ਨਸ਼ੀਲੀਆਂ ਸ਼ੈਆਂ ਤੋਂ ਪ੍ਰਹੇਜ਼ ਕਰਦੇ ਹਨ। ਉਸ ਪੰਥ ਦੀ ਨਿਸ਼ਾਨੀ ਉੱਨ ਦੀ ਮਾਲਾ, ਸਿੱਧੀ ਪੱਗ ਤੇ ਇਕ ਲਾਠੀ ਹੈ। ਸਤਿਗੁਰੂ ਰਾਮ ਸਿੰਘ ਜੀ ਦਾ ਸ਼ਾਨਦਾਰ ਦਿਮਾਗ਼ੀ ਕਾਬਲੀਅਤ ਦਾ ਮਾਲਿਕ ਹੈ। ਉਸ ਨੇ ਹੌਲੀ-ਹੌਲੀ ਆਪਣੇ ਸਿੰਘਾਂ ਅੰਦਰ ਨੇਕੀ ਅਤੇ ਪ੍ਰਹੇਜ਼ਗਾਰ ਦੇ ਕਾਰਨ ਪ੍ਰਸਿੱਧੀ ਪ੍ਰਾਪਤ ਕਰ ਲਈ ਹੈ। ਉਸ ਦੇ ਚੇਲਿਆਂ ਦੀ ਗਿਣਤੀ ਬਹੁਤ ਵੱਧ ਗਈ ਹੈ ਅਤੇ ਨਾਲ ਹੀ ਉਸ ਦਾ ਅਸਰ ਸਤਿਗੁਰੂ ਰਾਮ ਸਿੰਘ ਅਤੇ ਉਸਦੇ ਚੇਲੇ ਕੇਵਲ ਧਾਰਮਿਕ ਸੁਧਾਰਕ। ਸਦਾਚਾਰਕ ਉਪਦੇਸ਼ਕ ਹੀ ਨਹੀਂ ਗੁਰੂ ਹੋਣ ਦੇ ਲਿਬਾਸ ਵਿੱਚ ਉਹਨਾਂ ਨੇ ਰਾਜਨੀਤੀ ਦੇ ਡੂੰਘੇ ਮਨਸੂਬਿਆਂ ਨੂੰ ਆਸਰਾ ਦਿੱਤਾ।

## ਕਲਮ ਦੇ ਧਨੀ ਸ੍ਰ. ਖੁਸ਼ਵੰਤ ਸਿੰਘ

ਨਾਮਧਾਰੀ ਸਿੱਖਾਂ ਦਾ ਭਾਰਤ ਦੇ ਸੁਤੰਤਰਤਾ ਸੰਘਰਸ਼ ਦੇ ਇਤਿਹਾਸ ਵਿੱਚ



Sri Satguru Jagjit Singh Ji eLibrary NamdhariElibrary@gmail.com

ਸ਼ਾਨਦਾਰ ਥਾਂ ਹੈ। ਇਹ ਨਾਮਿਲਵਰਤਣ ਤੇ ਸਵਦੇਸ਼ੀ ਪ੍ਰਚਾਰ ਨੂੰ ਰਾਜਨੀਤਕ ਸ਼ਸ਼ਤਰ ਦੇ ਤੌਰ 'ਤੇ ਵਰਤਣ ਦੇ ਮੋਢੀ ਹਨ। ਇਹਨਾਂ ਨੇ ਸੰਨ 1860 ਤੋਂ ਪਹਿਲਾਂ ਵਿਦੇਸ਼ੀ ਮਾਲ, ਸਰਕਾਰੀ ਸਕੂਲ, ਕਚਹਿਰੀਆਂ ਤੇ ਡਾਕ ਦਾ ਬਾਈਕਾਟ ਕੀਤਾ। ਇਹਨਾਂ ਨੇ ਮਹਾਤਮਾ ਗਾਂਧੀ ਜੀ ਦੇ ਖਾਦੀ ਦੇ ਪ੍ਰਚਾਰ ਤੋਂ ਕੁਝ ਸਾਲ ਪਹਿਲਾਂ ਹੱਥ ਦੇ ਬਣੇ ਖੱਦਰ ਨੂੰ ਪਾਉਣ ਤੇ ਜ਼ੋਰ ਦਿੱਤਾ।

ਨਾਮਧਾਰੀ ਲੋਕ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਤੇ ਚੱਲਣ ਵਾਲੇ ਪੱਕੇ ਸਿੱਖ ਹਨ। ਇਹਨਾਂ ਦੇ ਗੁਰਦੁਆਰੇ ਅਡੰਬਰਾਂ ਤੋਂ ਉੱਪਰ ਹਨ। ਇਹ ਨਾ ਹੀ ਗ੍ਰੰਥ ਸਾਹਿਬ ਤੇ ਵਧੀਆ ਕੀਮਤੀ ਰੇਸ਼ਮੀ ਚੰਦੋਆ ਤੇ ਖਰਚ ਕਰਦੇ ਹਨ ਅਤੇ ਨਾ ਹੀ ਬੁੱਤ-ਪੂਜਕ ਪੁਜਾਰੀਆਂ ਵਾਂਗ ਮੁੱਠੀਆਂ ਭਰਦੇ ਹਨ। ਉਹ ਆਤਮ ਸੰਜਮੀ, ਜੀਵਨ ਬਿਤਾਂਦੇ ਹਨ। ਸਿਵਾਏ ਚਿੱਟੇ ਖੱਦਰ ਦੇ ਕੱਪੜਿਆਂ ਤੇ ਦੁੱਧ ਚਿੱਟੀ ਉੱਨ ਦੀ ਮਾਲਾ ਦੇ ਕੋਈ ਗਹਿਣਾ-ਗੱਟਾ ਨਹੀਂ ਪਾਉਂਦੇ। ਇਹਨਾਂ ਦੇ ਵਿਆਹ ਵੀ ਵਾਜਿਆਂ-ਗਾਜਿਆਂ ਵਾਲੀਆਂ ਬਰਾਤਾਂ ਤੇ ਢੁਕਾਵਾਂ ਤੋਂ ਬਿਨਾਂ ਹੁੰਦੇ ਹਨ ਅਤੇ ਆਨੰਦ ਕਾਰਜ ਤੇ 13 ਰੁਪਿਆਂ ਤੋਂ ਵੱਧ ਖਰਚਾ ਨਹੀਂ ਕਰਦੇ। ਇਹ ਧਰਮ ਸਥਾਨਾਂ ਵਿੱਚ ਸ਼ਿਸ਼ਟਾਚਾਰ ਨਾਲ ਸ਼ਬਦ ਕੀਰਤਨ ਕਰਦੇ ਹਨ ਅਤੇ ਖਾਣ-ਪੀਣ ਦੇ ਨਿਯਮਾਂ ਅਨੁਸਾਰ ਪੱਕੇ ਸ਼ਾਕਾਹਾਰੀ ਹਨ। ਤੰਬਾਕੂ ਤੇ ਸ਼ਰਾਬ ਆਦਿ ਦੀ ਵਰਤੋਂ ਉੱਕਾ ਨਹੀਂ ਕਰਦੇ। ਸਿੱਖਰਾਜ ਦੇ ਅੰਤਿਮ ਦਿਨਾਂ ਵਿੱਚ ਨਾਮਧਾਰੀ ਲਹਿਰ ਦਾ ਉੱਤਰ ਪੱਛਮੀ ਪ੍ਰਾਂਤ ਵਿੱਚ ਬੇਦੀ, ਸੋਢੀ ਜਿਹੜੇ ਗੁਰੂ ਸਾਹਿਬਾਨ ਦੀ ਅੰਸ਼ (ਵੰਸ਼) ਵਿੱਚੋਂ ਹਨ। ਉਹਨਾਂ ਦੀਆਂ ਗੁਰਗੱਦੀਆਂ ਦੇ ਸਿੱਖਾਂ ਸ਼ਾਹੀ ਵਲਾਇਤੀ ਜੀਵਨ ਦੇ ਵਿਰੁੱਧ ਆਰੰਭ ਹੋਇਆ। ਪੰਜਾਬ ਦਾ ਅੰਗਰੇਜ਼ੀ ਰਾਜ ਵਿੱਚ ਸ਼ਾਮਿਲ ਹੋ ਜਾਣ ਉਪਰੰਤ ਨਾਮਧਾਰੀਆਂ ਦੇ ਕੇਂਦਰ ਸ੍ਰੀ ਭੈਣੀ ਸਾਹਿਬ ਜ਼ਿਲ੍ਹਾ ਲੁਧਿਆਣਾ ਵਿੱਚ ਹੀ ਕਾਇਮ ਹੈ। ਇਹ ਸਤਿਗੁਰੂ ਰਾਮ ਸਿੰਘ ਜੀ ਹੀ ਹਨ ਜਿਹਨਾਂ ਨੇ ਸਿੱਖਾਂ ਵਿੱਚ ਵੱਖਰੀ ਰਹਿਣੀ-ਬਹਿਣੀ ਤੇ ਭਜਨ ਬੰਦਗੀ ਦਾ ਢੰਗ ਬਦਲਿਆ।

ਨਾਮਧਾਰੀ ਸਿੱਖ ਸੂਫ਼ੀ ਦਰਵੇਸ਼ਾਂ (ਨਿਆਈ) ਦੀ ਤਰ੍ਹਾਂ ਸ਼ਬਦ ਪੜ੍ਹਦੇ-ਪੜ੍ਹਦੇ ਮਸਤ ਹੋ ਜਾਂਦੇ ਤੇ ਕੂਕਣ ਲੱਗ ਪੈਂਦੇ ਹਨ, ਜਿਹਨਾਂ ਕਾਰਨਾਂ ਕਰਕੇ ਇਹਨਾਂ ਦਾ ਨਾਉਂ ਕੂਕੇ ਪੈ ਗਿਆ। ਇਹਨਾਂ ਨੇ ਦੁੱਧ ਚਿੱਟਾ ਖ਼ੱਦਰ ਪਾਉਣਾ ਸ਼ੁਰੂ ਕਰ ਦਿੱਤਾ ਅਤੇ ਸਿਰ ਤੇ ਉਹੋ ਅਸਲ ਸਿੱਖ ਦਸਤਾਰ ਕਾਇਮ ਰੱਖੀ। ਨਾਮਧਾਰੀਆਂ ਦਾ ਵਿਦੇਸ਼ੀਆਂ ਨਾਲ ਟਕਰਾਉ ਹੋ ਗਿਆ ਅਤੇ ਕਈ ਖ਼ੂਨੀ ਝੜਪਾਂ ਹੋਈਆਂ। 66 ਨਾਮਧਾਰੀ ਸਿੱਖਾਂ ਨੂੰ ਤੋਪਾਂ ਨਾਲ ਉਡਾ ਦਿੱਤਾ ਗਿਆ ਅਤੇ ਸਤਿਗੁਰੂ ਰਾਮ ਸਿੰਘ ਜੀ ਨੂੰ ਧਰਮਾਂ ਅੰਦਰ ਦਖਲਅੰਦਾਜ਼ੀ ਦੇ ਸਬੰਧ ਵਿੱਚ ਸੰਨ 1872 ਵਿਚ ਜਲਾਵਤਨ ਕਰ ਦਿੱਤਾ ਗਿਆ। ਸਤਿਗੁਰੂ ਰਾਮ ਸਿੰਘ ਪਿੱਛੋਂ ਉਹਨਾਂ ਦੇ ਛੋਟੇ ਭਰਾ ਸਤਿਗੁਰੂ ਹਰੀ ਸਿੰਘ ਜੀ ਜਿਹਨਾਂ ਨੇ ਜੀਵਨ ਦਾ ਸਾਰਾ ਸਮਾਂ ਸ੍ਰੀ ਭੈਣੀ ਸਾਹਿਬ ਵਿੱਚ ਨਜ਼ਰਬੰਦੀ ਦੀ ਹਾਲਤ ਵਿੱਚ ਗੁਜ਼ਾਰਿਆ। ਗੱਦੀ 'ਤੇ ਬੈਠੇ ਉਹਨਾਂ ਤੋਂ ਉਪਰੰਤ ਸਤਿਗੁਰੂ ਪ੍ਰਤਾਪ ਸਿੰਘ ਜੀ ਇਸ ਸਮੇਂ ਨਾਮਧਾਰੀਆਂ ਦੇ ਸਤਿਗੁਰੂ ਜਗਜੀਤ ਸਿੰਘ ਹਨ। ਇਹਨਾਂ ਦੇ ਦੋ ਕੇਂਦਰ ਹਨ। ਇਕ

Sri Satguru Jagjit Singh eLibrary NamdhariElibrary@gmail.com

ਭੈਣੀ ਸਾਹਿਬ ਜ਼ਿਲ੍ਹਾ ਲੁਧਿਆਣਾ ਤੇ ਦੂਜਾ ਸ਼੍ਰੀ ਜੀਵਨ ਨਗਰ ਜ਼ਿਲ੍ਹਾ ਸਰਸਾ (ਹਰਿਆਣਾ)। ਇਹਨਾਂ ਦੇ ਚਾਰ ਪੱਤਰ ਛਪਦੇ ਹਨ। ਇਹ ਕਿਸਾਨਾਂ ਦਸਤਕਾਰਾਂ, ਠੇਕੇਦਾਰਾਂ, ਪਸ਼ੂ ਪਾਲਕਾਂ ਤੇ ਵਪਾਰੀਆਂ ਦਾ ਸੰਯੁਕਤ ਪੰਥ ਹੈ। ਜਿਹੜਾ ਦੇਸ਼ ਦੇ ਕੋਨ-ਕੋਨੇ ਦੂਰ ਤੱਕ ਫੈਲੇ ਹੋਏ ਹਨ।

## ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ

ਮੈਨੂੰ ਨਾਮਧਾਰੀ ਪੰਥ ਨਾਲ ਮੁੱਢ ਤੋਂ ਹੀ ਸਨੇਹ ਹੈ। ਅੰਗਰੇਜ਼ੀ ਰਾਜ ਦੇ ਵਿਰੁੱਧ ਪੰਜਾਬੀਆ ਦੇ ਸੰਗਰਾਮ ਵਿਚ ਨਾਮਧਾਰੀ ਲਹਿਰ ਦੀ ਪਹਿਲੀ ਥਾਂ ਆਉਂਦੀ ਹੈ।

ਇਹਨਾਂ ਨਾਲ ਜੁੜੀਆਂ ਇਤਿਹਾਸਕ ਘਟਨਾਵਾਂ ਮੈਨੂੰ ਆਜ਼ਾਦੀ ਦੀ ਲੜਾਈ ਵਿਚ ਕੁੱਦਣ ਵਾਸਤੇ ਬੜਾ ਉਤਸ਼ਾਹਿਤ ਕਰਦੀਆਂ ਸਨ। ਇਸ ਕਰਕੇ ਮੈਨੂੰ ਨਾਮਧਾਰੀਆਂ ਵਿਚ ਬੜਾ ਦਿਲਚਸਪੀ ਸੀ। ਮੇਰੇ ਨਾਨਕੇ ਪਿੰਡ ਮੁਠੱਡਾ ਖੁਰਦ ਤੋਂ ਇਕ ਮੀਲ ਮੁਠੱਡਾ ਕਲਾਂ ਨਾਮਧਾਰੀਆਂ ਦਾ ਤਕੜਾ ਕੇਂਦਰ ਸੀ। ਇਕ ਦਿਨ ਦੀ ਗੱਲ ਹੈ ਕਿ ਦੀਵਾਨ ਲੱਗਾ ਹੋਇਆ ਸੀ। ਬਹੁਤ ਸਾਰੇ ਨੌਜਵਾਨ ਲੜਕੇ-ਲੜਕੀਆਂ ਬੈਠੇ ਹੋਏ ਸਨ ਮਹਾਰਾਜ ਪ੍ਰਤਾਪ ਸਿੰਘ ਜੀ ਲੜਕੇ ਲੜਕੀਆਂ ਦੇ ਜੋੜਿਆਂ ਨੂੰ ਬੁਲਾ ਕੇ ਕੇਵਲ ਸਵਾ ਰੁਪਿਆ ਮੱਥਾ ਟਿਕਾ ਕੇ ਵਿਆਹ ਰਚਾਈ ਜਾ ਰਹੇ ਸਨ। ਨਾ ਅੱਡ-ਅੱਡ ਜੰਞਾਂ ਸਨ ਤੇ ਨਾ ਹੀ ਦਾਜ ਦਾ ਮਸਲਾ, ਨਾ ਘੁੰਡ ਤੇ ਨਾ ਕੋਈ ਹੋਰ ਪੁੱਠਾ ਸਿੱਧਾ ਰਿਵਾਜ। ਮੈਂ ਵੇਖਿਆ ਕੇ ਨਾਮਧਾਰੀ ਕੇਵਲ ਆਜ਼ਾਦੀ ਦੇ ਸੰਗਰਾਮ ਵਿਚ ਦਿਲਚਸਪੀ ਨਹੀਂ ਰੱਖਦੇ ਬਲਕਿ ਸਮਾਜ ਸੁਧਾਰ ਵਿਚ ਅੱਗੇ ਹਨ।

ਮੈਂ ਆਪ ਦੇਸ਼ ਦੀ ਆਜ਼ਾਦੀ ਲਈ ਜਵਾਨੀ ਦੇ ਬਹੁਤੇ ਦਿਨ ਜੇਲ੍ਹਾਂ ਤੇ ਮਫ਼ਰੂਰੀਆਂ ਵਿੱਚ ਕੱਟੇ ਹਨ। ਮੈਨੂੰ ਪ੍ਰਤਾਪ ਸਿੰਘ ਜੀ ਲਾਗੇ ਹੋ ਕੇ ਵੇਖਣਾ ਦਾ ਮੌਕਾ ਸੰਨ 1945 ਈ. ਵਿੱਚ ਮਿਲਿਆ ਜਦੋਂ ਪੰਜਾਬ ਵਿਚ ਚੋਣਾਂ ਹੋਣ ਵਾਲੀਆਂ ਸਨ। ਮੈਂ ਤੇ ਜੋਸ਼ ਜੀ ਉਹਨਾਂ ਨੂੰ ਮਿਲਣ ਵਾਸਤੇ ਭੈਣੀ ਸਾਹਿਬ ਗਏ। ਬੜੀ ਖੁੱਲੀ ਤਰ੍ਹਾਂ ਸਿਆਸੀ ਹਾਲਾਤ 'ਤੇ ਵਿਚਾਰ ਕੀਤੀ। ਉਹਨਾਂ ਬੜੀ ਸਾਫ਼ ਗੋਈ ਤੋਂ ਕੰਮ ਲਿਆ ਅਤੇ ਆਖਿਆ ਕਿ ਉਹਨਾਂ ਨੂੰ ਦੇਸ਼ ਦੀ ਆਜ਼ਾਦੀ ਵਾਸਤੇ ਲੜ ਰਹੀ ਕਿਸੇ ਇਕ ਪਾਰਟੀ ਨਾਲ ਲਗਾਉ ਨਹੀਂ ਉਹ ਤਾਂ ਸਾਰੇ ਦੇਸ਼ ਭਗਤਾਂ ਦੇ ਹਿਤੈਸ਼ੀ ਹਨ।

ਉਹਨਾਂ ਦੀ ਖਾਹਿਸ਼ ਹੈ ਕਿ ਚੰਗਾ ਹੋਵੇ ਜੇਕਰ ਸਾਰੀਆਂ ਦੇਸ਼ ਭਗਤ ਪਾਰਟੀਆਂ ਇਕੱਠੀਆਂ ਹੋ ਕੇ ਚੋਣਾਂ ਲੜਨ। ਪਰ ਜੇਕਰ ਇਹ ਨਾ ਹੋ ਸਕੇ ਤਾਂ ਉਹ ਹਰ ਉਸ ਉਮੀਦਵਾਰ ਦੀ ਇਮਦਾਦ ਕਰਨ ਜੋ ਸਭ ਤੋਂ ਵੱਧ ਕੁਰਬਾਨੀਆਂ ਵਾਲਾ ਤੇ ਜੀਹਨੇ ਸਭ ਤੋਂ ਚੰਗਾ ਦੇਸ਼ ਵਾਸਤੇ ਕੰਮ ਕੀਤਾ ਹੋਵੇ। ਭਾਵੇਂ ਉਹ ਕਿਸੇ ਪਾਰਟੀ ਨਾਲ ਵੀ ਸਬੰਧ ਕਿਉਂ ਨਾ ਰੱਖਦਾ ਹੋਵੇ। ਉਹਨਾਂ ਦੀ ਆਜ਼ਾਦੀ ਹਾਸਲ ਕਰਨ ਵਾਸਤੇ ਏਕਤਾ ਦੀ ਖਾਹਿਸ਼ ਤੇ ਆਜ਼ਾਦੀ ਦੀ ਤੜਪ ਨੇ ਸਾਡੇ ਵਿਚ ਇਕ ਨਾ ਟੁੱਟਣ ਵਾਲਾ ਰਿਸ਼ਤਾ ਪੈਦਾ ਕਰ ਦਿੱਤਾ। ਉਸ ਤੋਂ ਉਪਰੰਤ ਉਹਨਾਂ ਨੂੰ ਕਮਿਊਨਿਸਟਾਂ ਬਾਰੇ ਚੰਗੀ ਤਰ੍ਹਾਂ ਜਾਨਣ ਦਾ ਮੌਕਾ ਮਿਲਿਆ ਅਤੇ ਸਾਨੂੰ ਨਾਮਧਾਰੀਆਂ ਦੇ ਅਮਨ ਏਕਤਾ ਤੇ ਜਮਹੂਰੀਅਤ ਤੇ


Sri Satguru Jagjit Singh Ji eLibrary NamdhariElibrary@gmail.com

ਆਜ਼ਾਦੀ ਦੇ ਅਜੂਬੇ ਨੂੰ ਨੇੜੇ ਹੋ ਕੇ ਵੇਖ ਸਕਣ ਦਾ।

ਉਹਨਾਂ ਕਦੀ ਅੰਗਰੇਜ਼ੀ ਸਾਮਰਾਜ ਤੋਂ ਰਿਆਇਤਾਂ ਲੈਣ ਵਾਸਤੇ ਨਹੀਂ ਸੀ ਤੱਕਿਆ, ਸਗੋਂ ਖੁੱਲੇ ਤੌਰ 'ਤੇ ਕੌਮੀ ਲਹਿਰ ਦੀ ਹਮਾਇਤ ਕਰਦੇ ਸਨ ਅਤੇ ਇਸ ਕਰਕੇ ਖੁਫ਼ੀਆ ਏਜੰਸੀਆਂ ਦੀ ਨਿਗ੍ਹਾ ਭੈਣੀ ਸਾਹਿਬ ਤੇ ਬੜੀ ਰਹਿੰਦੀ ਸੀ। ਉਹਨਾਂ ਨੂੰ ਇਕੱਲਾ ਕਾਂਗਰਸ ਨਾਲ ਹੀ ਪ੍ਰੇਮ ਨਹੀਂ ਸੀ ਸਗੋਂ ਹਰ ਦੇਸ਼ ਭਗਤ ਦੀ ਕਦਰ ਕਰਦੇ ਸਨ ਪਰ ਉਹ ਦੂਸਰੇ ਇਨਕਲਾਬੀਆਂ ਦੀ ਕਦਰ ਕਰਨੋਂ ਨਹੀਂ ਰਹਿੰਦੇ ਸਨ। ਮਹਾਰਾਜ ਪ੍ਰਤਾਪ ਸਿੰਘ ਜੀ ਮਨੁੱਖਤਾ ਦੀ ਕਦਰ ਵਿਚ ਅਡੋਲ ਸਨ।

## 92 ਸਾਲ ਪਹਿਲਾਂ ਕੂਕੇ-ਰੂਸੀਆਂ ਦੀ ਨਜ਼ਰ ਵਿੱਚ

ਰੂਸ ਦੇ ਇਕ ਵਿਦਵਾਨ ਸਿਨਾਇਫ਼ ਸੰਨ 1875 ਤੇ 1882-89 ਈ. ਬੁੱਧ ਧਰਮ ਅਧਿਐਨ ਲਈ ਭਾਰਤ ਆਏ। ਆਪ ਪਾਲੀ ਭਾਸ਼ਾ ਦੇ ਵਿਦਵਾਨ ਸਨ। ਭਾਰਤ ਵਿੱਚ ਆਪ ਨੇ ਰਾਜਗੀਰ, ਨਾਲੰਦਾ, ਗਇਆ, ਬੰਬਈ, ਪੂਨਾ, ਹੈਦਰਾਬਾਦ, ਗਵਾਲੀਅਰ, ਦਿੱਲੀ, ਲਾਹੌਰ, ਲਖਨਊ, ਇਲਾਹਾਬਾਦ ਤੇ ਕਲਕੱਤੇ ਦੀ ਯਾਤਰਾ ਕੀਤੀ।

ਉਹਨਾਂ ਦਿਨਾਂ ਵਿਚ ਅੰਗਰੇਜ਼ਾਂ-ਰੂਸੀਆਂ ਦਾ ਆਪਸ ਵਿੱਚ ਕਾਫ਼ੀ ਤਕਰਾਰ ਰਹਿੰਦਾ ਸੀ ਤੇ ਭਾਰਤ ਦੀ ਅੰਗਰੇਜ਼ ਸਰਕਾਰ ਤਾਂ ਰੂਸ ਬਾਰੇ ਨਿੱਤ ਨਵੇਂ ਭੁਲੇਖੇ ਪਾਉਂਦੀ ਰਹਿੰਦੀ ਸੀ। ਮਿਸਟਰ ਸਿਨਾਇਫ਼ ਨੂੰ ਭਾਰਤ ਦੇ ਵੱਖ-ਵੱਖ ਹਿੱਸਿਆਂ ਦਾ ਦੌਰਾ ਕਰਦਿਆਂ ਹੋਇਆ ਰੂਸ ਸਬੰਧੀ ਭਾਰਤ ਵਾਸੀਆਂ ਦੀ ਰਾਇ ਵੀ ਸੁਣਨ ਨੂੰ ਮਿਲਦੀ ਰਹਿੰਦੀ ਸੀ। ਉਸੇ ਰਾਇ ਦਾ ਜ਼ਿਕਰ ਮਿਸਟਰ ਸਿਨਾਇਫ਼ ਨੇ ਆਪਣੀ ਪੁਸਤਕ 'ਟਰੈਵਲਜ਼ ਇਨ ਇੰਡੀਆ ਐਂਡ ਬਰਮਾ' ਵਿੱਚ ਕੀਤਾ ਸੀ। ਆਪ ਲਿਖਦੇ ਹਨ:-

'ਲੁਧਿਆਣੇ ਵਿੱਚ ਬਹੁਤ ਸਾਰੇ ਕੂਕੇ ਇਕ ਭਵਿੱਖਬਾਣੀ ਤੇ ਵਿਸ਼ਵਾਸ਼ ਕਰਦੇ ਹਨ। ਉਹ ਭਵਿੱਖਬਾਣੀ ਹੈ ਕਿ ਰੂਸ ਭਾਰਤ ਆਏਗਾ ਤੇ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਭਾਰਤ ਨੂੰ ਆਜ਼ਾਦ ਕਰਾਏਗਾ।'

## ਸਿਨਾਇਫ਼ ਨੇ ਲਿਖਿਆ ਹੈ :-

ਬਹੁਤ ਵਾਰੀ ਕਈਆਂ ਨੇ ਆਣ ਕੇ ਮੈਨੂੰ ਭਰੋਸਾ ਦਿਵਾਇਆ ਹੈ ਕਿ 'ਜੇ ਰੂਸ ਭਾਰਤ ਉੱਤੇ ਹਮਲਾ ਕਰੇ ਤਾਂ ਬਹੁਤ ਸਾਰੇ ਅਸੀਂ ਭਾਰਤਵਾਸੀ ਰੂਸ ਦੇ ਪੱਖ ਵਿੱਚ ਲੜਾਂਗੇ।'

ਮਿਸਟਰ ਸਿਨਾਇਫ਼ ਦਾ ਜਨਮ 1840 ਵਿੱਚ ਹੋਇਆ ਤੇ ਉਹਨਾਂ ਦੀ ਮੌਤ ਤਪਦਿਕ ਨਾਲ ਸੰਨ 1890 ਵਿੱਚ ਹੋਈ।

## ਸ਼੍ਰੀ ਰਾਮ ਨਰਾਇਣ

### (ਕਰਤਾ ਗੁਰੂ ਚੰਦਰੋਦਯ - ਭਾਸ਼ਾ (ਸੰਸਕ੍ਰਿਤ)

ਇਸ ਪ੍ਰਕਾਰ ਵਿਸ਼ਨੂੰ ਰੂਪ ਗੁਰੂ ਕੇ ਚਰਨੋਂ ਪ੍ਰਣਾਮ ਪੂਰਵਕ ਉੱਠ ਕੇ ਚਰਨੋਂ ਮੇਂ


Sri Satguru Jagjit Singh Ji eLibrary NamdhariElibrary@gmail.com

ਗੁਰੂ ਚੰਦਰੋਦਯ ਭਾਸ਼ ਕੌਮ ਦੀ ਨਾਮਕ ਗ੍ਰੰਥ ਕੋ ਮੈਂ ਸਮਰਪਿਤ ਕਰਤਾ ਹੂੰ।

ਚੰਦਰਮਾ ਕੇ ਸਮਾਨ ਜੋ ਗੁਰੂ ਜਨ ਹੈ ਉਨ ਕੇ ਕੀਰਤੀ ਰੁਪੀ ਜੋ ਸਭਾ ਕਾ ਵਰਨਣ ਕੀਆ ਗਿਆ ਹੈ, ਇਸ ਲਈ ਗ੍ਰੰਥ ਕਾ ਨਾਮ ਚੰਦਰਦਯ ਭਾਸ਼ਰਖ ਹੈ ਜੋ ਸੰਤਾਪ (ਦੁੱਖੋਂ) ਦੂਰ ਕਰਤੀ ਹੈ। ਇਸ ਪ੍ਰਕਾਰ ਸੇ ਚੰਦਭਾਗ ਵਿਸ਼ਨੂੰ ਸਖ਼ੀ ਸ਼੍ਰੀ ਰਾਮ ਨਰਾਇਣ ਦੇ ਹਿਰਦੇ ਵਿਕਸਤ ਮਰਨੇ ਵਾਲੀ ਗੁਰੂ ਚੰਦਰੋਦੇ ਕੇ ਸਦੀ ਸਮਾਪਤ ਹੋਤਾ ਹੈ। ਮੈਂ ਸ਼੍ਰੀ ਗੁਰੂ ਨਾਨਕ ਦੇਵ ਜੀ ਕੋ ਜੋ ਭਗਵਾਨ ਵਿਸ਼ਨੂੰ ਕੇ ਰੂਪ ਵਾਲੇ ਹੈਂ, ਵਿਸ਼ਵ ਉਧਾਰ ਕੇ ਲੀਏ ਅਵਤਾਰ ਲੇਣੇ ਵਾਲੇ ਕਲਯੁੱਗ ਕੇ ਪਾਪੋਂ ਸੇ ਉਭਾਰਨ ਵਾਲੇ ਕਲਯੁੱਗ ਮੇਂ ਅਵਤਾਰ ਭੂਤ ਸੰਸਾਰ ਕੇ ਗੁਰੂ ਹੈਂ। ਐਸੇ ਗੁਰੂ ਨਾਨਕ ਦੇਵ ਕੋ ਨਮਸਕਾਰ ਕਰਤਾ ਹੂੰ। ਸਤਿਗੁਰੂ ਰਾਮ ਸਿੰਘ ਜੋ ਹਰਿਨਾਥ ਸਦਾ ਸੁੱਖ ਦੇਣੇ ਵਾਲੇ ਹੈ। ਉਨ ਕੋ ਨਮਸਕਾਰ ਕਰਤਾ ਹੂੰ। ਔਰ ਪਿਤਾ ਭਵਾਨੀ ਦਾਸ ਕੋ ਔਰ ਸੁਚੇਤ ਰਾਮ ਰਾਜਾ ਕੋ। ਭਗਵਾਨ ਨੇ ਸ਼੍ਰੀ ਸਰੂਪ ਸੰਸਾਰ ਕੋ। ਸਮੀ ਚੰਦਰ ਜੀ ਕੇ ਕਮਲ ਰੂਪੀ ਚਰਨੋਂ ਮੇਂ ਮੈਂ ਇਸ ਵਿਆਖਿਆਤ ਗ੍ਰੰਥ ਕੋ ਸਮਰਪਿਤ ਕਰਤਾ ਹੂੰ।

## ਸਵਾਮੀ ਸੁਤੰਤਰਤਾ ਨੰਦ ਜੀ

ਹਿੰਦੂਆਂ ਵਿਚ ਕੁਝ ਸਮੇਂ ਤੋਂ ਰਿਵਾਜ਼ ਹੀ ਹੋ ਗਿਆ ਹੈ ਜੋ ਇਸਤਰੀਆਂ ਦੀ ਨਿੰਦਾ ਹੀ ਕਰਦੇ ਰਹਿੰਦੇ ਹਨ। ਸ਼ਾਮੀ ਸ਼ੰਕਰਾਚਾਰਿਆ ਜੀ ਨੇ ਇਕ ਥਾਂ ਇਹ ਸਵਾਲ ਕਰਕੇ ਕਿ ਨਰਕ ਦਾ ਦਰਵਾਜ਼ਾ ਕਿਹੜਾ ਹੈ ਉੱਤਰ ਦਿੱਤਾ 'ਇਸਤਰੀ'। ਇਸੇ ਤਰ੍ਹਾਂ ਗੁਸਾਈਂ ਤੁਲਸੀ ਦਾਸ ਜੀ ਨੇ ਇਕ ਥਾਂ ਲਿਖਿਆ ਹੈ 'ਢੋਲ ਸਵਾਰ ਪਸ਼ੂ ਭ੍ਰਿਤ ਨਾਰੀ-ਪਾਚੋਂ ਤਾੜਨ ਕੇ ਅਧਿਕਾਰੀ।' ਸਨਾਤਨ ਧਰਮੀ ਇਸਤਰੀ ਤੇ ਸ਼ੂਦਰ ਨੂੰ ਬਰਾਬਰ ਸਮਝਦੇ ਹਨ। ਪਿਛਲੀ ਸਦੀ ਵਿਚ ਦੋ ਮਹਾਂਪੁਰਸ਼ ਅਜਿਹੇ ਹੋਏ ਹਨ, ਜਿਹਨਾਂ ਨੇ ਇਸ ਰੌਂਅ ਨੂੰ ਬਦਲ ਦਿੱਤਾ ਹੈ। ਉਹਨਾਂ ਮਹਾਂਪੁਰਸ਼ਾਂ ਦੇ ਨਾਉਂ ਸ਼੍ਰੀ ਸਤਿਗੁਰੂ ਰਾਮ ਸਿੰਘ ਅਤੇ ਗਿਆਨੀ ਦਿੱਤ ਸਿੰਘ ਜੀ ਹਨ।

## ਮਿਸਟਰ ਮੈਂ ਐਂਡਰੀਊ

'ਜਦ ਉਹ ਹਜਰੋਂ' ਦੇ ਬਾਬਾ ਬਾਲਕ ਸਿੰਘ ਦਾ ਚੇਲਾ ਬਣ ਕੇ ਡੇਰੇ ਦਾ ਮਾਲਕ ਬਣਿਆ ਤਦ ਉਹ ਬਾਬਾ ਰਾਮ ਸਿੰਘ ਜੀ। ਇਸ ਤੋਂ ਪਿੱਛੋਂ ਸਤਿਗੁਰੂ ਰਾਮ ਸਿੰਘ ਕਹਿਣ ਲੱਗੇ। ਉਪਰੰਤ ਉਸ ਨੂੰ ਗੁਰੂ ਰਾਮ ਸਿੰਘ ਦੇ ਨਾਮ ਨਾਲ ਯਾਦ ਕਰਦੇ ਸਨ, ਇਸ ਤੋਂ ਪਿੱਛੋਂ ਸਤਿਗੁਰੂ ਕਹਿਣ ਲੱਗੇ ਅਤੇ ਹੁਣ ਸਤਿਗੁਰੂ ਸੱਚਾ ਪਾਤਸ਼ਾਹ ਕਹਿ ਕੇ ਸਤਿਕਾਰਦੇ ਹਨ।

## ਪੰਡਿਤ ਸੁੰਦਰ ਲਾਲ ਜੀ (ਕਰਤਾ ਭਾਰਤ ਮੇਂ ਅੰਗਰੇਜ਼ੀ ਰਾਜ)

ਨਾਮਧਾਰੀ ਸੰਪਰਦਾਇ ਕਾਇਮ ਕਰਨ ਵਾਲੇ ਸਤਿਗੁਰੂ ਰਾਮ ਸਿੰਘ ਜੀ ਨੂੰ ਹੀ ਮੰਨਣਾ ਚਾਹੀਦਾ ਹੈ। ਉਹਨਾਂ ਦੇ ਉਪਦੇਸ਼ਾਂ ਵਿਚ ਧਰਮ ਤੇ ਰਾਜਨੀਤੀ ਦੋਵੇਂ ਮਿਲੇ ਹੋਏ ਸਨ। ਉਹਨਾਂ ਦੀ ਹਰ ਆਗਿਆ ਨੂੰ ਮੰਨਣਾ ਹਰ ਨਾਮਧਾਰੀ ਦਾ ਫ਼ਰਜ਼ ਹੈ। ਸਤਿਗੁਰੂ



Sri Satguru Jagjit Singh Ji eLibrary NamdhariElibrary@gmail.com

ਰਾਮ ਸਿੰਘ ਜੀ ਦੇ ਉਪਦੇਸ਼ਾਂ ਵਿੱਚ ਅੰਗਰੇਜ਼ੀ ਸਰਕਾਰ ਉਸ ਦੀਆਂ ਨੌਕਰੀਆਂ, ਅਦਾਲਤਾਂ, ਸਕੂਲਾਂ ਆਦਿ ਦਾ ਉਸ ਤਰ੍ਹਾਂ ਬਾਈਕਾਟ ਮਿਲਦਾ ਹੈ ਜਿਸ ਤਰ੍ਹਾਂ ਸੰਨ 1847 ਅਤੇ ਉਸਦੇ ਪਿੱਛੋਂ ਦੇ ਅਕਸਰ ਮੁਸਲਮਾਨ ਮੌਲਵੀਆਂ ਦੇ ਫ਼ਤਵਿਆਂ ਵਿਚ ਪਤਾ ਲਗਦਾ ਹੈ ਕਿ ਪੰਜਾਬ ਦੇ ਲੋਕਾਂ ਤੇ ਉਹਨਾਂ ਦਾ ਖਾਸਾ ਅਸਰ ਪਿਆ।

## ਸ੍ਰੀ ਸੁਭਾਸ਼ ਚੰਦਰ ਬੋਸ

ਸਤਿਗੁਰੂ ਰਾਮ ਸਿੰਘ ਜੀ ਦੇ ਝੁਲਾਏ ਆਜ਼ਾਦੀ ਦੇ ਝੰਡੇ ਹੇਠ ਨਾਮਧਾਰੀਆਂ ਨੇ ਜੋ ਕੁਰਬਾਨੀਆਂ ਕੀਤੀਆਂ ਹਨ, ਉਹਨਾਂ ਤੇ ਦੇਸ਼ ਨੂੰ ਸਦਾ ਮਾਣ ਰਹੇਗਾ। ਹੁਣ ਫੇਰ ਭਾਰਤ ਵਾਸੀਆਂ ਦੀ ਦੇਸ਼ ਪ੍ਰੇਮ ਦੀ ਪ੍ਰੀਖਿਆ ਹੋਣ ਵਾਲੀ ਹੈ। ਪੌਣੀ ਸਦੀ ਤੋਂ ਸ਼ਾਂਤਮਈ ਅਸਰਯੋਗ ਅੰਦੋਲਨ ਦਾ ਅਨੁਭਵ ਰੱਖਣ ਵਾਲੇ ਨਾਮਧਾਰੀ ਸਿੱਖਾਂ ਤੋਂ ਇਹ ਆਸ ਹੋਵੇਗੀ ਹੀ ਕਿ ਉਹ ਆਜ਼ਾਦੀ ਦਾ ਝੰਡਾ ਉਠਾ ਕੇ ਸਾਰੇ ਦੇਸ਼ ਦੇ ਅੱਗੇ ਚੱਲਦੇ ਦਿਸਣ ਤੇ ਦੂਸਰੇ ਦੇਸ਼ ਵਾਸੀਆਂ ਨੂੰ ਵੀ ਕੁਰਬਾਨੀ ਲਈ ਉਤਸ਼ਾਹਿਤ ਕਰਨ।

## ਕਾਮਰੇਡ ਸੋਹਣ ਸਿੰਘ ਜੋਸ਼

ਸੰਨ 1946-47 ਦੇ ਹਿੰਦੂ-ਮੁਸਲਿਮ ਫ਼ਸਾਦਾਂ ਦੇ ਦਿਨ ਮੈਨੂੰ ਕਦੇ ਦਿਨ ਨਹੀਂ ਭੁੱਲ ਸਕਦੇ। ਉਹਨਾਂ ਦਿਨਾਂ ਵਿੱਚ ਜਾਂ ਮਹਾਰਾਜਾ ਪ੍ਰਤਾਪ ਸਿੰਘ ਜੀ ਦੀ ਅਗਵਾਈ ਵਿਚ ਕੂਕੇ ਸਨ ਜਾਂ ਕਮਿਊਨਿਸਟ ਜਿਹਨਾਂ ਨੇ ਆਪਣੇ ਸਿਰਾਂ ਉੱਤੇ ਫ਼ਿਰਕੂ ਭੂਤਾਂ ਨੂੰ ਸਵਾਰ ਨਹੀਂ ਹੋਣ ਦਿੱਤਾ। ਉਹ ਸਭ ਇਹਨਾਂ ਫ਼ਸਾਦਾਂ ਨੂੰ ਅੱਗੇ ਹੋ ਕੇ ਰੋਕਣ ਲਈ ਛਾਤੀਆਂ ਤਾਣ ਕੇ ਖੜ੍ਹੇ ਹੋ ਗਏ। ਮਹਾਰਾਜਾ ਜੀ ਦੀ ਇਸ ਅਸੂਲ ਪ੍ਰਸਤੀ ਉੱਤੇ ਜਿਹਨਾਂ ਵੀ ਪੰਜਾਬੀ ਮਾਣ ਕਰਨ ਥੋੜ੍ਹਾ ਹੈ।

## ਫ਼ਾਦਰ ਆਫ ਦੀ ਨੇਸ਼ਨ

'ਗੁਰਦੁਆਰਾ ਗਜ਼ਟ' ਦੇ ਅਨੁਸਾਰ ਭਾਰਤ ਦੀ ਆਜ਼ਾਦੀ ਦੇ ਸੰਗਰਾਮ ਦੀ ਸਾਰੇ ਸੰਸਾਰ ਵਿਚ ਸਰਕਾਰੀ ਪੱਧਰ 'ਤੇ ਜੋ ਪਬਲੀਸਿਟੀ ਵੀ ਕੀਤੀ ਜਾਵੇ ਉਸ ਵਿਚ ਇਹ ਠੋਕ ਵਜਾ ਕੇ ਦੱਸਿਆ ਜਾਵੇ ਕਿ ਦੇਸ਼ ਦੀ ਆਜ਼ਾਦੀ ਦੀ ਬੁਨਿਆਦ ਰੱਖਣ ਵਾਲੇ ਸਤਿਗੁਰੂ ਰਾਮ ਸਿੰਘ ਜੀ ਸਨ ਜਿਹਨਾਂ ਕਾਂਗਰਸ ਦੇ ਜਨਮ ਤੋਂ ਵੀ ਬਹੁਤ ਪਹਿਲਾਂ ਜਾਬਰ ਅੰਗਰੇਜ਼ ਸਰਕਾਰ ਨਾਲ ਲੋਹਾ ਲਿਆ। ਸ਼ਾਂਤਮਈ ਸ਼ਾਨਦਾਰ ਜੰਗ ਲੜੀ। ਅੰਗਰੇਜ਼ ਵਿਰੁੱਧ ਨਾ-ਮਿਲਵਰਤਣ ਦੀ ਲਹਿਰ ਚਲਾਈ। ਸਰਕਾਰੀ ਡਾਕਖ਼ਾਨਿਆਂ ਦਾ ਰੇਲਾਂ ਅਤੇ ਹੋਰ ਸਰਕਾਰੀ ਦਫ਼ਤਰਾਂ ਦਾ ਬਾਈਕਾਟ ਕੀਤਾ। ਸੁਦੇਸ਼ੀ ਲਹਿਰ ਦੇ ਵੀ ਬਾਨੀ ਸਤਿਗੁਰੂ ਰਾਮ ਸਿੰਘ ਜੀ ਹੀ ਸਨ ਅਤੇ ਜੋ ਜਲਾਵਤਨ ਕੀਤੇ ਗਏ। ਪਹਿਲੇ ਸਿਆਸੀ ਆਗੂ ਰਾਮ ਸਿੰਘ ਜੇ ਸਾਡੇ ਦੇਸ਼ ਵਿੱਚ ਤੰਗ ਨਜ਼ਰੀਆ ਨਾ ਹੁੰਦਾ ਅੱਜ ਆਪ ਫ਼ਾਦਰ ਆਫ ਦੀ ਨੇਸ਼ਨ ਕਰਕੇ ਪੂਜੇ ਜਾਂਦੇ।



Sri Satguru Jagjit Singh Ji eLibrary NamdhariElibrary@gmail.com

## ਹਵਾਲਾ ਪੁਸਤਕ ਸੂਚੀ

ਇਹ ਪੁਸਤਕ ਮੈਂ ਵੱਖ-ਵੱਖ ਅਖ਼ਬਾਰਾਂ, ਰਸਾਲਿਆਂ ਦੇ ਲੇਖ ਦੇ ਅਧਾਰ 'ਤੇ ਤਿਆਰ ਕੀਤੀ ਹੈ। ਜਿੱਥੋਂ ਵੀ ਮੈਨੂੰ ਨਾਮਧਾਰੀ ਜਾਂ ਸੰਸਥਾ ਨੂੰ ਚਲਾਉਣ ਵਾਲੀਆਂ ਸ਼ਖਸੀਅਤਾਂ ਬਾਰੇ ਕੁਝ ਜਾਣਕਾਰੀ ਮਿਲੀ, ਮੈਂ ਸਾਂਭ ਕੇ ਰੱਖੀ ਅਤੇ ਇਸ ਪੁਸਤਕ ਵਿੱਚ ਉਹਨਾਂ ਦਾ ਹਵਾਲਾ ਦਿੱਤਾ। ਇਸ ਨਾਲ ਸੰਬੰਧਤ ਅਖ਼ਬਾਰਾਂ, ਰਸਾਲਿਆਂ, ਪੁਸਤਕਾਂ ਤੇ ਲੇਖਾਂ ਦੀ

ਸੂਚੀ :-


1. ਜਨ ਸਾਹਿਤ, ਮਈ-ਜੂਨ-ਜੁਲਾਈ 2009 ਦੇ ਪੰਨਾ 79 ਡਾ: ਸ਼ਰਨਜੀਤ ਕੌਰ ਦੇ ਵਿਚਾਰ।
2. ਡਾ. ਹਰਵਿੰਦਰ ਸਿੰਘ 'ਭੱਦੀ' ਦੇ ਲੇਖ ਵਿਚ ਜਨ ਸਾਹਿਤ ਦੇ ਪੰਨਾ 13 ਉੱਤੇ ਅੰਕਿਤ ਹੈ।
3. ਡਾ. ਹਰਵਿੰਦਰ ਸਿੰਘ 'ਭੱਦੀ' ਦੇ ਲੇਖ ਦੇ ਵਿਚਾਰ ਜਨ ਸਾਹਿਤ ਦੇ ਪੰਨਾ 13 'ਤੇ।
4. ਰਘਵੀਰ ਸਿੰਘ ਭਰਤ ਦੇ ਵਿਚਾਰ ਪੰਨਾ 106 ਉੱਤੇ।
5. ਖ਼ਾਲਸਾ ਅਖ਼ਬਾਰ ਲਾਹੌਰ ਦੇ ਵਿੱਚ।
6. ਬਸੰਤ ਅੰਕ 1996 ਸਤਯੁੱਗ ਵਿੱਚੋਂ ਸ਼ਰਨਜੀਤ ਕੌਰ ਦੇ ਵਿਚਾਰ।
7. ਸਪਤ-ਸ੍ਰਿੰਗ ਵਿੱਚੋਂ।
8. ਦਲੀਪ ਸਿੰਘ ਨਾਮਧਾਰੀ ਦੇ ਵਿਚਾਰ।
9. ਲਖਵੀਰ ਸਿੰਘ ਨਾਮਧਾਰੀ ਦੇ ਵਿਚਾਰ।
10. ਡਾ. ਸੁਖਪ੍ਰੀਤ ਸਿੰਘ।
11. ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ।
12. ਸੁਖਦੇਵ ਮਾਦਪੁਰੀ ਦੇ ਵਿਚਾਰ।
13. ਅਸ਼ੋਕ ਜੋਸ਼ੀ, ਪੰਜਾਬੀ ਟ੍ਰਿਬਿਊਨ (16 ਜਨਵਰੀ 2001)।
14. ਵਿਰਸਾ ਅਖ਼ਬਾਰ (17 ਫਰਵਰੀ 2002) ਬਹੁਤੇ ਲੇਖ ਇਸ ਵਿੱਚੋਂ। ਆਦਿ।





Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com



ਗੁਰਨਾਮ ਸਿੰਘ 'ਬਿਜਲੀ'

## ਲੇਖਕ ਦੀਆਂ ਹੋਰ ਪੁਸਤਕਾਂ

| | | |
|---|---|---|
| ◆ ਬਸਤੀਆਂ ਦੀਆਂ ਅਵਾਜ਼ਾਂ | (ਕਾਵਿ ਸੰਗ੍ਰਹਿ) | 1996 |
| ◆ ਮਹਿਕਾਂ ਸੰਦਲੀ | (ਗੀਤ ਸੰਗ੍ਰਹਿ) | 1999 |
| ◆ ਖੁਸ਼ਬੂ | (ਬਾਲ ਰਚਨਾਵਾਂ) | 2000 |
| ◆ ਜੀਵਨੀ ਗਿਆਨੀ ਦਿੱਤ ਸਿੰਘ | (ਵਾਰਤਿਕ) | 2001 |
| ◆ ਮਸਤਕ ਲੋਅ | (ਕਾਵਿ ਸੰਗ੍ਰਹਿ) | 2006 |
| ◆ ਗਹਿਰਾਈਆਂ ਚਾਨਣੀਆਂ | (ਗ਼ਜ਼ਲ ਸੰਗ੍ਰਹਿ) | 2010 |
| ◆ ਤੇਰੇ ਲਈ | (ਗੀਤ ਸੰਗ੍ਰਹਿ) | 2011 |
| ◆ ਇਹ ਕੌਣ ਨੇ | (ਕਾਵਿ ਸੰਗ੍ਰਹਿ) | 2013 |
| ◆ ਦੋ ਪੱਤੇ ਇੱਕ ਟਾਹਣੀ | (ਜੀਵਨੀਆਂ) | 2014 |
| ◆ ਤਲਖ਼ੀਆਂ ਵਿੱਚੋਂ ਉਗਦਾ ਸੂਰਜ | (ਕਾਵਿ ਸੰਗ੍ਰਹਿ) | 2018 |
| ◆ ਚਾਨਣ ਦੇ ਦੀਪ | (ਗੀਤ ਸੰਗ੍ਰਹਿ) | 2019 |
| ◆ ਮਹਿਕਦਾ ਗੁਲਦਸਤਾ | (ਜੀਵਨੀਆਂ) | 2020 |

Published By:
GOSYIAN PUBLICATION
6-B, Preet Nagar, Patiala- 147 001
Mobile: 98767-98233

Price: ₹ 150-00
ISBN: 978-81-937629-6-7
9 788193 762967

Sri Satguru Jagjit Singh Ji eLibrary NamdhariElibrary@gmail.com